ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK
sadelok.com

4-10 ਨਵੰਬਰ 2026

ਸਾਲ 17ਵਾਂ - ਅੰਕ 45
email : info@sadelok.com
510-706-1300



(ਵਿਸ਼ੇਸ਼ ਅੰਕ ਅੰਦਰ ਪੜ੍ਹੋ)

ਆਪ ਅਤੇ ਆਪ ਜੀ ਦੇ ਪਰਿਵਾਰ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
ਇਹ ਰੌਸ਼ਨੀ ਭਰਿਆ ਤਿਉਹਾਰ ਤੁਹਾਡੀ ਜ਼ਿੰਦਗੀ ਵਿਚ ਖੁਸ਼ੀਆਂ ਨਾਲ ਭਰੀ ਰੌਸ਼ਨੀ ਲਿਆਵੇ

ਬਹੁਮਤ ਤੋਂ ਦੂਰ ਬੈਂਜਾਮਿਨ ਨੇਤਨਯਾਹੂ ਵੱਲੋਂ 'ਚੋਣਾਂ ਚੋਰੀ' ਦਾ ਰੌਲਾ



ਅਰਬ ਦੀ ਅਗਵਾਈ ਵਾਲੀਆਂ ਪਾਰਟੀਆਂ 'ਤੇ ਚੋਣਾਂ 'ਚ ਹੇਰਾਫੇਰੀ ਦੇ ਦੋਸ਼ ਲਾਏ

ਤਲ ਅਵੀਵ : ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਰਬ ਭਾਈਚਾਰੇ ਦੀ ਅਗਵਾਈ ਵਾਲੀਆਂ ਪਾਰਟੀਆਂ 'ਤੇ ਚੋਣਾਂ 'ਚ ਹੇਰਾਫੇਰੀ ਕਰਨ ਦੇ ਦੋਸ਼ ਲਾਉਣੇ ਹੋਰ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਬਾਹਰੀ ਦਖ਼ਲ ਦੇ ਖ਼ਦਸ਼ੇ ਨੂੰ 'ਵੱਡਾ ਝਟਕਾ' ਕਰਾਰ ਦਿੱਤਾ

(ਬਾਕੀ ਸਫ਼ਾ 18 'ਤੇ)

ਕੈਨੇਡਾ ਦੇ ਸਿੱਖ ਨੌਜਵਾਨ ਸਰਬਰਾਜ ਸਿੰਘ ਕਾਹਲੋਂ ਨੇ ਮੀਡੀਆ ਖੇਤਰ ਵਿੱਚ ਉੱਚ ਪੱਧਰੀ 'ਵੈਬਸਟਰ ਐਵਾਰਡ' ਜਿੱਤਿਆ

ਕਾਹਲੋਂ ਦੀ ਰਿਪੋਰਟ ਨੇ ਸਥਾਨਕ ਸਰਕਾਰ ਨੂੰ ਨੀਤੀ ਬਦਲਣ ਲਈ ਕੀਤਾ ਸੀ ਮਜਬੂਰ



ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ ਦੇ ਹੋਣਹਾਰ ਮੈਂਬਰ ਅਤੇ ਓਮਨੀ ਟੈਲੀਵਿਜ਼ਨ ਦੇ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਨੇ ਕੈਨੇਡਾ ਦੇ

(ਬਾਕੀ ਸਫ਼ਾ 28 'ਤੇ)

ਯੂਬਾ ਸਿਟੀ 'ਚ ਉਮੜਿਆ ਸ਼ਰਧਾ ਦਾ ਅਥਾਹ ਸਮੁੰਦਰ

ਖ਼ਾਲਸਾਈ ਜਾਹੋ-ਜਲਾਲ ਨਾਲ 47ਵਾਂ ਮਹਾਨ ਨਗਰ ਕੀਰਤਨ ਸੰਪੰਨ

ਅਮਨ-ਸ਼ਾਂਤੀ, ਅਤੁੱਟ ਲੰਗਰਾਂ ਅਤੇ ਨਿਸ਼ਕਾਮ ਸੇਵਾ ਨੇ ਸਿਰਜਿਆ ਇਤਿਹਾਸ




(ਦੇਖੋ ਸਫ਼ਾ 32 'ਤੇ)

ਅਮਰੀਕਾ ਵਿਚ ਮੱਧਕਾਲੀ ਚੋਣਾਂ ਦੌਰਾਨ ਵੱਡਾ ਉਲਟਫੇਰ

ਡੈਮੋਕ੍ਰੇਟਿਕ ਪਾਰਟੀ ਨੇ ਵੱਡੀ ਜਿੱਤ ਹਾਸਲ ਕਰਦਿਆਂ ਅਮਰੀਕੀ ਕਾਂਗਰਸ ਦੇ ਦੋਹਾਂ ਸਦਨਾਂ ਦਾ ਮੁਕੰਮਲ ਕੰਟਰੋਲ ਕੀਤਾ ਹਾਸਲ



ਮੈਂ ਡੈਮੋਕ੍ਰੈਟਾਂ ਨਾਲ ਮਿਲ ਕੇ ਚੱਲਾਂਗਾ : ਟਰੰਪ



ਵਾਸ਼ਿੰਗਟਨ : ਅਮਰੀਕਾ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਵੋਟਰਾਂ ਨੇ ਸੱਤਾਧਾਰੀ ਰਿਪਬਲਿਕਨ ਪਾਰਟੀ ਨੂੰ ਕਰਾਰੀ ਹਾਰ ਦਿੰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਧਿਕਾਰਾਂ 'ਤੇ ਵੱਡੀ ਬ੍ਰੇਕ ਲਗਾ ਦਿੱਤੀ ਹੈ। ਵੋਟਰਾਂ ਦੇ ਇਸ ਫਤਵੇ ਨੇ ਸਿਆਸੀ ਗਲਿਆਰਿਆਂ ਵਿੱਚ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਜਨਤਾ ਵੱਲੋਂ ਦਿੱਤੀ ਗਈ ਸੱਤਾ ਮਨਮਰਜ਼ੀਆਂ ਕਰਨ ਲਈ ਨਹੀਂ, ਸਗੋਂ ਲੋਕ ਹਿੱਤਾਂ ਦੀ ਪਹਿਰੇਦਾਰੀ ਲਈ ਹੁੰਦੀ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿੱਚ ਡੈਮੋਕਰੇਟਿਕ ਪਾਰਟੀ ਨੇ ਜ਼ਬਰਦਸਤ ਵਾਪਸੀ ਕਰਦਿਆਂ 435 ਮੈਂਬਰੀ

(ਦੇਖੋ ਸਫ਼ਾ 20 'ਤੇ)

ਕੈਲੀਫੋਰਨੀਆ ਦੇ 41ਵੇਂ ਗਵਰਨਰ ਚੁਣੇ ਗਏ ਜ਼ੇਵੀਅਰ ਬੇਸੇਰਾ

ਸੈਕਰਾਮੈਂਟੋ (ਕੈਲੀਫੋਰਨੀਆ) : 3 ਨਵੰਬਰ 2026 ਨੂੰ ਹੋਈਆਂ ਗਵਰਨਰ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੇਵੀਅਰ ਬੇਸੇਰਾ (Xavier Becerra) ਨੇ ਰਿਪਬਲਿਕਨ ਉਮੀਦਵਾਰ ਸਟੀਵ ਹਿਲਟਨ (Steve Hilton) ਨੂੰ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਆਪਣੀ ਜਿੱਤ ਤੋਂ ਬਾਅਦ ਦਿੱਤੇ ਗਏ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਬੇਸੇਰਾ ਨੇ ਸੂਬੇ ਦੇ ਇਮੀਗ੍ਰੈਂਟ ਭਾਈਚਾਰੇ, ਕਿਫਾਇਤੀ ਜੀਵਨ ਪੱਧਰ ਅਤੇ ਨਾਗਰਿਕ ਹੱਕਾਂ ਦੀ ਰਾਖੀ ਨੂੰ ਲੈ ਕੇ ਸਖ਼ਤ ਅਤੇ ਦ੍ਰਿੜ੍ਹ ਰੁਖ਼ ਜ਼ਾਹਿਰ ਕੀਤਾ।



ਜਿੱਤ ਦੇ ਭਾਸ਼ਣ 'ਚ ਇਮੀਗ੍ਰੈਂਟ ਹੱਕਾਂ ਅਤੇ ਸੰਵਿਧਾਨਕ ਸੁਰੱਖਿਆ ਨੂੰ ਲੈ ਕੇ ਵੱਡਾ ਐਲਾਨ

'ਕੈਲੀਫੋਰਨੀਆ ਦਾ ਸੁਪਨਾ ਅਣ-ਡਿਪੋਰਟੇਬਲ ਹੈ' ਫੈਡਰਲ ਪੱਧਰ ਦੀਆਂ ਦੇਸ਼ ਨਿਕਾਲਾ

(ਦੇਖੋ ਸਫ਼ਾ 28 'ਤੇ)

ਲੱਖਾ ਸਿਧਾਣਾ ਤੇ ਮੋਹਨਜੀਤ ਸ਼ੇਰੋਂ ਜੇਲ੍ਹ ਤੋਂ ਹੋਏ ਰਿਹਾਅ



ਪਟਿਆਲਾ: ਮਾਨਸਾ ਦੀ ਅਦਾਲਤ ਦੇ ਹੁਕਮਾਂ ਮਗਰੋਂ ਲੱਖਾ ਸਿੰਘ ਸਿਧਾਣਾ ਤੇ ਮੋਹਨਜੀਤ ਸਿੰਘ ਸ਼ੇਰੋਂ ਨਾਭਾ ਜੇਲ੍ਹ ਤੋਂ ਰਿਹਾਅ ਹੋ ਗਏ ਹਨ। ਇਸ ਮੌਕੇ ਉਨ੍ਹਾਂ ਦੇ ਸਮਰਥਕ ਉਨ੍ਹਾਂ ਦਾ ਸਵਾਗਤ ਕਰਨ ਲਈ

(ਦੇਖੋ ਸਫ਼ਾ 18 'ਤੇ)

Bhatia & Co, Inc
Certified Public Accountants
Our Services : AICPA
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and; Other Categories of nonimmigrant visas
Other Immigration Services: Citizenship; e-Verify,1-9 and; Other Compliance; Other service -B-1/B-2 Visitor Visaextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਕਰਨਾਟਕ ਦੇ ਜਵਾਈ ਹਨ ਅਬਦੁਲ ਅਲ-ਸਈਦ, ਬਣੇ ਅਮਰੀਕਾ ਦੇ ਪਹਿਲੇ ਮੁਸਲਿਮ ਸੀਨੇਟਰ



ਵਾਸ਼ਿੰਗਟਨ : ਅਮਰੀਕੀ ਮਿਡਟਰਮ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਅਬਦੁਲ ਅਲ-ਸਈਦ ਨੇ ਮਿਸ਼ੀਗਨ ਤੋਂ ਸੀਨੇਟ ਸੀਟ ਜਿੱਤ ਕੇ ਅਮਰੀਕੀ ਇਤਿਹਾਸ ਵਿੱਚ ਪਹਿਲੇ ਮੁਸਲਿਮ ਸੀਨੇਟਰ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਇਤਿਹਾਸਕ ਜਿੱਤ ਦੇ ਨਾਲ ਹੀ ਅਬਦੁਲ ਅਲ-ਸਈਦ ਦਾ ਭਾਰਤ, ਖ਼ਾਸ ਕਰਕੇ ਕਰਨਾਟਕ ਨਾਲ ਡੂੰਘਾ ਸਬੰਧ ਸਾਹਮਣੇ ਆਇਆ ਹੈ।

ਅਬਦੁਲ ਅਲ-ਸਈਦ ਦਾ ਵਿਆਹ ਕਰਨਾਟਕ ਦੇ ਉੱਤਰ ਕੰਨੜ ਜ਼ਿਲ੍ਹੇ ਦੇ ਭਟਕਲ ਸ਼ਹਿਰ ਨਾਲ ਸਬੰਧਤ ਡਾ. ਸਾਰਾ ਜੁਕਾਕੂ ਨਾਲ ਹੋਇਆ ਹੈ। ਡਾ. ਸਾਰਾ ਦੇ ਪਿਤਾ ਡਾ. ਜੁਕਾਕੂ ਐੱਸ. ਤਈਅਬ ਨੇ 1976 ਵਿੱਚ ਬੈਂਗਲੁਰੂ ਮੈਡੀਕਲ ਕਾਲਜ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਅਤੇ 1980 ਦੇ ਦਹਾਕੇ ਵਿੱਚ ਅਮਰੀਕਾ ਦੇ ਮਿਸ਼ੀਗਨ ਵਿੱਚ ਗੁਰਦੇ ਦੇ ਰੋਗਾਂ ਦੇ ਮਾਹਿਰ (ਕਿਡਨੀ ਸਪੈਸ਼ਲਿਸਟ) ਵਜੋਂ ਵੱਸ ਗਏ ਸਨ। ਡਾ. ਸਾਰਾ ਦਾ ਜਨਮ ਅਤੇ ਪਾਲਣ-ਪੋਸ਼ਣ ਅਮਰੀਕਾ ਵਿੱਚ ਹੀ ਹੋਇਆ ਹੈ।

ਡਾ. ਸਾਰਾ ਦੇ ਦਾਦਾ ਜੇ.ਐੱਚ. ਸ਼ਮਸੁੱਦੀਨ ਜੁਕਾਕੂ ਇੱਕ ਜਾਣੇ-ਪਛਾਣੇ ਵਕੀਲ, ਸਿੱਖਿਆ ਸ਼ਾਸਤਰੀ ਅਤੇ ਰਾਜਨੇਤਾ ਸਨ। ਉਨ੍ਹਾਂ ਨੇ 1950 ਦੇ ਦਹਾਕੇ ਵਿੱਚ ਤਤਕਾਲੀ ਮੈਸੂਰ ਰਾਜ (ਹੁਣ ਕਰਨਾਟਕ) ਦੀ ਸਰਕਾਰ ਵਿੱਚ ਉੱਪ ਵਿੱਤ ਮੰਤਰੀ ਵਜੋਂ ਸੇਵਾ ਨਿਭਾਈ ਸੀ। ਉਨ੍ਹਾਂ ਨੇ ਭਟਕਲ ਦੇ ਵਿਕਾਸ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਸੀ।

ਸਾਰਾ ਅਤੇ ਅਬਦੁਲ ਦੀ ਮੁਲਾਕਾਤ ਯੂਨੀਵਰਸਿਟੀ ਆਫ਼ ਮਿਸ਼ੀਗਨ ਵਿੱਚ ਪੜ੍ਹਾਈ ਦੌਰਾਨ ਹੋਈ ਸੀ, ਜਿੱਥੇ ਦੋਵੇਂ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ' ਨਾਲ ਜੁੜੇ ਹੋਏ ਸਨ। ਮਈ 2006 ਵਿੱਚ ਦੋਹਾਂ ਦਾ ਵਿਆਹ ਹੋਇਆ। ਡਾ. ਸਾਰਾ ਨੇ ਆਕਸਫੋਰਡ ਯੂਨੀਵਰਸਿਟੀ ਅਤੇ ਕੋਲੰਬੀਆ ਯੂਨੀਵਰਸਿਟੀ ਤੋਂ ਮੈਡੀਕਲ ਦੀ ਪੜ੍ਹਾਈ ਕੀਤੀ ਅਤੇ ਹੁਣ ਮਨੋਵਿਗਿਆਨ (ਸਾਈਕਾਇਟਰੀ) ਦੇ ਖੇਤਰ ਵਿੱਚ ਕਾਰਜਸ਼ੀਲ ਹਨ। ਅਬਦੁਲ ਅਲ-ਸਈਦ ਨੇ ਆਪਣੇ ਇੱਕ ਇੰਟਰਵਿਊ ਦੌਰਾਨ ਹਲਕੇ-ਫੁਲਕੇ ਅੰਦਾਜ਼ ਵਿੱਚ ਕਿਹਾ ਸੀ ਕਿ ਦੱਖਣੀ ਭਾਰਤੀ ਪਰਿਵਾਰ ਵਿੱਚ ਵਿਆਹ ਤੋਂ ਬਾਅਦ ਉਹ ਅਰਬ ਨਾਲੋਂ ਜ਼ਿਆਦਾ ਭਾਰਤੀ 'ਦੇਸੀ' ਬਣ ਚੁੱਕੇ ਹਨ।

ਕਰਨਾਟਕ ਦੇ ਕਾਂਗਰਸੀ ਨੇਤਾ ਦਿਨੇਸ਼ ਗੁੰਡੂ ਰਾਓ ਨੇ ਇਸ ਜੋੜੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਮਰੀਕੀ ਸੀਨੇਟ ਨਾਲ ਹੁਣ ਕਰਨਾਟਕ ਦਾ ਸਬੰਧ ਜੁੜ ਗਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵੱਖ-ਵੱਖ ਸੰਸਕ੍ਰਿਤੀਆਂ ਦਾ ਇੱਕ ਸ਼ਾਨਦਾਰ ਸੰਗਮ ਹੈ।

ਅਮਰੀਕਾ 'ਚ ਸਿੱਖ ਨੌਜਵਾਨ ਜੋਤ ਸਿੰਘ ਨੇ ਰਚਿਆ ਇਤਿਹਾਸ; ਜਾਰਜੀਆ ਹਾਊਸ ਦੀ ਸੀਟ ਜਿੱਤੀ

ਜਾਰਜੀਆ ਅਸੈਂਬਲੀ 'ਚ ਪਹੁੰਚਣ ਵਾਲੇ ਪਹਿਲੇ ਸਿੱਖ ਅਤੇ ਭਾਰਤੀ-ਅਮਰੀਕੀ ਬਣੇ ਯੇਲ ਯੂਨੀਵਰਸਿਟੀ ਦੇ ਵਿਦਿਆਰਥੀ

ਵਾਸ਼ਿੰਗਟਨ : ਅਮਰੀਕਾ ਵਿੱਚ 27 ਸਾਲਾ ਸਿੱਖ ਨੌਜਵਾਨ ਜੋਤ ਸਿੰਘ ਨੇ ਵੱਡੀ ਪ੍ਰਾਪਤੀ ਹਾਸਲ ਕਰਦਿਆਂ ਇਤਿਹਾਸ ਰਚ ਦਿੱਤਾ ਹੈ। ਯੇਲ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਵਾਲੇ ਜੋਤ ਸਿੰਘ ਜਾਰਜੀਆ ਸਟੇਟ ਅਸੈਂਬਲੀ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਅਤੇ ਭਾਰਤੀ ਮੂਲ ਦੇ ਅਮਰੀਕੀ ਬਣ ਗਏ ਹਨ।

ਡੈਮੋਕ੍ਰੇਟਿਕ ਪਾਰਟੀ ਵੱਲੋਂ ਚੋਣ ਲੜਦਿਆਂ ਜੋਤ ਸਿੰਘ ਨੇ 3 ਨਵੰਬਰ ਨੂੰ ਡਿਸਟ੍ਰਿਕਟ 97 ਤੋਂ ਰਿਪਬਲਿਕਨ ਉਮੀਦਵਾਰ ਯਾਸੀਨ ਮੋਗਾਜ਼ੀ ਨੂੰ ਹਰਾ ਕੇ ਜਾਰਜੀਆ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਦੀ ਸੀਟ 'ਤੇ ਕਬਜ਼ਾ ਕੀਤਾ ਹੈ। ਉਨ੍ਹਾਂ ਦੇ ਚੋਣ ਹਲਕੇ ਵਿੱਚ ਡੂਲੂਥ, ਪੀਚਟ ਗੀ ਕਾਰਨਰਜ਼, ਨੋਰਕਰਾਸ ਅਤੇ ਗਵਿਨੇਟ ਕਾਊਂਟੀ ਦੀ ਬਰਕਲੇ ਲੇਕ ਦੇ ਇਲਾਕੇ ਆਉਂਦੇ ਹਨ।

ਭਾਰਤ ਤੋਂ ਅਮਰੀਕਾ ਗਏ ਸਿੱਖ ਪਰਵਾਸੀਆਂ ਦੇ ਘਰ ਜਨਮੇ ਜੋਤ ਸਿੰਘ ਨੇ ਬਚਪਨ ਵਿੱਚ



ਕਾਫੀ ਸੰਘਰਸ਼ ਕੀਤਾ ਹੈ। ਉਹ ਨੋਰਕਰਾਸ ਵਿੱਚ ਇੱਕ ਸਧਾਰਨ ਕਾਮੇ ਪਰਿਵਾਰ ਵਿੱਚ ਪਲੇ-ਵੱਡੇ ਹੋਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਬੇਸਮੈਂਟ ਵਾਲੇ ਘਰਾਂ ਵਿੱਚ ਵੀ ਰਿਹਾ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਦਾ ਸਹਾਰਾ ਬਣਨ ਲਈ ਮਹਿਜ਼ 15 ਸਾਲ ਦੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਜੋਤ ਸਿੰਘ ਨੇ ਗਵਿਨੇਟ ਸਕੂਲ ਆਫ਼ ਮੈਥੇਮੈਟਿਕਸ, ਸਾਇੰਸ ਐਂਡ ਟੈਕਨਾਲੋਜੀ ਤੋਂ ਮੁੱਢਲੀ ਸਿੱਖਿਆ ਲੈਣ ਮਗਰੋਂ 2021 ਵਿੱਚ ਯੇਲ ਯੂਨੀਵਰਸਿਟੀ ਤੋਂ ਗਲੋਬਲ ਅਫੇਅਰਜ਼ ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਨੇ 'ਬਲੂ ਹਸਕੀ ਗਰੁੱਪ' ਨਾਂ ਦੀ ਸਲਾਹਕਾਰ ਕੰਪਨੀ ਬਣਾਈ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ। ਚੋਣਾਂ ਵਿੱਚ ਉਨ੍ਹਾਂ ਦਾ ਮੁੱਖ ਏਜੰਡਾ ਸਸਤੇ ਮਕਾਨ, ਵਧੀਆ ਸਿਹਤ ਸਹੂਲਤਾਂ, ਸਰਕਾਰੀ ਸਿੱਖਿਆ, ਪਰਵਾਸੀਆਂ ਦੇ ਹੱਕ ਅਤੇ ਆਮ ਲੋਕਾਂ ਦੀਆਂ ਆਰਥਿਕ ਮੁਸ਼ਕਲਾਂ ਹੱਲ ਕਰਨਾ ਰਿਹਾ ਹੈ।

ਉਨ੍ਹਾਂ ਦੀ ਇਹ ਜਿੱਤ ਅਮਰੀਕਾ ਦੀ ਰਾਜਨੀਤੀ ਵਿੱਚ ਸਿੱਖਾਂ ਅਤੇ ਭਾਰਤੀ ਭਾਈਚਾਰੇ ਦੀ ਵਧਦੀ ਤਾਕਤ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਚੋਣ ਮੁਹਿੰਮ ਨੂੰ ਭਾਈਚਾਰੇ ਦੀਆਂ ਜਥੇਬੰਦੀਆਂ ਅਤੇ ਅਮਰੀਕੀ ਸੰਸਦ ਮੈਂਬਰ ਰੋਅ ਖੰਨਾ ਸਮੇਤ ਕਈ ਭਾਰਤੀ-ਅਮਰੀਕੀ ਆਗੂਆਂ ਦਾ ਸਾਥ ਮਿਲਿਆ। ਇਸ ਚੋਣ ਨੂੰ ਅਮਰੀਕਾ ਦੀ ਰਾਜਨੀਤੀ ਵਿੱਚ ਪਰਵਾਸੀਆਂ ਦੀ ਨੁਮਾਇੰਦਗੀ ਪੱਖੋਂ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਜੋਤ ਸਿੰਘ ਦੀ ਚੋਣ ਮੁਹਿੰਮ ਦੌਰਾਨ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜਦੇ ਰਹੇ। ਜਿੱਤ ਮਗਰੋਂ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ, 'ਅਖੀਰ ਮੈਂ ਆਪਣੀ ਜਾਣ-ਪਛਾਣ ਕਰਵਾਉਂਦਾ ਹਾਂ। ਮੈਂ ਜੋਤ ਸਿੰਘ ਹਾਂ, ਤੁਹਾਡਾ ਨਵਾਂ ਚੁਣਿਆ ਗਿਆ ਸਟੇਟ ਰਿਪ੍ਰੈਜ਼ੈਂਟੇਟਿਵ। ਅਸੀਂ ਇੱਥੇ ਡਿਸਟ੍ਰਿਕਟ 97 ਵਿੱਚ ਆਪਣੇ ਭਾਈਚਾਰੇ ਲਈ ਇਤਿਹਾਸ ਸਿਰਜ ਦਿੱਤਾ ਹੈ ਅਤੇ ਇਹ ਸਭ ਤੁਹਾਡੇ ਸਾਰਿਆਂ ਕਰਕੇ ਹੀ ਸੰਭਵ ਹੋਇਆ ਹੈ।'

ਟਰੰਪ ਦੇ ਚਹੇਤੇ ਉਮੀਦਵਾਰ ਰਾਮਾਸਵਾਮੀ ਨੂੰ ਹਰਾ ਕੇ ਐਮੀ ਐਕਟਨ ਨੇ ਰਚਿਆ ਇਤਿਹਾਸ



ਨਿਊਯਾਰਕ : ਡੈਮੋਕ੍ਰੇਟਿਕ ਉਮੀਦਵਾਰ ਡਾਕਟਰ ਐਮੀ ਐਕਟਨ ਨੇ ਵਿਵੇਕ ਰਾਮਾਸਵਾਮੀ ਨੂੰ ਹਰਾ ਕੇ ਓਹਾਇਓ ਦੇ ਗਵਰਨਰ ਦੀ ਚੋਣ ਜਿੱਤ ਲਈ ਹੈ। ਉਹ ਇਸ ਅਹੁਦੇ ਲਈ ਚੋਣ ਜਿੱਤਣ ਵਾਲੀ ਸੂਬੇ ਦੀ ਪਹਿਲੀ ਮਹਿਲਾ ਬਣੀ ਹੈ। ਇਸ ਨਾਲ ਡੈਮੋਕ੍ਰੇਟਾਂ ਦੀ ਗਵਰਨਰ ਚੋਣ ਜਿੱਤਣ ਦੀ 20 ਸਾਲਾਂ ਦੀ ਉਡੀਕ ਵੀ ਮੁੱਕ ਗਈ ਹੈ। ਐਕਟਨ ਵਿਰੁੱਧ ਪ੍ਰਚਾਰ ਉੱਤੇ ਰਾਮਾਸਵਾਮੀ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ 10 ਕਰੋੜ ਡਾਲਰ ਤੋਂ ਵੱਧ ਖ਼ਰਚੇ ਜਾਣ ਦੇ ਬਾਵਜੂਦ ਉਹ ਜਿੱਤ ਹਾਸਲ ਕਰਨ ਵਿਚ ਕਾਮਯਾਬ ਰਹੀ। ਟਰੰਪ ਅਤੇ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਨੇ ਵੀ ਰਾਮਾਸਵਾਮੀ ਲਈ ਪ੍ਰਚਾਰ ਕੀਤਾ ਸੀ। ਸਾਬਕਾ ਸਿਹਤ ਮੁਖੀ ਐਕਟਨ ਨੇ ਮਹਿੰਗਾਈ ਅਤੇ ਇਲਾਜ ਦੇ ਵਧਦੇ ਖ਼ਰਚਿਆਂ ਨੂੰ ਮੁੱਖ ਮੁੱਦਾ ਬਣਾਇਆ ਅਤੇ ਆਪਣੇ ਤੰਗੀਆਂ ਭਰੇ ਬਚਪਨ ਰਾਹੀਂ ਆਮ ਪਰਿਵਾਰਾਂ ਨਾਲ ਸਾਂਝ ਪਾਈ।

ਹੁਣ ਸਾਨੂੰ ਦੋਵੇਂ ਬਾਹਾਂ ਉੱਪਰ ਚੁੱਕਣ ਦੀ ਲੋੜ ਹੈ - ਡੈਮੋਕ੍ਰੇਟਸ ਦੀ ਜਿੱਤ ਪਿੱਛੋਂ ਬਰਾਕ ਓਬਾਮਾ ਦੀ ਪ੍ਰਤੀਕਿਰਿਆ

ਸਾਨ ਫਰਾਂਸਿਸਕੋ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਡੈਮੋਕ੍ਰੇਟਸ ਨੂੰ ਮੱਧਕਾਲੀ ਚੋਣਾਂ ਤੋਂ ਮਿਲੀ ਜਿੱਤ ਦਾ ਲਾਭ ਉਠਾਉਣ ਦੀ ਅਪੀਲ ਕਰਦਿਆਂ ਅਰਥਪੂਰਨ ਤਬਦੀਲੀ ਲਿਆਉਣ ਲਈ ਸਮੂਹਿਕ ਯਤਨ ਕਰਨ ਲਈ ਕਿਹਾ ਹੈ। ਡੈਮੋਕ੍ਰੇਟਸ ਦੇ ਸਦਨ ਦਾ ਕੰਟਰੋਲ ਸੰਭਾਲਣ ਦੇ ਸਿਖਰ 'ਤੇ ਹੋਣ ਦੇ ਨਾਲ, ਉਸ ਨੇ ਏਕਤਾ ਅਤੇ ਨਵੀਨਤਾਕਾਰੀ ਹੱਲਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਸ ਨੇ ਚੋਣ ਅਧਿਕਾਰੀਆਂ ਅਤੇ ਵਲੰਟੀਅਰਾਂ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ ਜਿਨ੍ਹਾਂ ਨੇ ਇਕ ਚੰਗੀ ਤਰ੍ਹਾਂ ਪ੍ਰਬੰਧਿਤ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਇਆ। ਡੈਮੋਕ੍ਰੇਟਸ ਲਈ ਵੱਡੀ ਰਾਤ ਦਾ ਜਸ਼ਨ ਮਨਾਉਣ ਲਈ ਇਕ ਸੰਦੇਸ਼ ਵਿਚ ਬਰਾਕ ਓਬਾਮਾ ਨੇ ਪਾਰਟੀ ਦੇ ਲੋਕਾਂ ਨੂੰ ਮੱਧਕਾਲੀ ਚੋਣਾਂ ਦੇ ਨਤੀਜਿਆਂ ਦੀ ਵਰਤੋਂ ਤਬਦੀਲੀ ਲਈ ਜ਼ੋਰ ਦੇਣ ਦੀ ਸਲਾਹ ਦਿੱਤੀ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਸਾਂਝੇ ਕੀਤੇ ਇੱਕ ਬਿਆਨ ਵਿਚ ਜਦੋਂ ਕਿ ਡੈਮੋਕ੍ਰੇਟ ਪ੍ਰਤੀਨਿਧੀ ਸਭਾ ਦਾ ਕੰਟਰੋਲ ਸੰਭਾਲਣ ਜਾ ਰਹੇ ਹਨ, ਓਬਾਮਾ ਨੇ ਕਿਹਾ ਕਿ ਚੋਣ ਨਤੀਜਿਆਂ ਨੇ ਇੱਕ ਸਪੱਸ਼ਟ ਸੰਦੇਸ਼ ਭੇਜਿਆ ਹੈ ਕਿ ਅਮਰੀਕੀ ਇੱਕ ਅਜਿਹੀ ਰਾਜਨੀਤੀ ਚਾਹੁੰਦੇ ਹਨ ਜੋ ਲੋਕਾਂ ਨੂੰ ਵੰਡਣ ਦੀ ਬਜਾਏ ਇਕੱਠੇ ਲਿਆਉਣ 'ਤੇ ਕੇਂਦ੍ਰਿਤ ਹੋਵੇ, ਨਾਲ ਹੀ ਨੇਤਾ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦੇ ਠੋਸ ਹੱਲ ਪੇਸ਼ ਕਰਨ। ਓਬਾਮਾ ਨੇ ਕਿਹਾ ਕਿ ਇਹ ਨਤੀਜੇ ਸਿਰਫ ਇਸ ਲਈ ਸੰਭਵ ਹੋਏ ਕਿਉਂਕਿ ਦੇਸ਼ ਦੇ ਹਰ ਖੇਤਰ ਵਿਚ ਸ਼ਾਨਦਾਰ ਉਮੀਦਵਾਰ ਅੱਗੇ ਵਧੇ ਜਿਨ੍ਹਾਂ ਖੇਤਰਾਂ ਨੂੰ ਇਕ ਵਾਰ ਲੰਬੇ ਸ਼ਾਟ ਮੰਨਿਆ ਜਾਂਦਾ ਸੀ। ਓਬਾਮਾ ਨੇ ਕਿਹਾ ਕਿ ਡੈਮੋਕ੍ਰੇਟਸ ਨੂੰ ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਕਿ ਜਦੋਂ ਤੱਕ ਟਰੰਪ ਅਹੁਦੇ 'ਤੇ ਰਹਿੰਦੇ ਹਨ ਉਹ ਕੀ ਕਰ ਸਕਦੇ ਹਨ। ਜਦੋਂ ਕਿ ਇਸ ਪ੍ਰਸ਼ਾਸਨ ਦੇ ਦੋ ਹੋਰ ਸਾਲ ਬਾਕੀ ਹਨ, ਸਾਡਾ ਕੰਮ ਹੁਣ ਆਪਣੀਆਂ ਬਾਹਾਂ ਨੂੰ ਉੱਪਰ ਚੁੱਕਣਾ ਹੈ, ਜਿੱਥੇ ਵੀ ਸਾਡੇ ਕੋਲ ਅਜਿਹਾ ਕਰਨ ਦੀ ਸ਼ਕਤੀ ਹੈ, ਬਦਲਾਅ ਕਰਨਾ ਹੈ, ਹੋਰ ਨੁਕਸਾਨ ਨੂੰ ਰੋਕਣਾ ਹੈ, ਅਤੇ ਭਵਿੱਖ ਲਈ ਨੀਂਹ ਰੱਖਣਾ ਹੈ।

ਇਜ਼ਰਾਈਲ ਨੂੰ 4 ਅਰਬ ਡਾਲਰ ਦੀ ਸਹਾਇਤਾ ਰੋਕੇਗਾ ਅਮਰੀਕਾ, ਹਥਿਆਰਾਂ ਦੀ ਵਿਕਰੀ ਜਾਰੀ ਰਹੇਗੀ : ਟਰੰਪ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ 2027 ਵਿਚ ਇਜ਼ਰਾਈਲ ਨੂੰ ਹਰ ਸਾਲ ਦਿੱਤੀ ਜਾਣ ਵਾਲੀ 4 ਅਰਬ ਡਾਲਰ ਦੀ ਸਹਾਇਤਾ ਬੰਦ ਕਰ ਦੇਵੇਗਾ ਪਰ ਪੱਛਮੀ ਏਸ਼ੀਆ ਵਿਚ ਆਪਣੇ ਸਭ ਤੋਂ ਕਰੀਬੀ ਸਹਿਯੋਗੀ ਨੂੰ ਹਥਿਆਰਾਂ ਦੀ ਵਿਕਰੀ ਜਾਰੀ ਰੱਖੇਗਾ।

ਰਿਪਬਲਿਕਨ ਪਾਰਟੀ ਦੇ ਆਗੂ ਟਰੰਪ ਨੇ ਮੰਗਲਵਾਰ ਨੂੰ ਫੋਨ 'ਤੇ 'ਫਾਕਸ ਨਿਊਜ਼ ਚੈਨਲ' ਨਾਲ ਗੱਲਬਾਤ ਵਿਚ ਕਿਹਾ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਉਨ੍ਹਾਂ ਦੇ ਸਾਹਮਣੇ ਇਹ ਵਿਚਾਰ ਰੱਖਿਆ ਸੀ ਅਤੇ ਦੋਵੇਂ ਇਸ ਬਾਰੇ ਪਿਛਲੇ ਕੁਝ ਸਾਲਾਂ ਤੋਂ ਚਰਚਾ ਕਰ ਰਹੇ ਹਨ। ਟਰੰਪ ਨੇ ਕਿਹਾ ਕਿ ਇਜ਼ਰਾਈਲ ਨੂੰ ਇਸ ਸਹਾਇਤਾ ਦੀ ਲੋੜ ਨਹੀਂ ਹੈ ਅਤੇ ਅਮਰੀਕਾ ਨੂੰ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਇਜ਼ਰਾਈਲ ਨੂੰ ਅਮਰੀਕੀ ਸਹਾਇਤਾ ਦਾ ਮੁੱਦਾ ਮਿਸ਼ੀਗਨ ਤੋਂ ਸੀਨੇਟ ਉਮੀਦਵਾਰ ਅਬਦੁਲ ਅਲ-ਸਯੀਦ ਵਰਗੇ ਡੈਮੋਕ੍ਰੇਟਿਕ ਉਮੀਦਵਾਰਾਂ ਲਈ ਸਿਆਸੀ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਪਿਛਲੇ ਸਾਲ ਪ੍ਰਕਾਸ਼ਿਤ ਇਕ ਅਕਾਦਮਿਕ ਅਧਿਐਨ ਵਿਚ ਦੱਸਿਆ ਗਿਆ ਸੀ ਕਿ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਅਤੇ ਰਾਸ਼ਟਰਪਤੀ ਜੋ ਬਾਈਡੇਨ ਦੇ ਨਾਲ-ਨਾਲ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੌਰਾਨ ਅਮਰੀਕਾ ਨੇ 2023 ਵਿਚ ਗਾਜ਼ਾ ਜੰਗ ਸ਼ੁਰੂ ਹੋਣ ਤੋਂ ਬਾਅਦ ਤੋਂ ਇਜ਼ਰਾਈਲ ਨੂੰ ਘੱਟੋ-ਘੱਟ 21.7 ਅਰਬ ਡਾਲਰ ਦੀ ਫੌਜੀ ਸਹਾਇਤਾ ਦਿੱਤੀ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ



Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

ਅਮਰੀਕਾ ਵਿਚ ਮੱਧਕਾਲੀ ਚੋਣਾਂ ਦੌਰਾਨ ਵੱਡਾ ਉਲਟਫੇਰ

ਡੈਮੋਕ੍ਰੇਟਿਕ ਪਾਰਟੀ ਨੇ ਵੱਡੀ ਜਿੱਤ ਹਾਸਲ ਕਰਦਿਆਂ ਅਮਰੀਕੀ ਕਾਂਗਰਸ ਦੇ ਦੋਹਾਂ ਸਦਨਾਂ ਦਾ ਮੁਕੰਮਲ ਕੰਟਰੋਲ ਹਾਸਲ ਕੀਤਾ



ਵਾਸ਼ਿੰਗਟਨ : ਅਮਰੀਕਾ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਵੋਟਰਾਂ ਨੇ ਸੱਤਾਧਾਰੀ ਰਿਪਬਲਿਕਨ ਪਾਰਟੀ ਨੂੰ ਕਰਾਰੀ ਹਾਰ ਦਿੰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਧਿਕਾਰਾਂ 'ਤੇ ਵੱਡੀ ਬ੍ਰੇਕ ਲਗਾ ਦਿੱਤੀ ਹੈ। ਵੋਟਰਾਂ ਦੇ ਇਸ ਫਤਵੇ ਨੇ ਸਿਆਸੀ ਗਲਿਆਰਿਆਂ ਵਿੱਚ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਜਨਤਾ ਵੱਲੋਂ ਦਿੱਤੀ ਗਈ ਸੱਤਾ ਮਨਮਰਜ਼ੀਆਂ ਕਰਨ ਲਈ ਨਹੀਂ, ਸਗੋਂ ਲੋਕ ਹਿੱਤਾਂ ਦੀ ਪਹਿਰੇਦਾਰੀ ਲਈ ਹੁੰਦੀ ਹੈ।

ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿੱਚ ਡੈਮੋਕਰੇਟਿਕ ਪਾਰਟੀ ਨੇ ਜ਼ਬਰਦਸਤ ਵਾਪਸੀ ਕਰਦਿਆਂ 435 ਮੈਂਬਰੀ 'ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼' (ਹੇਠਲਾ ਸਦਨ) ਅਤੇ 100 ਮੈਂਬਰੀ 'ਸੈਨੇਟ' ਦੋਵਾਂ ਵਿੱਚ ਹੀ ਪੂਰਨ ਬਹੁਮਤ ਹਾਸਲ ਕਰ ਲਿਆ ਹੈ। ਇਸ ਦੇ ਨਾਲ ਹੀ 30 ਸੂਬਿਆਂ ਵਿੱਚ ਆਪਣੇ ਗਵਰਨਰ ਬਣਾ ਕੇ ਸੱਤਾ 'ਤੇ ਕਬਜ਼ਾ ਕੀਤਾ ਹੈ। ਬੇਸ਼ੱਕ ਡੋਨਲਡ ਟਰੰਪ ਆਪਣੇ ਕਾਰਜਕਾਲ ਦੇ ਰਹਿੰਦੇ ਦੋ ਸਾਲ ਪੂਰੇ ਕਰਨਗੇ, ਪਰ ਹੁਣ ਉਸ ਕੋਲ ਪਹਿਲਾਂ ਵਾਂਗ ਮਨਮਰਜੀ ਦੇ ਫੈਸਲੇ ਦੀਆਂ ਸ਼ਕਤੀਆਂ ਨਹੀਂ ਰਹੀਆਂ ਹਨ। ਉਸ ਲਈ ਕੋਈ ਵੀ ਵਿਧਾਨਕ ਫੈਸਲਾ ਲੈਣਾ ਹੁਣ ਉਸ ਦੀ ਵਿਰੋਧੀ ਪਾਰਟੀ ਦੀ ਇੱਛਾ ਉੱਤੇ ਨਿਰਭਰ ਹੋ ਗਿਆ ਹੈ। ਡੈਮੋਕਰੈਟਿਕ ਪਾਰਟੀ ਭਾਵ ਦੀ ਅਜਿਹੀ ਹਨੇਰੀ ਚੱਲੀ ਹੈ ਕਿ 8-10 ਸੂਬਿਆਂ 'ਚ 1932 ਤੋਂ ਰਿਪਲਿਕਨਾਂ ਨਾਲ ਜੁੜੇ ਹੋਏ ਲੋਕਾਂ ਨੇ ਵੀ ਡੈਮੋਕਰੈਟਿਕਾਂ ਨੂੰ ਪਾਸਾ ਪਲਟਣ ਲਈ ਮਜਬੂਰ ਹੋਣਾ ਪਿਆ ਹੈ।

ਵੋਟਰਾਂ ਨੇ ਕਈ ਨਾਮੀ ਕੰਪਨੀਆਂ ਦੇ ਸਰਵੇਖਣ ਵੀ ਗਲਤ ਸਾਬਤ ਕਰ ਦਿੱਤੇ ਹਨ। ਮੱਧਕਾਲੀ ਚੋਣਾਂ ਵਿੱਚ ਵਿਸ਼ੇਸ਼ ਗੱਲ ਇਹ ਰਹੀ ਕਿ ਦੋਹਾਂ ਸਦਨਾਂ ਵਿੱਚ ਦਹਾਕਿਆਂ ਤੋਂ ਚੱਲ ਰਹੇ ਦੋਹਾਂ ਪਾਰਟੀਆਂ ਚੋਂ ਸਤਾਧਾਰੀ ਪਾਰਟੀ ਨੂੰ ਪਤਲੇ ਜਿਹੇ ਬਹੁਮੱਤ ਦੇ ਰੁਝਾਨ ਦੀ ਥਾਂ ਇਸ ਵਾਰ ਵੱਡਾ ਫਰਕ ਪਾਇਆ ਹੈ।

ਖ਼ਬਰ ਲਿਖੇ ਜਾਣ ਤੱਕ ਹਾਊਸ ਆਫ ਰਿਪਰਿਜੈਂਟਵ , ਜਿਸਨੂੰ ਆਮ ਤੌਰ ਤੇ ਹਾਊਸ ਆਫ ਕਾਮਨ ਬੋਲਿਆ ਜਾਂਦਾ ਹੈ ਦੀਆਂ 435 ਸੀਟਾਂ ਚੋਂ 228 ਸੀਟਾਂ ਜਿੱਤ ਲਈਆਂ ਹਨ, ਜਦ ਕਿ 68 ਦੇ ਨਤੀਜੇ ਅਜੇ ਆਉਣੇ ਬਾਕੀ ਹਨ। ਸੱਤਾਧਾਰੀ ਰਿਬਲਿਕਨ ਪਾਰਟੀ ਨੂੰ ਸਿਰਫ 139 ਸੀਟਾਂ ਤੇ ਜਿੱਤ ਨਸੀਬ ਹੋਈ ਹੈ।

100 ਸੀਟਾਂ ਵਾਲੀ ਸੈਨੇਟ ਲਈ ਹਰੇਕ ਦੋ ਸਾਲ ਬਾਅਦ ਇੱਕ-ਤਿਹਾਈ ਸੀਟਾਂ 'ਤੇ ਹੁੰਦੀਆਂ ਚੋਣਾਂ ਤਹਿਤ ਇਸ ਵਾਰ 35 ਸੀਟਾਂ 'ਤੇ ਵੋਟਾਂ ਪਈਆਂ। ਆਏ ਨਤੀਜਿਆਂ ਦੇ ਕੁੱਲ ਅੰਕੜਿਆਂ ਮੁਤਾਬਕ ਡੈਮੋਕਰੇਟਿਕ ਪਾਰਟੀ ਨੇ 54 ਸੀਟਾਂ 'ਤੇ ਜਿੱਤ ਦਰਜ ਕਰਕੇ ਪੂਰਨ ਬਹੁਮਤ ਹਾਸਲ ਕਰ ਲਿਆ ਹੈ, ਜਦਕਿ 2 ਸੀਟਾਂ ਦੇ ਨਤੀਜੇ ਆਉਣੇ ਅਜੇ ਬਾਕੀ ਹਨ।

ਦੂਜੇ ਪਾਸੇ, ਦੇਸ਼ ਦੇ 50 ਸੂਬਿਆਂ ਦੇ ਗਵਰਨਰਾਂ ਦੇ ਨਤੀਜਿਆਂ 'ਤੇ ਝਾਤ ਮਾਰੀਏ ਤਾਂ 28 ਸੂਬਿਆਂ ਵਿੱਚ ਡੈਮੋਕਰੇਟਿਕ ਅਤੇ 20 ਸੂਬਿਆਂ ਵਿੱਚ ਰਿਪਬਲਿਕਨ ਸਮਰਥਕਾਂ ਦੇ ਹੱਥ ਸੱਤਾ ਦੀ ਵਾਗਡੋਰ ਆਈ ਹੈ। ਬਾਕੀ 2 ਸੂਬਿਆਂ ਵਿੱਚ ਅਜੇ ਅਨਿਸ਼ਚਿਤਤਾ ਦੀ ਸਥਿਤੀ ਬਣੀ ਹੋਈ ਹੈ।

ਡੈਮੋਕਰੈਟਿਕ ਪਾਰਟੀ ਨੂੰ ਵਧਾਈ ਦਿੰਦੇ ਹੋਏ ਟਰੰਪ ਨੇ ਕਿਹਾ ਹੈ ਕਿ ਬੇਸ਼ੱਕ ਵਿਧਾਨਪਾਲਕਾ ਵਿੱਚ ਉਸਨੂੰ ਬਹੁਮਤ ਨਹੀਂ ਮਿਲਿਆ, ਪਰ ਉਹ ਅਮਰੀਕਾ ਦੀ ਮਜਬੂਤੀ ਲਈ ਆਪਣੀ ਪਸੰਦ ਦੇ ਫੈਸਲੇ ਲੈਂਦਾ ਰਹੇਗਾ। ਸਾਬਕ ਰਾਸ਼ਟਰਪਤੀ ਬਰਾਕ ਉਬਾਮਾ ਨੇ ਕਿਹਾ ਹੈ ਕਿ ਇਸ ਚੋਣ ਵਿੱਚ ਅਮਰੀਕਨ ਵੋਟਰਾਂ ਦਾ ਸੁਨੇਹਾ ਸਪਸ਼ਟ ਹੈ ਕਿ ਉਹ ਵੰਡਪਾਊ ਨੀਤੀ ਦੇ ਵਿਰੁੱਧ ਇੱਕਜੁਟਤਾ ਦੇ ਹੱਕ ਵਿੱਚ ਭੁਗਤੇ ਹਨ ਤੇ ਉਨ੍ਹਾਂ ਇੱਕਜੁਟਤਾ ਚੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਦੀ ਝਲਕ ਪਈ ਹੈ।

ਡੈਮੋਕ੍ਰੇਟਸ ਨੂੰ ਵਧਾਈਆਂ ! ਟਰੰਪ ਨੇ 'ਬਲੂ ਵੇਵ' ਨਾਲ ਮਿਲ ਕੇ ਕੰਮ ਕਰਨ ਦੀ ਜਤਾਈ ਇੱਛਾ



ਵਾਸ਼ਿੰਗਟਨ ਡੀ.ਸੀ.: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਮਿਡਟਰਮ ਚੋਣਾਂ ਵਿਚ ਰੀਪਬਲਿਕਨ ਦੀ ਹਾਰ ਨੂੰ ਸਵੀਕਾਰ ਕਰ ਲਿਆ ਹੈ। ਨਾਲ ਹੀ ਅਮਰੀਕੀ ਕਾਂਗਰਸ ਦੇ ਦੋਵੇਂ ਚੈਂਬਰਾਂ 'ਤੇ ਕਬਜ਼ਾ ਕਰ ਲੈਣ ਵਾਲੇ ਵਿਰੋਧੀ ਪਾਰਟੀ ਦੇ ਡੈਮੋਕ੍ਰੇਟਸ (ਬਲੂ ਵੇਵ) ਨੂੰ ਮੱਧਕਾਲੀ ਜਿੱਤਾਂ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ। ਇਸ ਦੇ ਨਾਲ ਹੀ ਟਰੰਪ ਨੇ ਡੈਮੋਕ੍ਰੇਟਸ ਨਾਲ ਕੰਮ ਕਰਨ ਦੀ ਇੱਛਾ ਜਤਾਈ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੇ ਖ਼ੁਦ ਦੇ ਚੋਣ ਮੈਦਾਨ ਵਿਚ ਨਾ ਹੋਣ ਕਾਰਨ ਰਿਪਬਲਿਕਨ ਨੂੰ ਭਾਰੀ ਨੁਕਸਾਨ ਹੋਇਆ ਹੈ।

ਸੀ.ਬੀ.ਐੱਸ. ਨਿਊਜ਼ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਦੇਸ਼ ਦੇ ਭਲੇ ਲਈ ਡੈਮੋਕ੍ਰੇਟਸ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ, ਪਰ ਨਾਲ ਹੀ ਚੇਤਾਵਨੀ ਦਿੱਤੀ ਕਿ ਉਨ੍ਹਾਂ ਕੋਲ ਪੂਰੀ ਵੀਟੋ ਤਾਕਤ ਹੈ।ਚੋਣ ਨਤੀਜਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਟਰੰਪ ਨੇ ਕਿਹਾ, 'ਮੇਰਾ ਸੁਨੇਹਾ ਹੈ—ਡੈਮੋਕ੍ਰੇਟਸ ਨੂੰ ਵਧਾਈ, ਅਤੇ ਮੈਂ ਆਪਣੇ ਦੇਸ਼ ਦੇ ਭਲੇ ਲਈ ਤੁਹਾਡੇ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ'। ਉਨ੍ਹਾਂ ਕਿਹਾ ਕਿ ਉਹ ਕਈ ਡੈਮੋਕ੍ਰੇਟਸ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਦੋਵੇਂ ਪੱਖ ਮਿਲ ਕੇ ਰਸਤਾ ਕੱਢ ਲੈਣਗੇ। ਟਰੰਪ ਨੇ ਨਾਲ ਹੀ ਕਿਹਾ, 'ਮੇਰੇ ਕੋਲ ਪੂਰੀ ਵੀਟੋ ਸ਼ਕਤੀ ਹੈ... ਨਹੀਂ ਤਾਂ ਮੈਂ ਹਰ ਚੀਜ਼ 'ਤੇ ਵੀਟੋ ਕਰ ਦੇਵਾਂਗਾ ਅਤੇ ਉਹ ਅਜਿਹਾ ਨਹੀਂ ਚਾਹੁਣਗੇ'। ਰਿਪਬਲਿਕਨ ਉਮੀਦਵਾਰਾਂ ਦੀ ਹਾਰ ਦਾ ਬਚਾਅ ਕਰਦਿਆਂ ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਉਹ ਖ਼ੁਦ ਚੋਣ ਮੈਦਾਨ ਵਿੱਚ ਹੁੰਦੇ ਤਾਂ ਰਿਪਬਲਿਕਨ ਪਾਰਟੀ ਆਸਾਨੀ ਨਾਲ ਜਿੱਤ ਜਾਂਦੀ। ਉਨ੍ਹਾਂ ਕਿਹਾ ਕਿ ਕੁਝ ਉਮੀਦਵਾਰ ਵੋਟਰਾਂ ਵਿੱਚ ਪਸੰਦ ਨਹੀਂ ਕੀਤੇ ਗਏ ਅਤੇ ਕੁਝ ਉਨ੍ਹਾਂ ਦੇ ਦੋਸਤ ਨਹੀਂ ਸਨ, ਜਿਸ ਕਾਰਨ ਉਨ੍ਹਾਂ ਦੇ ਸਮਰਥਕ ਵੋਟ ਪਾਉਣ ਨਹੀਂ ਨਿਕਲੇ।

ਡੈਮੋਕ੍ਰੇਟਿਕ ਪਾਰਟੀ ਨੇ ਰਿਪਬਲਿਕਨ ਪਾਰਟੀ ਦੇ ਮਜ਼ਬੂਤ ਗੜ੍ਹ ਮੰਨੇ ਜਾਂਦੇ ਟੈਕਸਾਸ, ਸਾਊਥ ਕੈਰੋਲੀਨਾ ਅਤੇ ਕੰਸਾਸ ਵਰਗੇ ਰਾਜਾਂ ਵਿੱਚ ਇਤਿਹਾਸਕ ਜਿੱਤਾਂ ਦਰਜ ਕੀਤੀਆਂ ਹਨ। ਕੰਸਾਸ ਵਿੱਚ ਲਗਭਗ ਇੱਕ ਸਦੀ ਤੋਂ ਚੱਲ ਰਹੇ ਰਿਪਬਲਿਕਨ ਦਬਦਬੇ ਨੂੰ ਖ਼ਤਮ ਕਰਦਿਆਂ ਡੈਮੋਕ੍ਰੇਟਸ ਨੇ ਸੀਨੇਟ ਸੀਟ 'ਤੇ ਜਿੱਤ ਹਾਸਲ ਕੀਤੀ। ਫੌਕਸ ਨਿਊਜ਼ ਅਨੁਸਾਰ ਨੌਜਵਾਨ, ਆਜ਼ਾਦ ਵੋਟਰ, ਗ੍ਰਾਮੀਣ ਵੋਟਰ ਅਤੇ ਹਿਸਪੈਨਿਕ ਵੋਟਰ ਰਿਪਬਲਿਕਨ ਪਾਰਟੀ ਤੋਂ ਦੂਰ ਹੋ ਗਏ। ਸੀ.ਐੱਨ.ਐੱਨ. ਅਨੁਸਾਰ ਮਹਿੰਗਾਈ, ਟਰੰਪ ਦੀਆਂ ਟੈਰਿਫ ਨੀਤੀਆਂ, ਈਰਾਨ ਜੰਗ ਪ੍ਰਤੀ ਅਸੰਤੋਸ਼ ਅਤੇ ਟਰੰਪ ਦੇ ਆਚਰਣ ਕਾਰਨ ਵੋਟਰਾਂ ਨੇ ਡੈਮੋਕ੍ਰੇਟਸ ਦੇ ਹੱਕ ਵਿੱਚ ਫਤਵਾ ਦਿੱਤਾ।

ਚੋਣ ਨਤੀਜਿਆਂ ਤੋਂ ਬਾਅਦ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ 'VETO' ਲਿਖੀ ਹੋਈ ਲਾਲ 'ਮਾਗਾ' ਕੈਪ ਦੀ ਤਸਵੀਰ ਪੋਸਟ ਕੀਤੀ। ਇੱਕ ਹੋਰ ਪੋਸਟ ਵਿੱਚ ਉਨ੍ਹਾਂ ਲਿਖਿਆ ਕਿ ਉਹ ਇੱਕ ਸਿਆਸੀ ਵਿਸ਼ਲੇਸ਼ਕ ਵਾਂਗ ਇਨ੍ਹਾਂ ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰਨਗੇ। 'ਨਿਊਯਾਰਕ ਟਾਈਮਜ਼' ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਚੋਣ ਨਤੀਜਿਆਂ ਨੂੰ ਪੂਰੀ ਤਰ੍ਹਾਂ ਮੰਨਣ ਲਈ ਤਿਆਰ ਹਨ ਅਤੇ ਵਿਰੋਧੀ ਪਾਰਟੀ ਨਾਲ ਮਿਲ ਕੇ ਕੰਮ ਕਰਨਗੇ। ਸੀ.ਬੀ.ਐੱਸ. ਨਿਊਜ਼ ਨਾਲ ਗੱਲਬਾਤ ਦੌਰਾਨ ਈਰਾਨ ਨਾਲ ਚੱਲ ਰਹੇ ਟਕਰਾਅ ਦਾ ਜ਼ਿਕਰ ਕਰਦਿਆਂ ਟਰੰਪ ਨੇ ਦਾਅਵਾ ਕੀਤਾ, 'ਈਰਾਨ ਜੰਗ ਉਦੋਂ ਖ਼ਤਮ ਹੋਵੇਗੀ ਜਦੋਂ ਮੈਂ ਕਹਾਂਗਾ ਕਿ ਇਹ ਖ਼ਤਮ ਹੋ ਗਈ ਹੈ। ਬੁਨਿਆਦੀ ਤੌਰ 'ਤੇ ਇਹ ਉਦੋਂ ਹੀ ਖ਼ਤਮ ਹੋਵੇਗੀ ਜਦੋਂ ਮੈਂ ਕਹਾਂਗਾ'।

ਟਰੰਪ ਸਮਰਥਿਤ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਗਵਰਨਰ ਚੋਣ ਹਾਰੇ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ, ਓਹੀਓ ਦੇ ਗਵਰਨਰ ਅਹੁਦੇ ਦੀ ਚੋਣ ਵਿਚ ਡੈਮੋਕ੍ਰੇਟ ਐਮੀ ਐਕਟਨ ਤੋਂ ਹਾਰ ਗਏ ਹਨ। ਐਨਬੀਸੀ ਨਿਊਜ਼ ਦੇ ਅਨੁਸਾਰ 41 ਸਾਲਾ ਰਾਮਾਸਵਾਮੀ 60 ਸਾਲਾ ਐਕਟਨ ਤੋਂ ਹਾਰ ਗਏ, ਜੋ ਕਿ ਰਾਜ ਦੀ ਪਹਿਲੀ ਮਹਿਲਾ ਗਵਰਨਰ ਚੁਣੀ ਗਈ ਹੈ। ਐਕਟਨ ਨੇ 51 ਪ੍ਰਤੀਸ਼ਤ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ, ਜਦੋਂ ਕਿ ਰਾਮਾਸਵਾਮੀ ਨੂੰ 45 ਪ੍ਰਤੀਸ਼ਤ ਤੋਂ ਵੱਧ ਵੋਟਾਂ ਪ੍ਰਾਪਤ ਹੋਈਆਂ।

ਸੀ-ਐਸਪੀਐਨ ਦੇ ਅਨੁਸਾਰ ਓਹੀਓ ਵਿੱਚ ਆਪਣੀ ਹਾਰ ਨੂੰ ਸਵੀਕਾਰ ਕਰਦੇ ਹੋਏ ਰਾਮਾਸਵਾਮੀ ਨੇ ਕਿਹਾ, 'ਇਹ ਇੱਕ ਸਖ਼ਤ ਮੁਕਾਬਲਾ ਸੀ ਅਤੇ ਕਈ ਵਾਰ, ਦੋਵਾਂ ਪਾਸਿਆਂ ਤੋਂ ਕੁਝ ਬਹੁਤ ਤਿੱਖੀ ਬਿਆਨਬਾਜ਼ੀ ਵੀ ਹੋਈ... ਪਰ ਇਸ ਕਮਰੇ ਵਿੱਚ ਮੌਜੂਦਾ ਸਾਨੂੰ ਸਾਰਿਆਂ ਨੂੰ ਉਸਦੇ ਪ੍ਰਸ਼ਾਸਨ ਦੀ ਸਫਲਤਾ ਦੀ ਉਮੀਦ ਅਤੇ ਕਾਮਨਾ ਕਰਨੀ ਚਾਹੀਦੀ ਹੈ।' ਇਸ ਅਰਬਪਤੀ ਨੇਤਾ ਨੇ ਆਪਣੇ ਮਾਪਿਆਂ, ਪਤਨੀ ਅਤੇ ਸਹੁਰਿਆਂ ਦਾ ਸਮਰਥਨ ਲਈ ਧੰਨਵਾਦ ਕੀਤਾ। ਵਿਵੇਕ ਰਾਮਾਸਵਾਮੀ ਨੇ ਓਹੀਓ ਵਿੱਚ ਹਾਰਨ ਤੋਂ ਬਾਅਦ ਆਪਣੀ ਪਹਿਲੀ ਪ੍ਰਤੀਕਿਰਿਆ ਦਿੰਦਿਆ ਕਿਹਾ ਕਿ ਉਹ ਦੇਸ਼ ਦੇ ਭਵਿੱਖ ਬਾਰੇ ਗੰਭੀਰਤਾ ਨਾਲ ਚਿੰਤਤ ਹਨ ਪਰ ਆਸ਼ਾਵਾਦੀ ਹਨ। ਰਾਮਾਸਵਾਮੀ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਸਾਡੇ ਦੇਸ਼ ਦੇ ਇਤਿਹਾਸ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਆਏ ਹਨ, ਪਰ ਅੰਤ ਵਿੱਚ, ਸਾਨੂੰ ਅੱਗੇ ਵਧਣ ਦਾ ਰਸਤਾ ਮਿਲ ਗਿਆ ਹੈ।

ਇਸ ਦੌਰਾਨ ਭਾਰਤੀ-ਅਮਰੀਕੀ ਡੈਮੋਕ੍ਰੇਟਿਕ ਉਮੀਦਵਾਰ ਅਮੀ ਬੇਰਾ ਨੇ ਕੈਲੀਫੋਰਨੀਆ ਦੇ ਤੀਜੇ ਕਾਂਗਰੇਸ਼ਨਲ ਜ਼ਿਲ੍ਹੇ ਤੋਂ ਪ੍ਰਤੀਨਿਧੀ ਸਭਾ ਲਈ ਦੁਬਾਰਾ ਚੋਣ ਜਿੱਤੀ, ਜਦੋਂ ਕਿ ਡੈਮੋਕ੍ਰੇਟ ਰੋ ਖੰਨਾ ਵੀ ਕੈਲੀਫੋਰਨੀਆ ਦੇ 17ਵੇਂ ਕਾਂਗਰੇਸ਼ਨਲ ਜ਼ਿਲ੍ਹੇ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਲਈ ਦੁਬਾਰਾ ਚੁਣੇ ਗਏ।

ਮਿਡਟਰਮ ਚੋਣਾਂ ਮਗਰੋਂ ਵਾਸ਼ਿੰਗਟਨ 'ਚ ਅੰਨ੍ਹੇਵਾਹ ਫਾਇਰਿੰਗ, 1 ਪੁਲਸ ਮੁਲਾਜ਼ਮ ਸਣੇ 4 ਦੀ ਮੌਤ

ਅਮਰੀਕਾ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਬੁੱਧਵਾਰ ਨੂੰ ਮਿਡਟਰਮ ਚੋਣਾਂ 'ਚ ਵੱਡੇ ਉਲਟਫੇਰ ਤੋਂ ਬਾਅਦ ਵਾਸ਼ਿੰਗਟਨ ਸੂਬੇ 'ਚ ਹੋਈ ਫਾਇਰਿੰਗ ਦੌਰਾਨ 1 ਪੁਲਸ ਮੁਲਾਜ਼ਮ ਦੀ ਮੌਤ ਹੋ ਗਈ, ਜਦਕਿ 1 ਹੋਰ ਗੰਭੀਰ ਜ਼ਖ਼ਮੀ ਹੋਇਆ ਹੈ।

ਸਪੋਕੇਨ ਕਾਊਂਟੀ ਸ਼ੈਰਿਫ਼ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਮੰਗਲਵਾਰ ਦੁਪਹਿਰ ਸਪੋਕੇਨ ਦੇ ਦੱਖਣੀ ਇਲਾਕੇ 'ਚ ਸਥਿਤ ਇੱਕ ਛੋਟੇ ਖੇਤੀਬਾੜੀ ਵਾਲੇ ਇਲਾਕੇ 'ਸਪੋਂਗਲ' 'ਚ ਵਾਪਰੀ, ਜਿੱਥੇ ਇੱਕ ਵਿਅਕਤੀ ਨੇ ਆਪਣੀ ਹੀ ਭੈਣ 'ਤੇ ਗੋਲੀ ਚਲਾ ਦਿੱਤੀ। ਜਦੋਂ ਪੀੜਤ ਔਰਤ ਨੇ ਆਪਣੇ ਗੁਆਂਢੀ ਨੂੰ ਦੱਸਿਆ ਕਿ ਉਸ ਦੇ ਭਰਾ ਨੇ ਉਸ 'ਤੇ ਗੋਲੀ ਚਲਾਈ ਹੈ ਤਾਂ ਗੁਆਂਢੀ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ।

ਫਾਇਰਿੰਗ ਦੀ ਸੂਚਨਾ ਮਿਲਣ ਮਗਰੋਂ ਜਦੋਂ SWAT ਟੀਮ ਅਤੇ ਡਿਪਟੀਆਂ ਨੇ ਘਰ ਦਾ ਦਰਵਾਜ਼ਾ ਤੋੜਨ ਦੀ ਕੋਸ਼ਿਸ਼ ਕੀਤੀ, ਤਾਂ ਅੰਦਰੋਂ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਹੋ ਗਈ। ਇਸ ਫਾਇਰਿੰਗ ਦੌਰਾਨ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋਏ ਇੱਕ ਨੌਜਵਾਨ ਡਿਪਟੀ ਨੇ ਮੰਗਲਵਾਰ ਰਾਤ ਹਸਪਤਾਲ 'ਚ ਦਮ ਤੋੜ ਦਿੱਤਾ। ਉਸ ਦੇ ਪਰਿਵਾਰ 'ਚ ਉਸ ਦੀ ਪਤਨੀ ਅਤੇ ਦੋ ਬੱਚੇ ਹਨ, ਜਦਕਿ ਇਕ ਹੋਰ ਅਧਿਕਾਰੀ ਗੰਭੀਰ ਰੂਪ 'ਚ ਜ਼ਖ਼ਮੀ ਹੋਇਆ, ਜਿਸ ਦੀ ਹਾਲਤ ਬੇਹੱਦ ਨਾਜ਼ੁਕ ਹੈ ਤੇ ਉਸ ਨੂੰ ਲਾਈਫ਼ ਸਪੋਰਟ 'ਤੇ ਰੱਖਿਆ ਗਿਆ ਹੈ। ਉਸ ਦੇ ਵੀ ਬਚਣ ਦੀ ਉਮੀਦ ਬਹੁਤ ਘੱਟ ਹੈ।

ਪੁਲਸ ਦੀ ਜਵਾਬੀ ਫਾਇਰਿੰਗ ਤੋਂ ਬਾਅਦ ਘਰ ਦੇ ਅੰਦਰੋਂ ਸ਼ੱਕੀ ਹਮਲਾਵਰ ਮ੍ਰਿਤਕ ਮਿਲਿਆ। ਇਸ ਤੋਂ ਇਲਾਵਾ ਘਰ ਦੇ ਅੰਦਰੋਂ ਇੱਕ ਹੋਰ ਵਿਅਕਤੀ ਅਤੇ ਵਿਹੜੇ 'ਚੋਂ ਇੱਕ ਹੋਰ ਲਾਸ਼ ਬਰਾਮਦ ਹੋਈ ਹੈ। ਜ਼ਖ਼ਮੀ ਔਰਤ ਫਿਲਹਾਲ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ ਅਤੇ ਉਸ ਦੀ ਜਾਨ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਅਧਿਕਾਰੀ ਮ੍ਰਿਤਕਾਂ ਦੀ ਪਛਾਣ ਕਰਨ 'ਚ ਲੱਗੇ ਹੋਏ ਹਨ ਤੇ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਆਖ਼ਿਰ ਮੁਲਜ਼ਮ ਨੇ ਫਾਇਰਿੰਗ ਕਿਉਂ ਕੀਤੀ।



Sikh Foundation Of Milpitas

1180, Cadillac Ct Milpitas Ca 95035

ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਜਿਨ੍ਹਾਂ ਨੇ ਇਸ ਸੰਸਾਰ ਨੂੰ ਨੇਕ ਕਮਾਈ ਕਰਨ ਲਈ ਕੰਮ ਕਿੱਤਾ ਦਿੱਤੇ ਉਥੇ ਇਨਸਾਨ ਨੂੰ ਔਜਾਰ ਵੀ ਦਿੱਤੇ। ਦੁਨੀਆ ਭਰ ਦੇ ਲੋਕ ਕੋਈ ਵੀ ਕੰਮ ਕਰਨ ਵਾਲੇ ਦੀਵਾਲੀ ਤੋਂ ਦੂਸਰੇ ਦਿਨ ਧੰਨ-ਧੰਨ ਬਾਬਾ ਵਿਸ਼ਵਕਰਮਾ ਜੀ ਨੂੰ ਯਾਦ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਹਰ ਸਾਲ ਦੀ ਤਰ੍ਹਾਂ ਰਾਮਗੜ੍ਹੀਆ ਕਲਚਰਲ ਐਸੋਸੀਏਸ਼ਨ ਇੰਕ ਵਲੋਂ ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਦੀ ਨਿੱਘੀ ਅਤੇ ਪਿਆਰੀ ਯਾਦ ਵਿਚ **Sikh Foundation of Milpitas, 1180, Cadillac Ct Milpits CA 95035** ਵਿਖੇ 20, 21, 22 ਨਵੰਬਰ 2026 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਸੇਵਾ ਨਾਲ ਧੰਨ ਧੰਨ ਬਾਬਾ ਵਿਸ਼ਵਕਰਮਾ ਡੇਅ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰੋ ਜੀ।



ਆਰੰਭ ਸ੍ਰੀ ਅਖੰਡਪਾਠ ਸਾਹਿਬ
20 ਨਵੰਬਰ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
22 ਨਵੰਬਰ 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਸਿੱਖ ਸਕਾਲਰ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

ਜਾਣਕਾਰੀ ਲਈ ਕਾਲ ਕਰੋ

ਗੁਰਮੀਤ ਸਿੰਘ ਭੋਗਲ	ਦਵਿੰਦਰ ਸਿੰਘ ਚਾਨਾ	ਸੁਖਦੇਵ ਸਿੰਘ ਕਲਸੀ	ਗਿਆਨ ਸਿੰਘ ਸੈਂਬੀ
510-386-2084	510-376-9428	510-304-5062	510-305-1694

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

510.487.3254


General Contractors

CHANA CONSTRUCTION
Residential & Commercial
Since 1989

Custom Homes & Additions

Licence No. 554005







ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ
ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।

COMMERCIAL
- New Homes
- Additon
- 2nd Story addition
- Kitchan Bath
- ADU

RESIDENTIAL
- Shopping Centre
- Tenant Improvement
- Liqour Store
- Dental Office
- Restaurant
- Pharmacy

Google FIVE STAR CUSTOMER RATING



Serving The Bay Area For
Past More Then 43+ Years
* Insurance Bonded*



Contact :
Bhupinder S. Chana | Devinder S. Chana
FAX : 510-487-0804
dschana@chanacoustruction.com
www.chanacontruction.com

ਬੋਲਸੋਨਾਰੋ ਦੇ ਅਮਰੀਕਾ ਆਉਣ 'ਚ ਟਰੰਪ ਪ੍ਰਸ਼ਾਸਨ ਦੀ ਕੋਈ ਭੂਮਿਕਾ ਨਹੀਂ : ਰੂਬੀਓ ਦਾ ਦਾਅਵਾ



ਅਟਲਾਂਟਾ : ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਦਾਅਵਾ ਕੀਤਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਫਲੇਵੀਓ ਬੋਲਸੋਨਾਰੋ, ਜੋ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਜ਼ ਇਨਾਸੀਓ ਲੂਲਾ ਡਾ ਸਿਲਵਾ ਤੋਂ ਚੋਣ ਹਾਰਨ ਤੋਂ ਬਾਅਦ ਬ੍ਰਾਜ਼ੀਲ ਛੱਡ ਕੇ ਅਮਰੀਕਾ ਚਲੇ ਗਏ ਸਨ, ਨੂੰ ਦੇਸ਼ ਛੱਡਣ ਵਿੱਚ ਸਹਾਇਤਾ ਨਹੀਂ ਕੀਤੀ। ਹਾਰੇ ਹੋਏ ਬ੍ਰਾਜ਼ੀਲ ਦੇ ਰਾਸ਼ਟਰਪਤੀ ਉਮੀਦਵਾਰ ਫਲੇਵੀਓ ਬੋਲਸੋਨਾਰੋ ਬੁੱਧਵਾਰ ਨੂੰ ਮਿਆਮੀ ਪਹੁੰਚੇ। ਇੱਕ ਦਿਨ ਪਹਿਲਾਂ, ਅਮਰੀਕੀ ਵਿਦੇਸ਼ ਵਿਭਾਗ ਨੇ ਐਲਾਨ ਕੀਤਾ ਸੀ ਕਿ ਬੋਲਸੋਨਾਰੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਅਮਰੀਕੀ ਵੀਜ਼ਾ ਦਿੱਤਾ ਜਾਵੇਗਾ।

ਉਹ ਹਫਤੇ ਦੇ ਅੰਤ ਵਿੱਚ ਇੱਕ ਨੇੜਿਓਂ ਲੜੀਆਂ ਗਈਆਂ ਚੋਣਾਂ ਹਾਰ ਗਏ ਸਨ, ਜਿਸ ਨਾਲ ਲਾਤੀਨੀ ਅਮਰੀਕਾ ਵਿੱਚ ਰੂੜੀਵਾਦੀ ਪਾਰਟੀਆਂ ਦੀ ਜਿੱਤ ਦਾ ਸਿਲਸਿਲਾ ਖਤਮ ਹੋ ਗਿਆ ਸੀ। ਜੀ20 ਵਿਦੇਸ਼ ਮੰਤਰੀਆਂ ਦੀ ਮੀਟਿੰਗ ਲਈ ਅਟਲਾਂਟਾ ਵਿੱਚ ਮੌਜੂਦ ਰੂਬੀਓ ਨੇ ਪੱਤਰਕਾਰਾਂ ਨੂੰ ਕਿਹਾ, 'ਅਸੀਂ ਕੋਈ ਸਹਾਇਤਾ ਨਹੀਂ ਦਿੱਤੀ।' ਉਸਨੇ ਅੱਗੇ ਕਿਹਾ, 'ਸਾਨੂੰ ਜਾਣਕਾਰੀ ਮਿਲੀ ਸੀ ਕਿ ਉਹ ਅਮਰੀਕਾ ਪਹੁੰਚ ਗਿਆ ਹੈ। ਉਸਦੇ ਕੋਲ ਪਹਿਲਾਂ ਹੀ ਵੀਜ਼ਾ ਸੀ ਅਤੇ ਰਾਸ਼ਟਰਪਤੀ ਨੇ ਉਸਨੂੰ ਦੇਸ਼ ਵਿੱਚ ਦਾਖਲ ਹੋਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ।'

ਰੂਬੀਓ ਨੇ ਕਿਹਾ ਕਿ ਅਮਰੀਕੀ ਸਰਕਾਰ ਉਸਦੀ ਯਾਤਰਾ ਨਾਲ ਸਬੰਧਤ ਕਿਸੇ ਵੀ ਕਦਮ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸੀ। ਰੂਬੀਓ ਨੇ ਇਹ ਵੀ ਕਿਹਾ ਕਿ ਉਹ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਅਟਲਾਂਟਾ ਵਿੱਚ ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਮੌਰੋ ਵੀਏਰਾ ਨਾਲ ਮਿਲੇ ਸਨ। ਉਸਨੇ ਕਿਹਾ ਕਿ ਉਹ ਨਵੰਬਰ ਵਿੱਚ ਫਰਾਂਸ ਵਿੱਚ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦੌਰਾਨ ਬ੍ਰਾਜ਼ੀਲ ਦੇ ਅਧਿਕਾਰੀਆਂ ਨਾਲ ਮਿਲਣ ਦੀ ਵੀ ਉਮੀਦ ਕਰਦਾ ਹੈ। ਬੋਲਸੋਨਾਰੋ ਨੇ ਆਪਣੀ ਚੋਣ ਹਾਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਿਨਾਂ ਕੋਈ ਸਬੂਤ ਦਿੱਤੇ ਧੋਖਾਧੜੀ ਦਾ ਦੋਸ਼ ਲਗਾਇਆ ਹੈ। ਉਸਦੇ ਪਿਤਾ, ਸਾਬਕਾ ਬ੍ਰਾਜ਼ੀਲੀਅਨ ਰਾਸ਼ਟਰਪਤੀ ਜੈਅਰ ਬੋਲਸੋਨਾਰੋ ਨੇ ਵੀ ਲੂਲਾ ਤੋਂ 2022 ਵਿੱਚ ਆਪਣੀ ਹਾਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਤਖ਼ਤਾਪਲਟ ਦੀ ਕੋਸ਼ਿਸ਼ ਦੇ ਦੋਸ਼ ਵਿੱਚ 27 ਸਾਲ ਦੀ ਸਜ਼ਾ ਕੱਟ ਰਿਹਾ ਹੈ।

ਫਲੋਰੀਡਾ 'ਚ ਪ੍ਰਾਈਵੇਟ ਜੈੱਟ ਕ੍ਰੈਸ਼: 9 ਲੋਕਾਂ ਦੀ ਮੌਤ, ਧਮਾਕੇ ਨਾਲ ਕੰਬਿਆ ਇਲਾਕਾ



ਵਾਸ਼ਿੰਗਟਨ/ਪਾਮ ਬੀਚ : ਅਮਰੀਕਾ ਦੇ ਫਲੋਰੀਡਾ ਸੂਬੇ ਦੇ ਪਾਮ ਬੀਚ ਕਾਊਂਟੀ ਵਿੱਚ ਐਤਵਾਰ ਦੁਪਹਿਰ ਨੂੰ ਇੱਕ ਵੱਡਾ ਜਹਾਜ਼ ਹਾਦਸਾ ਵਾਪਰ ਗਿਆ। 9 ਲੋਕਾਂ ਨੂੰ ਲੈ ਕੇ ਜਾ ਰਿਹਾ ਇੱਕ ਬਿਜ਼ਨੈੱਸ ਜੈੱਟ (ਲੀਅਰਜੈੱਟ 60) ਰਿਹਾਇਸ਼ੀ ਇਲਾਕੇ ਦੇ ਨੇੜੇ ਇੱਕ ਸੜਕ 'ਤੇ ਡਿੱਗ ਗਿਆ, ਜਿਸ ਨਾਲ ਉਹ ਅੱਗ ਦੇ ਇੱਕ ਵਿਸ਼ਾਲ ਗੋਲੇ ਵਿੱਚ ਤਬਦੀਲ ਹੋ ਗਿਆ। ਅਮਰੀਕਾ ਦੇ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਅਨੁਸਾਰ ਜਹਾਜ਼ ਵਿੱਚ ਸਵਾਰ ਸਾਰੇ 9 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

'ਲੀਅਰਜੈੱਟ 60' ਨੇ ਟੈਕਸਾਸ ਦੇ ਆਸਟਿਨ-ਬਰਗਸਟ੍ਰੋਮ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰੀ ਸੀ ਅਤੇ ਇਹ ਬਹਾਮਾਸ ਵੱਲ ਜਾ ਰਿਹਾ ਸੀ। ਐਤਵਾਰ ਦੁਪਹਿਰ ਲਗਭਗ 12:50 ਵਜੇ ਇਹ ਪਾਮ ਬੀਚ ਕਾਊਂਟੀ ਵਿੱਚ ਕ੍ਰੈਸਟਹੇਵਨ ਨੇੜੇ ਇੱਕ ਰਿਹਾਇਸ਼ੀ ਇਲਾਕੇ ਦੇ ਕੋਲ ਇੱਕ ਮੁੱਖ ਸੜਕ 'ਤੇ ਡਿੱਗ ਗਿਆ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਵੀਡੀਓਜ਼ ਵਿੱਚ ਜਹਾਜ਼ ਨੂੰ ਅਸਮਾਨ ਤੋਂ ਹੇਠਾਂ ਡਿੱਗਦੇ ਅਤੇ ਸੜਕ ਦੇ ਨੇੜੇ ਅੱਗ ਦੇ ਇੱਕ ਵੱਡੇ ਗੋਲੇ ਵਿੱਚ ਬਦਲਦੇ ਹੋਏ ਦੇਖਿਆ ਜਾ ਸਕਦਾ ਹੈ। ਜੈੱਟ ਸੜਕ 'ਤੇ ਚੱਲ ਰਹੇ ਵਾਹਨਾਂ ਤੋਂ ਕੁਝ ਇੰਚ ਦੀ ਦੂਰੀ 'ਤੇ ਡਿੱਗਿਆ, ਜਿਸ ਨਾਲ ਸੜਕ 'ਤੇ ਇੱਕ ਵੱਡਾ ਟੋਆ ਪੈ ਗਿਆ ਅਤੇ ਅੱਗ ਦੀਆਂ ਲਪਟਾਂ ਹਵਾ ਵਿੱਚ ਉੱਠਣ ਲੱਗੀਆਂ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਸੰਘਣਾ ਕਾਲਾ ਧੂੰਆਂ ਫੈਲ ਗਿਆ। ਇਹ ਘਟਨਾ ਰਿਹਾਇਸ਼ੀ ਘਰਾਂ ਤੋਂ ਕੁਝ ਹੀ ਫੁੱਟ ਦੀ ਦੂਰੀ 'ਤੇ ਵਾਪਰੀ।

ਇਹ ਹਾਦਸਾ ਪਾਮ ਬੀਚ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਲੱਬ 'ਮਾਰ-ਏ-ਲਾਗੋ' ਤੋਂ ਲਗਭਗ 7 ਤੋਂ 8 ਮੀਲ ਦੀ ਦੂਰੀ 'ਤੇ ਵਾਪਰਿਆ। ਹਾਦਸੇ ਦੇ ਸਮੇਂ ਰਾਸ਼ਟਰਪਤੀ ਟਰੰਪ ਮੱਧ-ਮਿਆਦੀ ਚੋਣਾਂ (midterm elections) ਨਾਲ ਸਬੰਧਤ ਇੱਕ ਰੈਲੀ ਲਈ ਆਇਓਵਾ ਵਿੱਚ ਸਨ।

ਅਮਰੀਕਾ ਦੇ ਟਰਾਂਸਪੋਰਟ ਸਕੱਤਰ ਸੀਨ ਡਫੀ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਇੱਕ 'ਭਿਆਨਕ ਤ੍ਰਾਸਦੀ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, 'ਕਿਰਪਾ ਕਰਕੇ ਉਨ੍ਹਾਂ ਲੋਕਾਂ ਦੇ ਪਰਿਵਾਰਾਂ ਅਤੇ ਪਿਆਰਿਆਂ ਲਈ ਪ੍ਰਾਰਥਨਾ ਕਰੋ ਜਿਨ੍ਹਾਂ ਨੂੰ ਅਸੀਂ ਗੁਆ ਦਿੱਤਾ ਹੈ।' ਉਨ੍ਹਾਂ ਅੱਗੇ ਦੱਸਿਆ ਕਿ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਅਤੇ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਦੀਆਂ ਟੀਮਾਂ ਨੂੰ ਜਾਂਚ ਕਰਨ ਲਈ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ ਹੈ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਜ਼ਮੀਨ 'ਤੇ ਮੌਜੂਦ ਕੋਈ ਵਿਅਕਤੀ ਜ਼ਖਮੀ ਹੋਇਆ ਹੈ ਜਾਂ ਨਹੀਂ।

ਬਰਤਾਨਵੀ ਸੰਸਦ 'ਚ ਗੂੰਜਿਆ ਪੰਜਾਬ ਦਾ ਨਸ਼ਾ ਮੁੱਦਾ, ਜਥੇਦਾਰ ਗੜਗੱਜ ਨੇ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ



ਲੰਡਨ : ਬਰਤਾਨੀਆ ਦੀ ਸੰਸਦ ਵਿੱਚ ਨਸ਼ਿਆਂ ਵਿਰੁੱਧ ਕੰਮ ਕਰ ਰਹੀ ਯੂਕੇ ਆਧਾਰਿਤ ਸੰਸਥਾ 'ਸਿੱਖ ਰਿਕਵਰੀ ਨੈੱਟਵਰਕ' ਦੀ 10ਵੀਂ ਵਰ੍ਹੇਗੰਢ ਮੌਕੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਮੂਲੀਅਤ ਕਰਦਿਆਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਅਤੇ ਇਸ ਨਾਲ ਬਰਬਾਦ ਹੋ ਰਹੀਆਂ ਨੌਜਵਾਨ ਪੀੜ੍ਹੀਆਂ ਦਾ ਮੁੱਦਾ ਉਠਾਇਆ। ਉਨ੍ਹਾਂ ਨਸ਼ਿਆਂ ਦੀ ਵਿਕਰੀ ਰੋਕਣ ਅਤੇ ਨਸ਼ਾ ਛੱਡਣਾ ਚਾਹੁੰਦੇ ਨੌਜਵਾਨਾਂ ਦੇ ਮੁੜ ਵਸੇਬੇ ਲਈ ਠੋਸ ਪ੍ਰਬੰਧ ਕਰਨ ਵਿੱਚ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਸਿਰਫ਼ ਨਸ਼ਾ ਛੁਡਾਉਣ ਦੀ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੁੜ ਸਨਮਾਨਜਨਕ ਜੀਵਨ ਜਿਊਣ ਦੇ ਯੋਗ ਬਣਾਉਣ ਦੀ ਲੋੜ ਹੈ।

ਬਰਤਾਨਵੀ ਸੰਸਦ ਦੇ ਹਾਊਸ ਆਫ਼ ਕਾਮਨਜ਼ ਵਿੱਚ ਕਰਵਾਏ ਗਏ ਇਸ ਸਮਾਗਮ ਦੌਰਾਨ ਵੱਖ-ਵੱਖ ਸੰਸਦ ਮੈਂਬਰਾਂ, ਸਮਾਜ ਸੇਵੀਆਂ ਅਤੇ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਨਿਕਲ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਵਾਲੇ ਵਿਅਕਤੀਆਂ ਨੇ ਆਪਣੇ ਤਜਰਬੇ ਸਾਂਝੇ ਕੀਤੇ। ਬੁਲਾਰਿਆਂ ਨੇ ਨਸ਼ਿਆਂ ਤੋਂ ਪੀੜਤ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਅਜਿਹੇ ਸਮਾਜਿਕ ਉਪਰਾਲਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਕੇਵਲ ਕਿਸੇ ਇੱਕ ਵਿਅਕਤੀ ਜਾਂ ਪਰਿਵਾਰ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਇਸ ਦਾ ਮਾੜਾ ਪ੍ਰਭਾਵ ਸਮੁੱਚੇ ਸਮਾਜ ਉੱਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਪੇਟ ਵਿੱਚ ਆਉਣ ਵਾਲੇ ਵਿਅਕਤੀ ਨੂੰ ਨਫ਼ਰਤ ਜਾਂ ਤਿਰਸਕਾਰ ਦੀ ਬਜਾਏ ਪਿਆਰ, ਹਮਦਰਦੀ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ। ਮਾੜੀ ਸੰਗਤ ਅਤੇ ਨਸ਼ਿਆਂ ਦੀ ਆਸਾਨ ਉਪਲਬਧਤਾ ਵੀ ਨੌਜਵਾਨਾਂ ਨੂੰ ਇਸ ਦਲਦਲ ਵੱਲ ਧੱਕਣ ਦੇ ਵੱਡੇ ਕਾਰਨ ਹਨ।

ਜਥੇਦਾਰ ਨੇ ਕਿਹਾ ਕਿ ਪੰਜਾਬ ਵਿੱਚ ਸ਼ਰਾਬ ਦੇ ਨਾਲ-ਨਾਲ ਚਿੱਟੇ, ਸਿੰਥੈਟਿਕ ਅਤੇ ਮੈਡੀਕਲ ਨਸ਼ਿਆਂ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਨਸ਼ਾ ਕਰਨ ਵਾਲਾ ਵਿਅਕਤੀ ਜਿੱਥੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ, ਉੱਥੇ ਉਸ ਦੇ ਮਾਪੇ, ਪਤਨੀ, ਬੱਚੇ ਅਤੇ ਪਰਿਵਾਰ ਦੇ ਹੋਰ ਮੈਂਬਰ ਵੀ ਲਗਾਤਾਰ ਤਣਾਅ ਅਤੇ ਮੁਸ਼ਕਲਾਂ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਨਸ਼ਿਆਂ ਦੀ ਸਪਲਾਈ ਉੱਤੇ ਹੀ ਪ੍ਰਭਾਵਸ਼ਾਲੀ ਰੋਕ ਲਗਾ ਦਿੱਤੀ ਜਾਵੇ ਤਾਂ ਅਨੇਕਾਂ ਨੌਜਵਾਨਾਂ ਨੂੰ ਇਸ ਮਾਰੂ ਰਸਤੇ 'ਤੇ ਜਾਣ ਤੋਂ ਬਚਾਇਆ ਜਾ ਸਕਦਾ ਹੈ।

ਉਨ੍ਹਾਂ 'ਸਿੱਖ ਰਿਕਵਰੀ ਨੈੱਟਵਰਕ' ਵੱਲੋਂ ਪਿਛਲੇ ਦਸ ਸਾਲਾਂ ਦੌਰਾਨ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕਰਦਿਆਂ ਸੰਸਥਾ ਦੇ ਪ੍ਰਬੰਧਕਾਂ ਨੂੰ ਪੰਜਾਬ ਆ ਕੇ ਨਸ਼ਿਆਂ ਤੋਂ ਪੀੜਤ ਨੌਜਵਾਨਾਂ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੰਸਥਾ ਦੇ ਤਜਰਬੇ ਅਤੇ ਕੰਮ ਕਰਨ ਦੇ ਢੰਗ ਨੂੰ ਪੰਜਾਬ ਵਿੱਚ ਲਾਗੂ ਕਰਨ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਇਸ ਮੌਕੇ ਮਾਨਸਾ ਵਿੱਚ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਭਾਈ ਪਰਵਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ ਗਿਆ। ਸਮਾਗਮ ਦੌਰਾਨ ਮੂਲ ਮੰਤਰ ਦੇ ਜਾਪ ਕੀਤੇ ਗਏ ਅਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਦੇ ਕਤਲ ਮਾਮਲੇ ਵਿੱਚ ਇਨਸਾਫ਼ ਮਿਲਣ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਨ੍ਹਾਂ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਸਮਾਜਿਕ ਕਾਰਕੁਨਾਂ ਦੇ ਸੰਘਰਸ਼ ਦੀ ਸ਼ਲਾਘਾ ਵੀ ਕੀਤੀ।

ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਉੱਚੇ-ਸੁੱਚੇ ਜੀਵਨ ਦੀ ਪ੍ਰੇਰਨਾ ਦਿੰਦੀ ਹੈ। ਗੁਰਬਾਣੀ ਨਾਲ ਜੁੜ ਕੇ, ਆਪਣੀ ਇੱਛਾ ਸ਼ਕਤੀ ਮਜ਼ਬੂਤ ਕਰਕੇ ਅਤੇ ਸਮਾਜ ਦਾ ਸਹਿਯੋਗ ਪ੍ਰਾਪਤ ਕਰਕੇ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਨਿਕਲਣ ਲਈ ਹੌਸਲਾ ਮਿਲ ਸਕਦਾ ਹੈ। ਉਨ੍ਹਾਂ ਸਿੱਖ ਰਿਕਵਰੀ ਨੈੱਟਵਰਕ ਦੇ ਉਪਰਾਲਿਆਂ ਨੂੰ ਪੀੜਤ ਪਰਿਵਾਰਾਂ ਦੀਆਂ ਜ਼ਿੰਦਗੀਆਂ ਵਿੱਚ ਉਮੀਦ ਦੀ ਰੌਸ਼ਨੀ ਜਗਾਉਣ ਵਾਲਾ ਕਾਰਜ ਦੱਸਿਆ।

ਸਮਾਗਮ ਵਿੱਚ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਸਲੋਅ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ , ਸਮੈਥਵਿਕ ਤੋਂ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ, ਬਰਮਿੰਘਮ ਤੋਂ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ, ਅਤੇ ਡਡਲੀ ਤੋਂ ਸੰਸਦ ਮੈਂਬਰ ਸੋਨੀਆ ਕੁਮਾਰ ਨੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਿੱਖ ਰਿਕਵਰੀ ਨੈੱਟਵਰਕ ਦੇ ਸੰਸਥਾਪਕ ਜਸਵਿੰਦਰ ਸਿੰਘ ਰਾਏ, ਕਾਰਜਕਾਰਨੀ ਬੋਰਡ ਮੈਂਬਰ ਤਰਸੇਮ ਸਿੰਘ, ਕਮਲਦੀਪ ਸਿੰਘ ਸਮਰਾ, ਓਂਕਾਰ ਸਿੰਘ, ਸੁਖਦੀਪ ਸਿੰਘ ਰੰਧਾਵਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਜਸਕਰਨ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਬਰਤਾਨਵੀ ਸੰਸਦ ਦੇ ਦੌਰੇ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਲਾਰਡ ਕੁਲਦੀਪ ਸਿੰਘ ਸਹੋਤਾ ਨੇ ਵੀ ਮੁਲਾਕਾਤ ਕੀਤੀ ਅਤੇ ਵੱਖ-ਵੱਖ ਮਾਮਲਿਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਫੋਰਸਿਥ ਚ ਭਾਰਤੀ ਮੂਲ ਦੀ ਸੁਚਿਤਾ ਪਟੇਲ ਰਚੇਗੀ ਇਤਿਹਾਸ

16 ਸਾਲਾਂ ਤੋਂ ਅਜੇਤੂ ਰਿਪਬਲਿਕਨ ਆਗੂ ਨੂੰ ਦੇ ਰਹੀ ਟੱਕਰ

ਕਮਿੰਗ : ਅਮਰੀਕਾ ਦੇ ਜਾਰਜੀਆ ਰਾਜ ਵਿੱਚ ਸਥਿਤ ਫੋਰਸਿਥ ਕਾਊਂਟੀ ਵਿੱਚ 3 ਨਵੰਬਰ ਨੂੰ ਹੋਣ ਜਾ ਰਹੀਆਂ ਮਧਕਾਲੀ ਚੋਣਾਂ ਦੌਰਾਨ ਭਾਰਤੀ ਮੂਲ ਦੀ ਅਮਰੀਕੀ ਮਹਿਲਾ ਸੁਚਿਤਾ ਪਟੇਲ ਸਥਾਨਕ ਕਮਿਸ਼ਨਰ ਦੇ ਅਹੁਦੇ ਲਈ ਚੋਣ ਮੈਦਾਨ ਵਿੱਚ ਉੱਤਰੀ ਹੈ। ਫੋਰਸਿਥ ਕਾਊਂਟੀ ਇੱਕ ਅਜਿਹਾ ਇਲਾਕਾ ਹੈ, ਜੋ ਕਦੇ ਸ਼ਵੇਤ ਨਸਲੀ ਸਰਵਉੱਚਤਾਵਾਦੀ ਸੰਗਠਨ 'ਕੂ ਕਲਕਸ ਕਲਾਨ' (KKK) ਦਾ ਮਜ਼ਬੂਤ ਗੜ੍ਹ ਰਿਹਾ ਸੀ ਅਤੇ ਜਿੱਥੇ ਨਸਲਵਾਦ ਦਾ ਬੋਲਬਾਲਾ ਸੀ। 40 ਸਾਲਾ ਡੈਮੋਕ੍ਰੇਟਿਕ ਉਮੀਦਵਾਰ ਸੁਚਿਤਾ ਪਟੇਲ ਇਸ ਕਾਊਂਟੀ ਤੋਂ ਚੋਣ ਲੜਨ ਵਾਲੀ ਪਹਿਲੀ ਭਾਰਤੀ-ਅਮਰੀਕੀ ਮਹਿਲਾ ਬਣ ਗਈ ਹੈ।

ਫੋਰਸਿਥ ਕਾਊਂਟੀ ਦਾ ਨਸਲੀ ਹਿੰਸਾ ਦਾ ਇੱਕ ਦਰਦਨਾਕ ਇਤਿਹਾਸ ਰਿਹਾ ਹੈ, ਜਿੱਥੇ ਸਾਲ 1912 ਵਿੱਚ ਕੇ.ਕੇ.ਕੇ. ਗਿਰੋਹਾਂ ਅਤੇ ਸ਼ਵੇਤ ਨਿਵਾਸੀਆਂ ਨੇ ਲਗਭਗ ਪੂਰੀ ਅਸ਼ਵੇਤ ਆਬਾਦੀ ਨੂੰ ਜਬਰਨ ਬਾਹਰ ਖਦੇੜ ਦਿੱਤਾ ਸੀ। ਹਾਲਾਂਕਿ, ਪਿਛਲੇ ਕੁਝ ਦਹਾਕਿਆਂ ਵਿੱਚ ਇੱਥੋਂ ਦੇ ਜਨਸੰਖਿਆ ਸਮੀਕਰਨਾਂ ਵਿੱਚ ਵੱਡਾ ਬਦਲਾਅ ਆਇਆ ਹੈ। ਸਾਲ 2000 ਵਿੱਚ ਇਸ ਕਾਊਂਟੀ ਵਿੱਚ ਭਾਰਤੀ ਭਾਈਚਾਰੇ ਦੀ ਆਬਾਦੀ ਮਹਿਜ਼ 200 ਸੀ, ਜੋ ਹੁਣ ਵਧ ਕੇ ਲਗਭਗ 48,000 ਹੋ ਗਈ ਹੈ। ਫੋਰਸਿਥ ਦੀ ਕੁੱਲ 2.8 ਲੱਖ ਆਬਾਦੀ ਵਿੱਚੋਂ ਲਗਭਗ 61 ਫੀਸਦੀ ਸ਼ਵੇਤ ਲੋਕ ਹਨ, ਜਦੋਂ ਕਿ ਭਾਰਤੀ ਆਬਾਦੀ ਲਗਭਗ 16 ਫੀਸਦੀ ਤੱਕ ਪਹੁੰਚ ਚੁੱਕੀ ਹੈ।



ਭਾਰਤੀ ਪ੍ਰਵਾਸੀ ਮਾਪਿਆਂ ਦੀ ਅਮਰੀਕਾ ਵਿੱਚ ਜਨਮੀ ਧੀ ਸੁਚਿਤਾ ਪਟੇਲ ਪੇਸ਼ੇ ਤੋਂ ਇੱਕ ਅਕਾਊਂਟੈਂਟ ਹੈ। ਉਹ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟੌਡ ਲੈਵੈਂਟ ਵਿਰੁੱਧ ਚੋਣ ਲੜ ਰਹੀ ਹੈ, ਜੋ ਪਿਛਲੇ 16 ਸਾਲਾਂ ਤੋਂ ਇਸ ਪਦ 'ਤੇ ਬਿਨਾਂ ਕਿਸੇ ਵਿਰੋਧ ਦੇ ਨਿਰਵਿਰੋਧ ਜਿੱਤਦੇ ਆ ਰਹੇ ਹਨ। ਪਟੇਲ ਅਨੁਸਾਰ ਉਹ ਆਪਣੇ ਵਿਰੋਧੀ ਦੀ ਧੌਂਸ ਅੱਗੇ ਝੁਕਣ ਦੀ ਬਜਾਏ ਉਸ ਦਾ ਸਾਹਮਣਾ ਕਰਨ ਅਤੇ ਆਪਣੀ 7 ਸਾਲਾ ਧੀ ਸਮੇਤ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਬਿਹਤਰ ਤੇ ਸੁੰਦਰ ਮਾਹੌਲ ਸਿਰਜਣ ਲਈ ਇਸ ਚੋਣ ਮੈਦਾਨ ਵਿੱਚ ਉੱਤਰੀ ਹੈ।

3 ਨਵੰਬਰ ਨੂੰ ਹੋਣ ਵਾਲੀਆਂ ਅਮਰੀਕੀ ਮਧਕਾਲੀ ਚੋਣਾਂ ਦੌਰਾਨ ਅਮਰੀਕੀ ਕਾਂਗਰਸ ਦੀ ਪ੍ਰਤੀਨਿਧੀ ਸਭਾ ਦੀਆਂ ਸਾਰੀਆਂ 435 ਸੀਟਾਂ ਅਤੇ 100 ਮੈਂਬਰੀ ਸੈਨੇਟ ਦੀਆਂ 37 ਸੀਟਾਂ 'ਤੇ ਵੋਟਿੰਗ ਹੋਣੀ ਹੈ। ਇਸ ਤੋਂ ਇਲਾਵਾ ਕਈ ਰਾਜਾਂ ਵਿੱਚ ਗਵਰਨਰ, ਕਾਊਂਟੀ ਕਮਿਸ਼ਨਰ ਅਤੇ ਸਕੂਲ ਬੋਰਡ ਪ੍ਰਮੁੱਖਾਂ ਵਰਗੀਆਂ ਸਥਾਨਕ ਬਾਡੀਜ਼ ਲਈ ਵੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਪ੍ਰਮੁੱਖ ਜਨਮਤ ਸਰਵੇਖਣਾਂ ਅਨੁਸਾਰ ਮਹਿੰਗਾਈ, ਪੈਟਰੋਲ ਤੇ ਰਾਸ਼ਨ ਦੀਆਂ ਵਧਦੀਆਂ ਕੀਮਤਾਂ ਅਤੇ ਰਾਜਨੀਤਿਕ ਨਿਰਾਸ਼ਾ ਕਾਰਨ ਸੱਤਾਧਾਰੀ ਰਿਪਬਲਿਕਨ ਪਾਰਟੀ ਨੂੰ ਸੰਸਦ 'ਚ ਆਪਣਾ ਬਹੁਮਤ ਗੁਆਉਣਾ ਪੈ ਸਕਦਾ ਹੈ।

ਚੋਣ ਕਮਿਸ਼ਨ ਕਟਹਿਰੇ ਵਿਚ

ਬਿਨਾਂ ਸ਼ੱਕ ਭਾਰਤ ਇਕ ਬੇਹੱਦ ਗੁੰਝਲਦਾਰ ਦੇਸ਼ ਹੈ। ਇਸ ਨੂੰ ਵੋਟਾਂ ਰਾਹੀਂ ਸਥਾਪਿਤ ਜਮਹੂਰੀਅਤ ਦਾ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਮੰਨਿਆ ਜਾਂਦਾ ਹੈ, ਪਰ ਇਸ ਗੱਲ 'ਤੇ ਪਿਛਲੇ ਲੰਮੇ ਸਮੇਂ ਤੋਂ ਵੱਡੇ ਕਿੰਤੂ-ਪ੍ਰੰਤੂ ਹੁੰਦੇ ਰਹੇ ਹਨ ਕਿ ਇਸ ਨਾਲ ਲਗਦੇ ਦੂਸਰੇ ਦੇਸ਼ਾਂ ਦੀਆਂ ਸਰਹੱਦਾਂ ਤੋਂ ਅਕਸਰ ਵੱਡੀ ਗਿਣਤੀ ਵਿਚ ਲੋਕ ਇੱਥੇ ਦਾਖ਼ਲ ਹੋ ਜਾਂਦੇ ਹਨ। ਪੱਛਮੀ ਬੰਗਾਲ ਤੇ ਅਸਾਮ ਵਿਚ ਦਹਾਕਿਆਂ ਤੋਂ ਇਹ ਦਾਖ਼ਲਾ ਇਕ ਗੁੰਝਲਦਾਰ ਅੜਾਉਣੀ ਬਣਿਆ ਰਿਹਾ ਹੈ। ਨਿਪਾਲ ਦੀ ਸਰਹੱਦ 'ਤੇ ਵੀ ਬਹੁਤੀ ਪਹਿਰੇਦਾਰੀ ਨਾ ਹੋਣ ਕਾਰਨ ਲੋਕ ਇੱਥੋਂ ਦਾਖ਼ਲ ਹੋ ਜਾਂਦੇ ਹਨ। ਇਸ ਦੇ ਨਾਲ ਹੀ ਦੇਸ਼ ਵਿਚ ਲੋਕਾਂ ਦਾ ਦੂਸਰੀਆਂ ਥਾਵਾਂ ਤੋਂ ਆਉਣਾ-ਜਾਣਾ ਵੀ ਆਮ ਰਹਿੰਦਾ ਹੈ। ਲੋਕ ਕਿਸੇ ਵੀ ਥਾਂ 'ਤੇ ਰੋਜ਼ੀ-ਰੋਟੀ ਕਮਾਉਣ ਜਾਂ ਵਪਾਰ ਕਰਨ ਲਈ ਜਾਣ ਲਈ ਆਜ਼ਾਦ ਹਨ। ਇਸ ਕਾਰਨ ਵੀ ਦੋਹਰੀਆਂ ਵੋਟਾਂ ਬਣਨ ਦਾ ਵੱਡਾ ਖ਼ਦਸ਼ਾ ਬਣਿਆ ਰਹਿੰਦਾ ਹੈ।

ਸਮੇਂ-ਸਮੇਂ 'ਤੇ ਵੋਟਰ ਸਰਵੇਖਣ ਨਾ ਹੋਣ ਕਾਰਨ ਪੱਕੇ ਤੌਰ 'ਤੇ ਦੇਸ਼ ਬਦਲੀ ਕਰਨ ਵਾਲੇ ਜਾਂ ਮਰ ਚੁੱਕੇ ਵੋਟਰਾਂ ਦੀ ਪਛਾਣ ਕੀਤੀ ਜਾਣੀ ਵੀ ਜ਼ਰੂਰੀ ਹੁੰਦੀ ਹੈ। ਇਸ ਲਈ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਜਦੋਂ ਤੋਂ ਚੋਣ ਕਮਿਸ਼ਨ ਵਲੋਂ ਵਿਸ਼ੇਸ਼ ਗਹਿਰੀ ਸੋਧ (ਐਸ. ਆਈ. ਆਰ.) ਦੀ ਕਵਾਇਦ ਸ਼ੁਰੂ ਕੀਤੀ ਗਈ ਹੈ, ਉਸ ਸਮੇਂ ਤੋਂ ਹੀ ਚੋਣ ਕਮਿਸ਼ਨ ਵਲੋਂ ਲਾਗੂ ਕੀਤੀ ਗਈ ਪ੍ਰਕਿਰਿਆ ਅਤੇ ਉਸ ਦੇ ਕੰਮ-ਕਾਜ ਦੇ ਤਰੀਕੇ ਉੱਤੇ ਵੱਡੇ ਕਿੰਤੂ-ਪ੍ਰੰਤੂ ਲੱਗਣੇ ਸ਼ੁਰੂ ਹੋ ਗਏ। ਖ਼ਾਸ ਤੌਰ 'ਤੇ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਪਹਿਲਾਂ ਬਿਹਾਰ ਦੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਉੱਠੇ ਸਵਾਲਾਂ ਦਾ ਚੋਣ ਕਮਿਸ਼ਨ ਨੂੰ ਜਵਾਬ ਦੇਣਾ ਬੇਹੱਦ ਮੁਸ਼ਕਿਲ ਲਗ ਰਿਹਾ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਵੀ ਲੱਖਾਂ ਹੀ ਲੋਕ ਆਪਣੇ ਵੋਟ ਦੇਣ ਦੇ ਅਧਿਕਾਰ ਦੀ ਵਰਤੋਂ ਨਹੀਂ ਕਰ ਸਕੇ ਸਨ, ਕਿਉਂਕਿ ਚੋਣ ਕਮਿਸ਼ਨ ਵਲੋਂ ਸੁਧਾਈ ਲਈ ਅਪਣਾਈ ਪ੍ਰਕਿਰਿਆ ਬੇਹੱਦ ਗੁੰਝਲਦਾਰ ਹੋਣ ਕਰਕੇ ਇਹ ਆਮ ਆਦਮੀ ਦੀ ਸਮਝ ਵਿਚ ਨਹੀਂ ਸੀ ਆਈ। ਇਸ ਸੰਬੰਧੀ ਪੱਛਮੀ ਬੰਗਾਲ ਦੇ ਵੋਟਰਾਂ ਵਲੋਂ ਨਿਆਇਕ ਅਧਿਕਾਰੀਆਂ ਕੋਲ ਲੱਖਾਂ ਹੀ ਪਟਸ਼ੀਨਾਂ ਪਾਈਆਂ ਗਈਆਂ ਹਨ, ਜਿਨ੍ਹਾਂ ਦੀ ਸੁਣਵਾਈ ਕਰ ਸਕਣਾ ਸੌਖਾ ਕੰਮ ਨਹੀਂ ਹੈ, ਸਗੋਂ ਬੇਹੱਦ ਲੰਮੇ ਸਮੇਂ ਦਾ ਕੰਮ ਹੈ।

ਬਿਹਾਰ ਦੇ ਵੋਟਰਾਂ ਵਿਚ ਵੀ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਨੂੰ ਲੈ ਕੇ ਵੱਡੀ ਤਰਥਲੀ ਮਚੀ ਰਹੀ ਸੀ, ਜਿਸ ਦਾ ਸੰਤੁਸ਼ਟੀਜਨਕ ਜਵਾਬ ਹੁਣ ਚੋਣ ਕਮਿਸ਼ਨ ਸਹੀ ਢੰਗ ਨਾਲ ਦੇਣ ਤੋਂ ਅਸਮਰਥ ਰਿਹਾ ਹੈ ਅਤੇ ਹੁਣ ਤੱਕ ਚੋਣ ਕਮਿਸ਼ਨ ਦਾ ਇਸੇ ਤਰ੍ਹਾਂ ਅਮਲ ਜਾਰੀ ਹੈ। ਇਕ-ਇਕ ਰਾਜ ਵਿਚੋਂ ਲੱਖਾਂ ਹੀ ਵੋਟਰਾਂ ਦੇ ਨਾਂਅ ਕੱਟੇ ਜਾਣੇ ਕਮਿਸ਼ਨ ਦੀ ਕਾਰਜ-ਸ਼ੈਲੀ 'ਤੇ ਵੱਡੇ ਸਵਾਲ ਜ਼ਰੂਰ ਖੜ੍ਹੇ ਕਰਦਾ ਹੈ। ਦਿੱਲੀ ਵਿਚ ਇਕ ਸਰਵੇਖਣ ਦੌਰਾਨ 43 ਲੱਖ ਵੋਟਰਾਂ ਨੂੰ 'ਗ਼ੈਰ-ਹਾਜ਼ਰ' ਜਾਂ 'ਥਾਂ ਬਦਲ ਗਏ' ਦੀ ਸ਼੍ਰੇਣੀ ਵਿਚ ਰੱਖ ਕੇ ਵੋਟਰ ਸੂਚੀਆਂ ਵਿਚੋਂ ਬਾਹਰ ਕਰ ਦਿੱਤਾ ਗਿਆ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਲਗਭਗ 31.59 ਲੱਖ ਵੋਟਰਾਂ ਨੂੰ ਸਥਾਈ ਤੌਰ 'ਤੇ ਥਾਂ ਤਬਦੀਲ ਤੇ 11 ਲੱਖ ਨੂੰ ਗ਼ੈਰ-ਹਾਜ਼ਰ ਜਾਂ ਲਾਪਤਾ ਕਰਨ ਵਾਲੀ ਸ਼੍ਰੇਣੀ ਵਿਚ ਰੱਖਿਆ ਗਿਆ। ਇਸ ਸੰਬੰਧੀ ਪਾਈਆਂ ਗਈਆਂ ਪਟਸ਼ੀਨਾਂ ਮੁਤਾਬਿਕ ਵੋਟਰ ਸੂਚੀਆਂ ਦੀ ਸੁਧਾਈ ਸ਼ੁਰੂ ਹੋਣ ਸਮੇਂ ਦਿੱਲੀ ਵਿਚ 1.45 ਕਰੋੜ ਵੋਟਰ ਸਨ। ਕਰੀਬ 97 ਲੱਖ ਲੋਕਾਂ ਨੇ 'ਐਨਿਊਮਰੇਸ਼ਨ' ਫਾਰਮ ਜਮ੍ਹਾਂ ਕਰਵਾਏ। 47 ਲੱਖ ਲੋਕਾਂ ਦੇ ਫਾਰਮ ਜਮ੍ਹਾਂ ਨਹੀਂ ਹੋ ਸਕੇ। ਇਸ 'ਤੇ ਚਲਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਲੋਕਾਂ ਤੋਂ ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਵੀ ਵੋਟ ਦਾ ਅਧਿਕਾਰ ਨਹੀਂ ਖੋਹਿਆ ਜਾ ਸਕਦਾ। ਸੁਪਰੀਮ ਕੋਰਟ ਨੇ ਇਹ ਵੀ ਪੁੱਛਿਆ ਕਿ ਵੋਟਰ ਸੂਚੀਆਂ ਤੋਂ ਬਾਹਰ ਰਹਿ ਗਏ ਵੋਟਰਾਂ ਨੂੰ 'ਫਾਰਮ 6' ਕਿਉਂ ਭਰਨ ਲਈ ਕਿਹਾ ਗਿਆ, ਜੋ ਕਿ ਪਹਿਲੀ ਵਾਰ ਵੋਟ ਬਣਾਉਣ ਵਾਲਿਆਂ ਵਲੋਂ ਭਰਿਆ ਜਾਂਦਾ ਹੈ। ਸੁਪਰੀਮ ਕੋਰਟ ਵਿਚ ਸਿਆਸੀ ਪਾਰਟੀਆਂ ਦੇ ਆਗੂਆਂ ਤੇ ਅਨੇਕਾਂ ਨਾਗਰਿਕਾਂ ਵਲੋਂ ਦਿੱਤੇ ਗਏ ਹਲਫ਼ੀਆ ਬਿਆਨਾਂ ਵਿਚ ਜੋ ਗੱਲਾਂ ਕਹੀਆਂ ਗਈਆਂ ਹਨ, ਉਨ੍ਹਾਂ ਸੰਬੰਧੀ ਚੋਣ ਕਮਿਸ਼ਨਰ ਵਲੋਂ ਦਾਖ਼ਲ ਬਿਆਨ ਦੇ ਜਵਾਬ ਵਿਚ ਬਿਆਨ ਦਾਖ਼ਲ ਕਰਵਾਉਣ ਲਈ ਸੁਪਰੀਮ ਕੋਰਟ ਨੇ ਪਟੀਸ਼ਨਰਾਂ ਨੂੰ 10 ਦਿਨ ਦਿੱਤੇ ਹਨ ਅਤੇ ਅਗਲੀ ਸੁਣਵਾਈ 17 ਨਵੰਬਰ ਨੂੰ ਹੋਵੇਗੀ। ਇਸ ਸਾਰੇ ਘਟਨਾਕ੍ਰਮ 'ਤੇ ਸਿਆਸੀ ਪਾਰਟੀਆਂ ਦਾ ਪਾਰਾ ਬੇਹੱਦ ਚੜ੍ਹਿਆ ਹੋਇਆ ਹੈ। ਕਾਂਗਰਸ ਤੇ ਹੋਰ ਵੱਡੀਆਂ ਪਾਰਟੀਆਂ ਇਸ ਲਈ ਬਜ਼ਿੱਦ ਹਨ ਕਿ ਮੁੱਖ ਚੋਣ ਕਮਿਸ਼ਨਰ ਅਸਤੀਫ਼ਾ ਦੇਵੇ।

ਚੋਣ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ, ਜਿੱਥੇ ਕਾਰਜਪਾਲਿਕਾ ਵਲੋਂ ਉਸ ਦੇ ਮੈਂਬਰਾਂ ਨੂੰ ਸੌਖਿਆਂ ਹਟਾਇਆ ਨਹੀਂ ਜਾ ਸਕਦਾ। ਹਟਾਉਣ ਦੀ ਇਹ ਪ੍ਰਕਿਰਿਆ ਵੱਡੀ ਤੇ ਲੰਮੀ ਹੈ। ਇਹ ਉਵੇਂ ਹੈ, ਜਿਵੇਂ ਸੁਪਰੀਮ ਕੋਰਟ ਦੇ ਕਿਸੇ ਜੱਜ 'ਤੇ ਦੋਸ਼ ਲੱਗਣ 'ਤੇ ਉਸ 'ਤੇ ਮਹਾਂਦੋਸ਼ ਚਲਾ ਕੇ ਉਸ ਨੂੰ ਸੰਸਦ ਰਾਹੀਂ ਕੱਢਣ ਦੀ ਕਾਰਵਾਈ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਲਗਾਤਾਰ ਇਹ ਦੋਸ਼ ਵੀ ਲਗਾ ਰਹੀਆਂ ਹਨ ਕਿ ਮੁੱਖ ਚੋਣ ਕਮਿਸ਼ਨਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰਿਆਂ 'ਤੇ ਚੱਲ ਰਿਹਾ ਹੈ। ਰਾਹੁਲ ਗਾਂਧੀ ਲਗਾਤਾਰ ਚੋਣ ਕਮਿਸ਼ਨ 'ਤੇ ਦੇਸ਼ ਵਿਚ ਵੱਡੀ ਪੱਧਰ 'ਤੇ ਵੋਟ ਚੋਰੀ ਕਰਨ ਦੇ ਇਲਜ਼ਾਮ ਲਾ ਰਹੇ ਹਨ। ਚਾਹੇ ਹਾਲੇ ਤੱਕ ਉਨ੍ਹਾਂ ਨੇ ਸੁਪਰੀਮ ਕੋਰਟ ਜਾਂ ਚੋਣ ਕਮਿਸ਼ਨ ਸਾਹਮਣੇ ਕਿਸੇ ਠੋਸ ਸਬੂਤ ਨਾਲ ਹਲਫ਼ੀਆ ਬਿਆਨ ਦਾਖ਼ਲ ਨਹੀਂ ਕੀਤਾ ਪਰ ਇਸ ਗੱਲ ਵਿਚ ਵੀ ਸਚਾਈ ਹੈ ਕਿ ਹੁਣ ਤੱਕ ਦੇਸ਼ ਦੇ 13 ਕਰੋੜ ਵੋਟਰਾਂ ਨੂੰ ਵੋਟਰ ਸੂਚੀਆਂ ਵਿਚੋਂ ਕੱਢਿਆ ਜਾ ਚੁੱਕਿਆ ਹੈ ਅਤੇ ਉਨ੍ਹਾਂ ਵਿਚੋਂ ਸਹੀ ਵੋਟਰਾਂ ਨੂੰ ਦੁਬਾਰਾ ਸੂਚੀ ਵਿਚ ਦਾਖ਼ਲ ਕਰਨ ਬਾਰੇ ਚੋਣ ਕਮਿਸ਼ਨ ਨੇ ਕੋਈ ਸਰਲ ਕਿਸਮ ਦੀ ਵਿਵਸਥਾ ਨਹੀਂ ਬਣਾਈ। ਵੱਖ-ਵੱਖ ਪੱਧਰ 'ਤੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਇਹ ਕਿਹਾ ਹੈ ਕਿ ਇਨ੍ਹਾਂ ਪਟੀਸ਼ਨਾਂ ਦੇ ਇਤਰਾਜ਼ਾਂ ਸਮੇਤ ਹਰ ਚੀਜ਼ ਨੂੰ ਡੂੰਘਾਈ ਨਾਲ ਵਾਚਿਆ ਜਾਵੇਗਾ ਪਰ ਇਹ ਸਾਰੇ ਘਟਨਾਕ੍ਰਮ ਵਿਚ ਅੱਜ ਚੋਣ ਕਮਿਸ਼ਨ ਸਰਬਉੱਚ ਅਦਾਲਤ ਦੇ ਕਟਹਿਰੇ ਵਿਚ ਜ਼ਰੂਰ ਖੜ੍ਹਾ ਹੋਇਆ ਦਿਖਾਈ ਦਿੰਦਾ ਹੈ। ਸੁਪਰੀਮ ਕੋਰਟ ਵਲੋਂ ਇਕ ਸੀਮਤ ਸਮੇਂ ਵਿਚ ਦਿੱਤੇ ਇਸ ਫ਼ੈਸਲੇ ਨਾਲ ਲੋਕਾਂ ਨੂੰ ਵੱਡੀ ਰਾਹਤ ਦੀ ਸੰਭਾਵਨਾ ਜ਼ਰੂਰ ਨਜ਼ਰ ਆਉਂਦੀ ਹੈ।

ਪੰਚਤੰਤਰ ਤੋਂ ਸਬਕ ਸਿੱਖਣ ਦੀ ਲੋੜ



ਦਿੱਲੀ ਦੇ ਲੁਟੀਅਨਜ਼ ਵਿਚਲੀ ਹਾਲੀਆ ਉਥਲ-ਪੁਥਲ ਬਾਰੇ ਸੋਚਦਿਆਂ ਸਾਡਾ ਮਨ ਪ੍ਰਾਚੀਨ ਗ੍ਰੰਥ 'ਪੰਚਤੰਤਰ' ਵੱਲ ਮੁੜ ਜਾਂਦਾ ਹੈ। ਇਹ ਸਾਨੂੰ ਡੂੰਘਾ ਸਕੂਨ ਅਤੇ ਸਮਝ ਪ੍ਰਦਾਨ ਕਰਦਾ ਹੈ। ਪੰਚਤੰਤਰ ਦੇ ਪੰਜ ਭਾਗ ਹਨ, ਜੋ ਆਪਸ ਵਿੱਚ ਰਹੱਸਮਈ ਤਰੀਕੇ ਨਾਲ ਜੁੜੇ ਹੋਏ ਹਨ। ਇਸ ਦੀ ਹਰਮਨਪਿਆਰਤਾ ਕਾਰਨ ਬਹੁਤ ਸਾਰੇ ਪਾਠਕ ਇਸ ਨੂੰ ਸਿਰਫ਼ ਜਾਨਵਰਾਂ ਦੀਆਂ ਸਿੱਖਿਆਦਾਇਕ ਕਾਲਪਨਿਕ ਕਹਾਣੀਆਂ ਦਾ ਸੰਗ੍ਰਹਿ ਸਮਝਦੇ ਹਨ। ਕੁਝ ਕਹਾਣੀਆਂ ਬਾਰੇ ਇਹ ਗੱਲ ਠੀਕ ਵੀ ਹੋ ਸਕਦੀ ਹੈ ਪਰ ਸਾਰੀਆਂ ਬਾਰੇ ਨਹੀਂ। ਇਸੇ ਕਾਰਨ 'ਪੰਚਤੰਤਰ' ਦੀਆਂ ਕੁਝ ਚੋਣਵੀਆਂ ਕਹਾਣੀਆਂ ਹੀ ਬੱਚਿਆਂ ਲਈ ਢੁਕਵੀਆਂ ਮੰਨੀਆਂ ਜਾਂਦੀਆਂ ਹਨ। ਪੰਚਤੰਤਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਡੂੰਘੇ ਸਿਆਸੀ ਅਤੇ ਪ੍ਰਸ਼ਾਸਨਿਕ ਸੁਨੇਹੇ ਦਿੰਦੀਆਂ ਹਨ, ਜਿਨ੍ਹਾਂ ਨੂੰ ਸਮਝਣਾ ਚੁਣੌਤੀ ਹੈ। ਇਸ ਦੀ ਬਣਤਰ ਵੀ ਘੱਟ ਅਹਿਮ ਨਹੀਂ ਹੈ। ਇਸ ਦੀਆਂ ਕਹਾਣੀਆਂ ਅਤੇ ਇਨ੍ਹਾਂ ਦੇ ਅਰਥਾਂ ਵਿੱਚ ਕਈ ਤਰ੍ਹਾਂ ਦੀਆਂ ਪ੍ਰਤੀਕਾਤਮਕ ਪਰਤਾਂ ਲੁਕੀਆਂ ਹੋਈਆਂ ਹਨ। ਇਹ ਕਹਾਣੀਆਂ ਸਾਨੂੰ ਇਹ ਪੜਚੋਲ ਕਰਨ ਦੇ ਯੋਗ ਬਣਾਉਂਦੀਆਂ ਹਨ ਕਿ ਆਮ ਲੋਕ ਵੱਖ-ਵੱਖ ਨਜ਼ਰੀਏ ਤੋਂ ਸਰਕਾਰ/ਸਟੇਟ ਨਾਲ ਕਿਵੇਂ ਜੁੜੇ ਹੋ ਸਕਦੇ ਹਨ। ਨਾਗਰਿਕ ਜਾਂ ਮਨੁੱਖੀ ਅਧਿਕਾਰਾਂ ਦੀ ਧਾਰਨਾ ਦੇ ਪੈਦਾ ਹੋਣ ਤੋਂ ਬਹੁਤ ਪਹਿਲਾਂ ਰਚੇ ਗਏ ਪੰਚਤੰਤਰ ਦੀ ਬਣਤਰ, ਕਹਾਣੀਆਂ ਅਤੇ ਪਾਤਰ ਸਾਡੀਆਂ ਮੌਜੂਦਾ ਮੁਸ਼ਕਿਲਾਂ ਨਾਲ ਅਦਭੁੱਤ ਢੰਗ ਨਾਲ ਮੇਲ ਖਾਂਦੇ ਹਨ। ਅਧਿਕਾਰ ਅੱਜ ਦੇ ਦੌਰ ਵਿੱਚ ਨਾਗਰਿਕਤਾ ਦਾ ਲਾਜ਼ਮੀ ਅੰਗ ਹਨ ਪਰ ਇਹ ਇੱਕੋ-ਇੱਕ ਧੁਰਾ ਨਹੀਂ, ਜਿਸ ਦੇ ਆਧਾਰ 'ਤੇ ਨਾਗਰਿਕ ਖ਼ੁਦ ਨੂੰ ਰਾਜ (ਸਰਕਾਰ/ਸਟੇਟ) ਨਾਲ ਜੁੜਿਆ ਮਹਿਸੂਸ ਕਰਦੇ ਹਨ। ਦਰਅਸਲ, ਫਲਸਫ਼ਾਨਾ ਤੌਰ 'ਤੇ ਆਮ ਲੋਕ ਹੀ ਰਾਜ (ਸਰਕਾਰ/ਸਟੇਟ) ਦਾ ਨਿਰਮਾਣ ਕਰਦੇ ਹਨ ਅਤੇ ਰਾਜ ਦੇ ਦਿਸਦੇ ਅਹੁਦੇਦਾਰ ਜਾਂ ਨੁਮਾਇੰਦੇ ਅਸਲ ਵਿੱਚ ਲੋਕਾਂ ਵੱਲੋਂ ਹੀ ਦੇਸ਼ ਦੀ ਸੇਵਾ ਕਰਦੇ ਹਨ।

ਹਾਲਾਂਕਿ ਕਦੇ-ਕਦਾਈਂ ਪਾਈ ਜਾਣ ਵਾਲੀ ਵੋਟ ਸਾਨੂੰ ਅਕਸਰ ਸਟੇਟ ਅਤੇ ਇਸ ਦੇ ਤੰਤਰ ਨਾਲ ਆਪਣੇ ਰੋਜ਼ਾਨਾ ਦੇ ਰਿਸ਼ਤੇ ਨੂੰ ਭੁਲਾ ਦਿੰਦੀ ਹੈ। ਪੰਚਤੰਤਰ ਸਾਨੂੰ ਉਨ੍ਹਾਂ ਅਨੇਕਾਂ ਤਰੀਕਿਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਰਾਹੀਂ ਸਮਾਜ ਦੇ ਆਮ ਲੋਕ ਉਸ 'ਨੀਤੀ' ਉੱਤੇ ਅਮਲ ਕਰਦੇ ਹਨ, ਜਿਸ ਉੱਤੇ ਰਾਜ ਅਸਲ ਵਿੱਚ ਆਧਾਰਿਤ ਹੋਣਾ ਚਾਹੀਦਾ ਹੈ। ਨੀਤੀ ਸ਼ਾਸਤਰ ਦੇ ਗ੍ਰੰਥ ਵਜੋਂ 'ਪੰਚਤੰਤਰ' ਅੱਜ ਸਾਨੂੰ ਕਿਤੇ ਵੱਧ ਸਮਝਾ ਸਕਦਾ ਹੈ, ਜਿੰਨਾ ਅਸੀਂ ਸ਼ਾਇਦ ਸੋਚ ਵੀ ਨਹੀਂ ਸਕਦੇ।

ਇਸ ਦੀ ਹਰ ਕਹਾਣੀ ਦਾ ਅੰਤ ਉਸ ਸਮੱਸਿਆ ਨੂੰ ਹੱਲ ਕਰਨ ਨਾਲ ਹੁੰਦਾ ਹੈ ਜਿਸ ਤੋਂ ਉਹ ਸ਼ੁਰੂ ਹੁੰਦੀ ਹੈ, ਪਰ ਇਹ ਅੰਤ ਹਮੇਸ਼ਾ ਹੀ ਨਵੇਂ ਸਵਾਲਾਂ ਅਤੇ ਬਹਿਸ ਨੂੰ ਜਨਮ ਦਿੰਦਾ ਹੈ, ਜਿਸ ਤੋਂ ਬਾਅਦ ਇੱਕ ਹੋਰ ਕਹਾਣੀ ਸ਼ੁਰੂ ਹੋ ਜਾਂਦੀ ਹੈ। ਕਿਸੇ ਕਹਾਣੀ ਦੇ ਅੰਤ ਵਿੱਚ ਉੱਠਣ ਵਾਲੀ ਬਹਿਸ ਵੱਖੋ-ਵੱਖਰੀਆਂ ਵਿਆਖਿਆਵਾਂ ਦੀ ਸੰਭਾਵਨਾ ਨੂੰ ਉਜਾਗਰ ਕਰਦੀ ਹੈ ਅਤੇ ਇਸ ਤਰ੍ਹਾਂ ਇੱਕ ਹੋਰ ਕਹਾਣੀ ਦੀ ਲੋੜ ਪੈ ਜਾਂਦੀ ਹੈ।

ਦੂਜੇ ਭਾਗ ਵਿੱਚ ਦੁਨੀਆ ਦੇ ਹਾਲਾਤ 'ਤੇ ਚਰਚਾ ਕਰਨਾ ਮੁੱਖ ਪਾਤਰਾਂ ਨੂੰ ਬੇਅੰਤ ਖ਼ੁਸ਼ੀ ਦਿੰਦਾ ਹੈ। ਇਹ ਭਾਗ ਬਿਲਕੁਲ ਵੱਖ-ਵੱਖ ਪਿਛੋਕੜ ਵਾਲੇ ਚਾਰ ਜੀਵਾਂ - ਇੱਕ ਕਾਂ, ਇੱਕ ਹਿਰਨ, ਇੱਕ ਚੂਹਾ ਅਤੇ ਇੱਕ ਕੱਛੂਕੁੰਮੇ - ਦੀ ਦੋਸਤੀ ਬਾਰੇ ਹੈ। ਹਰ ਦੁਪਹਿਰ ਉਹ ਇੱਕ ਵੱਡੇ ਪੁਰਾਣੇ ਰੁੱਖ ਹੇਠ ਇਕੱਠੇ ਹੁੰਦੇ ਹਨ ਅਤੇ ਆਪਣੀ ਦੁਨੀਆ ਯਾਨੀ ਜੰਗਲ ਦੇ ਹਾਲਾਤ ਦਾ ਜਾਇਜ਼ਾ ਲੈਂਦੇ ਹਨ।

ਕਿਸੇ ਯੂਨੀਵਰਸਿਟੀ ਜਾਂ ਕਾਲਜ ਲਈ ਇਸ ਤੋਂ ਵਧੀਆ ਆਦਰਸ਼ ਹੋਰ ਕੀ ਹੋ ਸਕਦਾ ਹੈ? ਪਰ ਅਫ਼ਸੋਸ, ਅੱਜ ਦੀਆਂ ਸਾਡੀਆਂ ਯੂਨੀਵਰਸਿਟੀਆਂ ਇਹ ਆਦਰਸ਼ ਗੁਆ ਚੁੱਕੀਆਂ ਹਨ। ਉਨ੍ਹਾਂ ਨੇ ਇੱਕ ਵੱਖਰਾ ਆਦਰਸ਼ ਅਪਣਾ ਲਿਆ ਹੈ: ਵਿਅਕਤੀਗਤ ਸਫ਼ਲਤਾ ਦੀ ਦੌੜ ਅਤੇ ਮੌਜੂਦਾ ਵਿਵਸਥਾ ਅੱਗੇ ਸਿਰ ਝੁਕਾਉਣਾ। ਹਜ਼ਾਰਾਂ ਵਿਦਿਆਰਥੀ ਆਪਣੇ ਨਿੱਜੀ ਟੀਚੇ ਨੂੰ ਹਾਸਲ ਕਰਨ ਵਿੱਚ ਨਾਕਾਮ ਹੋ ਜਾਂਦੇ ਹਨ। ਇਕੱਲਿਆਂ ਕੀਤਾ ਗਿਆ ਉਨ੍ਹਾਂ ਦਾ ਲੰਮਾ ਸੰਘਰਸ਼ ਉਨ੍ਹਾਂ ਦੀ ਜਵਾਨੀ ਦੀ ਊਰਜਾ ਜਾਂ ਉਤਸ਼ਾਹ ਨੂੰ ਨਿਚੋੜ ਦਿੰਦਾ ਹੈ, ਜਿਸ ਨਾਲ ਉਹ ਉਸ ਤਰ੍ਹਾਂ ਦੁਨੀਆ ਦਾ ਜਾਇਜ਼ਾ ਨਹੀਂ ਲੈ ਪਾਉਂਦੇ ਜਿਵੇਂ 'ਪੰਚਤੰਤਰ' ਵਿਚਲੇ ਚਾਰ ਦੋਸਤ ਲੈਂਦੇ ਸਨ।

'ਪੰਚਤੰਤਰ' ਦਾ ਤੀਜਾ ਭਾਗ ਸਦੀਵੀ ਵੈਰ ਜਾਂ ਦੁਸ਼ਮਣੀ ਦੀ ਸਮੱਸਿਆ ਨਾਲ ਨਜਿੱਠਦਾ ਹੈ। ਇਹ ਭਾਗ ਵੱਖ-ਵੱਖਰੀਆਂ ਸਲਾਹਾਂ ਅਤੇ ਸਾਜ਼ਿਸ਼ ਰਾਹੀਂ ਨਿਕਲੇ ਭਿਆਨਕ ਸਿੱਟੇ ਵੱਲ ਧਿਆਨ ਦਿਵਾਉਂਦਾ ਹੈ। ਇਹ ਦੁਸ਼ਮਣੀ ਇੱਕ ਭਿਆਨਕ ਹਿੰਸਕ ਘਟਨਾ ਨਾਲ ਖ਼ਤਮ ਹੁੰਦੀ ਹੈ, ਜੋ ਪਾਠਕ ਦੇ ਮਨ ਵਿੱਚ ਵੱਡੀ ਦੁਬਿਧਾ ਅਤੇ ਬੇਚੈਨੀ ਛੱਡ ਜਾਂਦੀ ਹੈ। ਇਹ ਬੇਚੈਨੀ ਇਸ ਸ਼ੱਕ ਵਿੱਚੋਂ ਪੈਦਾ ਹੁੰਦੀ ਹੈ ਕਿ ਸ਼ਾਇਦ ਵਿਰੋਧੀ ਧਿਰਾਂ ਨੇ 'ਪੰਚਤੰਤਰ' ਦੇ ਮੂਲ ਨੈਤਿਕ ਸਿਧਾਂਤ (ਭਾਵ ਕਿਸੇ ਵੀ, ਇੱਥੋਂ ਤੱਕ ਕਿ ਪੁਰਾਣੀ ਤੋਂ ਪੁਰਾਣੀ ਸਮੱਸਿਆ ਨੂੰ ਵੀ ਆਪਸੀ ਬਹਿਸ ਅਤੇ ਦਲੀਲਾਂ ਰਾਹੀਂ ਹੱਲ ਕਰਨ) ਦੀ ਪਾਲਣਾ ਨਹੀਂ ਕੀਤੀ। ਕੋਈ ਹੈਰਾਨੀ

ਕ੍ਰਿਸ਼ਨਾ ਕੁਮਾਰ

ਦੀ ਗੱਲ ਨਹੀਂ ਕਿ ਇਸ ਤੀਜੇ ਭਾਗ ਤੋਂ ਬਾਅਦ ਆਖ਼ਰੀ ਦੋ ਭਾਗ ਆਉਂਦੇ ਹਨ, ਜਿਨ੍ਹਾਂ ਦੇ ਸਿਰਲੇਖ ਕ੍ਰਮਵਾਰ 'ਪ੍ਰਾਪਤ ਕੀਤੇ ਲਾਭ ਦਾ ਨੁਕਸਾਨ' ਅਤੇ 'ਬਿਨਾਂ ਪਰਖੇ ਕੀਤਾ ਕੰਮ' ਹਨ। ਇਨ੍ਹਾਂ ਦੋਵਾਂ ਭਾਗਾਂ ਦੀ ਸੁਰ ਦੁਖਾਂਤਕ ਹੈ, ਜੋ ਨੀਤੀ ਦੀ ਉਲੰਘਣਾ ਵਿਰੁੱਧ ਚਿਤਾਵਨੀ ਦਾ ਕੰਮ ਕਰਦੀ ਹੈ।

ਚੌਥੇ ਭਾਗ ਵਿੱਚ ਮੁੱਖ ਕਹਾਣੀ ਵਿਸ਼ਵਾਸਘਾਤ ਦੇ ਸਿੱਟਿਆਂ ਬਾਰੇ ਹੈ। ਇਹ ਇੱਕ ਮਸ਼ਹੂਰ ਕਹਾਣੀ ਹੈ, ਜੋ ਇੱਕ ਬਾਂਦਰ ਅਤੇ ਮਗਰਮੱਛ ਵਿਚਕਾਰ ਡੂੰਘੀ ਦੋਸਤੀ ਦੁਆਲੇ ਘੁੰਮਦੀ ਹੈ। ਉਨ੍ਹਾਂ ਦਾ ਰਿਸ਼ਤਾ ਉਸ ਰੁੱਖ ਦੇ ਮਿੱਠੇ ਫ਼ਲਾਂ ਨਾਲ ਪਰਵਾਨ ਚੜ੍ਹਦਾ ਹੈ, ਜਿਸ ਉੱਤੇ ਬਾਂਦਰ ਰਹਿੰਦਾ ਹੈ ਅਤੇ ਜਿਸ ਹੇਠਾਂ ਮਗਰਮੱਛ ਆਪਣੇ ਦੋਸਤ ਨੂੰ ਮਿਲਣ ਲਈ ਰੋਜ਼ ਆਉਂਦਾ ਹੈ। ਸੁਖਨਾ ਝੀਲ ਦਾ ਉਹ ਵਿਸ਼ਾਲ ਰੁੱਖ ਮੈਨੂੰ 'ਪੰਚਤੰਤਰ' ਦੀ ਇਸ ਕਹਾਣੀ ਦੀ ਯਾਦ ਕਰਵਾਏ ਬਿਨਾਂ ਨਹੀਂ ਰਹਿੰਦਾ। ਸੰਕਟ ਉਦੋਂ ਪੈਦਾ ਹੁੰਦਾ ਹੈ ਜਦੋਂ ਮਗਰਮੱਛ ਬਾਂਦਰ ਨਾਲ ਧੋਖਾ ਕਰਦਾ ਹੈ। ਬਾਂਦਰ ਆਪਣੀ ਜਾਨ ਬਚਾਉਣ ਵਿੱਚ ਤਾਂ ਕਾਮਯਾਬ ਹੋ ਜਾਂਦਾ ਹੈ ਪਰ ਉਹ ਪੱਕੇ ਤੌਰ 'ਤੇ ਆਪਣੀ ਪੁਰਾਣੀ ਦੋਸਤੀ ਨੂੰ ਸੁਰਜੀਤ ਕਰਨ ਤੋਂ ਸਾਫ਼ ਇਨਕਾਰ ਕਰ ਦਿੰਦਾ ਹੈ। ਇਹ ਸਾਬਿਤ ਕਰਨ ਲਈ ਕਿ ਟੁੱਟੇ ਹੋਏ ਭਰੋਸੇ ਨੂੰ ਮੁੜ ਜੋੜਨਾ ਬਹੁਤ ਔਖਾ ਹੁੰਦਾ ਹੈ, ਇੱਕ ਤੋਂ ਬਾਅਦ ਇੱਕ ਕਹਾਣੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਭਾਵੇਂ ਮਗਰਮੱਛ ਬਾਅਦ 'ਚ ਕਿੰਨਾ ਵੀ ਪਛਤਾਵਾ ਕਰੇ, ਉਸ ਦਾ ਪੁਰਾਣਾ ਦੋਸਤ ਟੁੱਟੇ ਹੋਏ ਰਿਸ਼ਤੇ ਨੂੰ ਦੁਬਾਰਾ ਜੋੜਨ ਦੀ ਕਿਸੇ ਵੀ ਸੰਭਾਵਨਾ ਨੂੰ ਠੁਕਰਾ ਦਿੰਦਾ ਹੈ।

ਜਦੋਂ ਅਸੀਂ ਮੌਜੂਦਾ ਮਾਹੌਲ ਵਿੱਚ ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਹਾਂ ਤਾਂ ਅਸੀਂ ਜਮਹੂਰੀਅਤ ਦੇ ਉਸ ਰੁੱਖ ਬਾਰੇ ਸੋਚਣੋਂ ਨਹੀਂ ਰਹਿ ਸਕਦੇ ਜਿਸ ਨੇ ਲੰਮੇ ਸਮੇਂ ਤੱਕ ਵੱਖ-ਵੱਖ ਵਿਰੋਧੀ ਪਾਰਟੀਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਪਾਲਿਆ, ਹਰੇਕ ਨੂੰ ਕੁਝ ਸਮੇਂ ਲਈ ਸੱਤਾ ਵਿੱਚ ਆਉਣ ਦਿੱਤਾ ਅਤੇ ਫਿਰ ਸੱਤਾ ਦੂਜੇ ਨੂੰ ਸੌਂਪ ਦਿੱਤੀ। ਜੇਕਰ ਆਰਜ਼ੀ ਤੌਰ 'ਤੇ ਸੱਤਾ ਬਦਲਣ ਦਾ ਇਹ ਪ੍ਰਬੰਧ ਟੁੱਟ ਜਾਂਦਾ ਹੈ ਤਾਂ ਇਸ ਨੂੰ ਮੁੜ ਲੀਹੇ ਪਾਉਣਾ ਬਹੁਤ ਔਖਾ ਹੋ ਸਕਦਾ ਹੈ। ਕੀ ਅਸੀਂ ਅਜਿਹੇ ਹਾਲਾਤ ਵੱਲ ਵਧ ਰਹੇ ਹਾਂ? ਇਸ ਬਾਰੇ ਪਹਿਲਾਂ ਕੁਝ ਕਹਿਣਾ ਮੁਸ਼ਕਿਲ ਹੈ ਪਰ ਭਾਰਤ ਨੂੰ ਵਿਰੋਧੀਆਂ ਤੋਂ ਮੁਕਤ ਕਰਨ ਦੀਆਂ ਧਮਕੀਆਂ ਨੇ ਅਸਹਿਣਸ਼ੀਲਤਾ ਅਤੇ ਹਮੇਸ਼ਾ ਲਈ ਸੱਤਾ 'ਤੇ ਕਾਬਜ਼ ਰਹਿਣ ਦੀ ਲਾਲਸਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

'ਪੰਚਤੰਤਰ' ਦੀਆਂ ਕਹਾਣੀਆਂ ਕੋਈ ਪੱਕੇ ਜਾਂ ਸਦੀਵੀ ਹੱਲ ਨਹੀਂ ਸੁਝਾਉਂਦੀਆਂ। ਇਸ ਦੀ ਬਜਾਏ ਇਹ ਜੀਵਨ ਅਤੇ ਸ਼ਾਸਨ ਪ੍ਰਬੰਧ ਬਾਰੇ ਇੱਕ ਅਜਿਹਾ ਨਜ਼ਰੀਆ ਪੇਸ਼ ਕਰਦੀਆਂ ਹਨ, ਜਿਸ ਨਾਲ ਹਾਲਾਤ ਮੁਤਾਬਿਕ ਜਵਾਬ ਮਿਲਦੇ ਹਨ। ਕਈ ਹੋਰ ਪੁਰਾਤਨ ਗ੍ਰੰਥਾਂ ਦੇ ਉਲਟ 'ਪੰਚਤੰਤਰ' ਸਾਨੂੰ ਹਰ ਉੱਭਰਦੀ ਸਥਿਤੀ ਪ੍ਰਤੀ ਸੁਚੇਤ ਅਤੇ ਜਵਾਬਦੇਹ ਹੋਣ ਲਈ ਕਹਿੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਬਿਨਾਂ ਸਹਾਰੇ ਦੇ ਜੀਅ ਸਕਦੇ ਹਾਂ ਸਗੋਂ ਨੀਤੀ ਸ਼ਾਸਤਰ ਦੇ ਇਸ ਗ੍ਰੰਥ ਵਿੱਚ ਨਿਹਿਤ ਨਜ਼ਰੀਆ ਇਹ ਹੈ ਕਿ 'ਨੀਤੀ' ਜਾਂ ਸਹੀ ਰਸਤਾ ਸਾਨੂੰ ਲਗਾਤਾਰ ਆਪਣੇ ਆਪ ਵਿੱਚ ਸੁਧਾਰ ਕਰਨ ਦੀ ਸੰਭਾਵਨਾ ਨਾਲ ਜਿਊਣ ਦਾ ਰਾਹ ਦਿਖਾਉਂਦਾ ਹੈ।

ਇੱਥੇ ਜ਼ੋਰ ਇਸ ਗੱਲ 'ਤੇ ਹੈ ਕਿ ਹਰ ਤਜਰਬਾ ਆਪਣੇ ਆਪ 'ਤੇ ਹੰਢਾਉਣ ਦੀ ਉਡੀਕ ਕਰਨ ਦੀ ਬਜਾਏ ਪਿਛਲੇ ਕੰਮਾਂ ਅਤੇ ਦੂਜਿਆਂ ਦੇ ਤਜਰਬਿਆਂ ਤੋਂ ਸਿੱਖਿਆ ਜਾਵੇ। ਦੂਜਿਆਂ ਦੇ ਤਜਰਬਿਆਂ ਤੋਂ ਸਿੱਖਣ ਦੀ ਇਹ ਪ੍ਰਕਿਰਿਆ ਸੋਚਣ ਅਤੇ ਵਿਚਾਰ ਕਰਨ ਦੀ ਆਜ਼ਾਦੀ ਨਾਲ ਪ੍ਰਵਾਨ ਚੜ੍ਹਦੀ ਹੈ। ਇੱਥੇ ਆ ਕੇ ਅਸੀਂ ਇੱਕ ਅਜਿਹੇ ਸੰਕਟ ਵਿੱਚ ਘਿਰ ਗਏ ਹਾਂ, ਜਿੱਥੇ ਭਰੋਸੇ ਦੀ ਘਾਟ ਨਹੀਂ ਸਗੋਂ ਭਰੋਸਾ ਪੂਰੀ ਤਰ੍ਹਾਂ ਟੁੱਟ ਚੁੱਕਿਆ ਹੈ ਅਤੇ ਨੌਜਵਾਨ ਵਰਗ ਸਮਾਜ ਤੋਂ ਪਾਸੇ ਹੋ ਰਿਹਾ ਹੈ। ਇਨ੍ਹਾਂ ਵਿੱਚੋਂ ਜਿਹੜੇ ਨੌਜਵਾਨ ਜ਼ਿਆਦਾ ਸੰਵੇਦਨਸ਼ੀਲ ਹਨ, ਉਹ ਜਾਂ ਤਾਂ ਮਾਨਸਿਕ ਉਦਾਸੀ ਦੇ ਸ਼ਿਕਾਰ ਹਨ ਜਾਂ ਫਿਰ ਉਨ੍ਹਾਂ ਅੰਦਰ ਡੂੰਘੀ ਨਾਰਾਜ਼ਗੀ ਭਰੀ ਹੋਈ ਹੈ।

ਇਨ੍ਹਾਂ ਦੋਵਾਂ ਪ੍ਰਤੀਕਿਰਿਆਵਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਪੀੜ੍ਹੀ ਪਾੜਾ ਕੋਈ ਬਹੁਤੀ ਅਸਾਧਾਰਨ ਗੱਲ ਨਹੀਂ ਹੈ, ਪਰ ਲੱਗਦਾ ਹੈ ਕਿ ਇਹ ਉਮੀਦ ਨਾਲੋਂ ਬਹੁਤ ਜ਼ਿਆਦਾ ਡੂੰਘਾ ਅਤੇ ਪੇਚੀਦਾ ਹੋ ਗਿਆ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਵਿਸ਼ਵ ਪੰਜਾਬੀ ਸਭਾ ਵਲੋਂ ਪਾਕਿਸਤਾਨੀ ਅਦਾਕਾਰਾ ਮਿਸ ਮੇਘਾ ਦਾ ਸਵਾਗਤ



ਟੋਰਾਂਟੋ : ਕੈਨੇਡਾ ਵਿਚ ਆ ਕੇ 'ਤੇ ਮੈਨੂੰ ਆਪਣੇ ਪੰਜਾਬ ਦੀ ਮਹਿਕ ਆ ਰਹੀ ਏ, ਹਰ ਪਾਸੇ ਆਪਣੇ ਮੁਲਕ ਵਾਲੇ ਬਾਜ਼ਾਰ 'ਤੇ ਆਪਣੇ ਹੀ ਲੋਕ ਦਿਖਾਈ ਦੇ ਰਹੇ ਨੇ, ਇਹਨਾਂ ਗੱਲਾਂ ਦਾ ਪ੍ਰਗਟਾਵਾ ਇੱਥੇ ਬਰੈਂਪਟਨ ਵਿਚ 'ਵਿਸ਼ਵ ਪੰਜਾਬੀ ਭਵਨ' ਵਿਖੇ ਵਿਸ਼ਵ ਪੰਜਾਬੀ ਸਭਾ ਵਲੋਂ ਉਹਨਾਂ ਦੇ ਮਾਣ ਵਿਚ ਰੱਖੇ ਸਮਾਗਮ ਵਿਚ ਬੋਲਦਿਆਂ ਪਾਕਿਸਤਾਨ ਦੀ ਫਿ ?ਲਮ ਨਗਰੀ ਵਿਚ ਭੰਗੜਾ ਕੁਈਨ ਵਜੋਂ ਜਾਣੀ ਜਾਂਦੀ ਮਸ਼ਹੂਰ ਫਿਲਮ ਅਤੇ ਸਟੇਜ਼ ਅਦਾਕਾਰਾ ਤੇ ਗਾਇਕਾ ਮਿਸ. ਮੇਘਾ ਨੇ ਕੀਤਾ ਜਿੱਥੇ ਉਹਨਾਂ ਦਾ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਤੇ ਸਭਾ ਦੇ ਹੋਰ ਮੈਂਬਰਾਂ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਸੁਆਗਤ ਕਰਦਿਆਂ ਖੁਸ਼ਆਮਦੀਦ ਆਖਿਆ। ਇਸ ਮੌਕੇ ਬੋਲਦਿਆਂ ਡਾ. ਦਲਬੀਰ ਸਿੰਘ ਕਥੂਰੀਆ ਨੇ ਆਖਿਆ ਕਿ ਮਿਸ. ਮੇਘਾ ਜਹੇ ਕਲਾਕਾਰ/ਅਦਾਕਾਰ ਆਪਣੀ ਕਲਾ ਰਾਹੀਂ ਸਿਰਫ਼ ਲੋਕਾਂ ਨੂੰ ਜੋੜ ਕੇ ਹੀ ਨਹੀ ਰੱਖਦੇ ਸਗੋਂ ਰਲ ਮਿਲ ਕੇ ਰਹਿਣ ਦੀਆਂ ਦੁਆਵਾਂ ਵੀ ਕਰਦੇ ਨੇ ਜਦੋਂ ਕਿ ਡਾ. ਦਰਸ਼ਨਦੀਪ ਅਰੋੜਾ ਨੇ ਮਿਸ. ਮੇਘਾ ਨੂੰ ਕਲਾ ਅਤੇ ਮਨਮੋਹਕ ਕਲਾਵਾਂ ਦਾ ਸਮੁੰਦਰ ਦੱਸਦਿਆਂ ਕਿਹਾ ਕਿ ਇਹਨਾਂ ਜਹੇ ਕਲਾਕਾਰਾਂ ਕਰਕੇ ਹੀ ਸਟੇਜ਼ਾਂ ਜਿਉਂਦਾ ਰਹਿੰਦੀਆਂ ਹਨ ਕਿਉਂਕਿ ਕਲਾਕਾਰਾਂ/ਅਦਾਕਾਰਾਂ ਅਤੇ ਸਟੇਜ ਨੂੰ ਇੱਕ ਦੂਜੇ ਤੋਂ ਕਦੇ ਵੱਖ ਨਹੀ ਕੀਤਾ ਜਾ ਸਕਦਾ, ਪ੍ਰਸਿੱਧ ਪਾਕਿਸਤਾਨੀ ਪੰਜਾਬੀ ਸੂਫ਼ੀ ਗਾਇਕ ਹੁਸਨੈਨ ਅਕਬਰ, ਲੇਖਿਕਾ ਤਾਹਿਰਾ ਸਰਾ, ਪੱਤਰਕਾਰ ਜਸਵਿੰਦਰ ਸਿੰਘ ਬਿੱਟਾ ਤੇ ਅਜੇ ਛਾਬੜਾ ਨੇ ਦੋਵਾਂ ਪੰਜਾਬਾਂ ਦੇ ਕਲਾਕਾਰਾਂ ਨੂੰ ਸਾਂਝੇ ਪੰਜਾਬ ਦਾ ਪੁੱਲ ਕਰਾਰ ਦਿੱਤਾ। ਇਸ ਮੌਕੇ ਸਭਾ ਦੇ ਹੋਰ ਮੈਂਬਰਾਂ ਸਮੇਤ ਭਾਰਤ ਅਤੇ ਪਾਕਿਸਤਾਨ ਨਾਲ ਸੰਬੰਧਿਤ ਕਈ ਸੰਗੀਤ ਅਤੇ ਸਾਹਿਤ ਪ੍ਰੇਮੀ ਮੌਜੂਦ ਸਨ। ਇਸ ਦੌਰਾਨ ਹੁਸਨੈਨ ਅਕਬਰ ਨੇ ਜਿੱਥੇ ਆਪਣੀ ਬੁਲੰਦ ਆਵਾਜ਼ ਵਿਚ ਵਾਰਸ ਸ਼ਾਹ ਦੀ ਹੀਰ ਗਾਈ ਉੱਥੇ ਹੀ ਤਾਹਿਰਾ ਸਰਾ ਅਤੇ ਮਿਸ. ਮੇਘਾ ਵਲੋਂ ਵੀ ਆਪੋ ਆਪਣੇ ਕਲਾਮ ਪੇਸ਼ ਕੀਤੇ ਗਏ।

ਅਮਰੀਕਾ 'ਚ ਭਾਰਤੀਆਂ ਦੀ ਆਬਾਦੀ 54 ਲੱਖ ਤੋਂ ਪਾਰ



ਵਾਸ਼ਿੰਗਟਨ : ਅਮਰੀਕੀ ਜਨਗਣਨਾ ਬਿਊਰੋ ਦੁਆਰਾ ਜਾਰੀ 'ਅਮੈਰੀਕਨ ਕਮਿਊਨਿਟੀ ਸਰਵੇ' (ACS) ਦੇ ਨਵੇਂ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਇਕੱਲੇ ਭਾਰਤੀ-ਅਮਰੀਕੀ ਵਜੋਂ ਪਛਾਣ ਰੱਖਣ ਵਾਲੇ ਲੋਕਾਂ ਦੀ ਗਿਣਤੀ ਸਾਲ 2025 ਵਿੱਚ ਵਧ ਕੇ ਲਗਭਗ 54.1 ਲੱਖ (5.41 ਮਿਲੀਅਨ) ਹੋ ਗਈ। ਇਹ ਅੰਕੜਾ ਸਾਲ 2024 ਵਿੱਚ ਦਰਜ 50.9 ਲੱਖ (5.09 ਮਿਲੀਅਨ) ਨਾਲੋਂ ਲਗਭਗ 3.15 ਲੱਖ (315,000) ਵੱਧ ਹੈ। 2025 ਦੇ ਇਸ ਅਨੁਮਾਨ ਵਿੱਚ ਲਗਭਗ 77,000 ਦਾ 'ਮਾਰਜਿਨ ਆਫ਼ ਐਰਰ' (ਗਲਤੀ ਦੀ ਗੁੰਜਾਇਸ਼) ਵੀ ਸ਼ਾਮਲ ਹੈ।

ਅੰਕੜਿਆਂ ਅਨੁਸਾਰ ਜੇਕਰ ਹੋਰ ਨਸਲਾਂ ਜਾਂ ਸਮੂਹਾਂ ਨਾਲ ਮਿਲਾ ਕੇ ਰਹਿਣ ਵਾਲੇ ਭਾਰਤੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ, ਤਾਂ ਭਾਰਤੀ-ਅਮਰੀਕੀਆਂ ਦੀ ਕੁੱਲ ਗਿਣਤੀ ਵਧ ਕੇ 59.1 ਲੱਖ (5.91 ਮਿਲੀਅਨ) ਹੋ ਜਾਂਦੀ ਹੈ, ਜੋ ਪਿਛਲੇ ਸਾਲ 55.6 ਲੱਖ ਸੀ। ਇਸ ਦੇ ਨਾਲ ਹੀ ਇਕੱਲੇ ਗਿਣੇ ਜਾਣ ਵਾਲੇ ਏਸ਼ੀਆਈ ਸਮੂਹਾਂ 'ਚ ਭਾਰਤੀ (54.1 ਲੱਖ) ਚੀਨੀ ਨਾਗਰਿਕਾਂ (46.5 ਲੱਖ) ਨੂੰ ਪਛਾੜ ਕੇ ਅਮਰੀਕਾ ਵਿੱਚ ਸਭ ਤੋਂ ਵੱਡਾ ਇਕੱਲਾ ਏਸ਼ੀਆਈ ਸਮੂਹ ਬਣ ਗਏ ਹਨ। ਹਾਲਾਂਕਿ, ਹੋਰ ਸਮੂਹਾਂ ਨਾਲ ਮਿਲਾ ਕੇ ਚੀਨੀ ਆਬਾਦੀ ਲਗਭਗ 59.7 ਲੱਖ ਹੈ। ਸਾਲ 2025 ਵਿੱਚ ਅਮਰੀਕਾ ਦੀ ਕੁੱਲ ਆਬਾਦੀ ਲਗਭਗ 34.18 ਕਰੋੜ ਦਰਜ ਕੀਤੀ ਗਈ।

ਸਰਵੇਖਣ ਅਨੁਸਾਰ ਅਮਰੀਕਾ ਵਿੱਚ ਰਹਿ ਰਹੇ ਵਿਦੇਸ਼ੀ ਮੂਲ ਦੇ ਨਾਗਰਿਕਾਂ ਦੇ ਮਾਮਲੇ ਵਿੱਚ ਭਾਰਤ, ਮੈਕਸੀਕੋ ਤੋਂ ਬਾਅਦ ਦੂਜੇ ਨੰਬਰ 'ਤੇ ਬਰਕਰਾਰ ਹੈ। ਸਾਲ 2025 ਵਿੱਚ ਅਮਰੀਕਾ ਵਿੱਚ ਭਾਰਤ 'ਚ ਜਨਮੇ ਨਿਵਾਸੀਆਂ ਦੀ ਗਿਣਤੀ ਵਧ ਕੇ 34 ਲੱਖ (3.40 ਮਿਲੀਅਨ) ਹੋ ਗਈ, ਜੋ 2024 ਵਿੱਚ 31.6 ਲੱਖ ਸੀ। ਮੈਕਸੀਕੋ 'ਚ ਜਨਮੇ ਨਿਵਾਸੀਆਂ ਦੀ ਗਿਣਤੀ ਸਭ ਤੋਂ ਵੱਧ 1.06 ਕਰੋੜ (10.61 ਮਿਲੀਅਨ) ਰਹੀ, ਜਦੋਂ ਕਿ ਚੀਨ (24 ਲੱਖ) ਤੀਜੇ ਅਤੇ ਫਿਲੀਪੀਨਜ਼ (22.4 ਲੱਖ) ਚੌਥੇ ਨੰਬਰ 'ਤੇ ਹੈ। ਅਮਰੀਕਾ ਵਿੱਚ ਕੁੱਲ ਵਿਦੇਸ਼ੀ ਮੂਲ ਦੀ ਆਬਾਦੀ ਲਗਭਗ 5.04 ਕਰੋੜ ਹੈ।

ਕੈਲੀਫੋਰਨੀਆ 'ਚ ਸਭ ਤੋਂ ਵੱਧ ਭਾਰਤੀ ਆਬਾਦੀ

ਰਾਜਾਂ ਦੇ ਹਿਸਾਬ ਨਾਲ ਭਾਰਤੀ-ਅਮਰੀਕੀਆਂ ਦੀ ਸਭ ਤੋਂ ਵੱਧ ਗਿਣਤੀ ਕੈਲੀਫੋਰਨੀਆ ਵਿੱਚ ਦਰਜ ਕੀਤੀ ਗਈ ਹੈ:

ਕੈਲੀਫੋਰਨੀਆ: ਲਗਭਗ 10.2 ਲੱਖ (1.02 ਮਿਲੀਅਨ)

ਟੈਕਸਾਸ: ਲਗਭਗ 7.08 ਲੱਖ (708,000)

ਨਿਊ ਜਰਸੀ: ਲਗਭਗ 4.71 ਲੱਖ (471,000)

ਨਿਊਯਾਰਕ: ਲਗਭਗ 4.20 ਲੱਖ (420,000)

ਇਲੀਨੋਇਸ: ਲਗਭਗ 2.88 ਲੱਖ (288,000)

ਫਲੋਰੀਡਾ: ਲਗਭਗ 2.39 ਲੱਖ (239,000)

ਔਸਤ ਘਰੇਲੂ ਆਮਦਨ 'ਚ ਵੀ ਵਾਧਾ

ਏ.ਸੀ.ਐੱਸ. ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਰਾਸ਼ਟਰੀ ਪੱਧਰ 'ਤੇ ਔਸਤ ਸਾਲਾਨਾ ਘਰੇਲੂ ਆਮਦਨ ਸਾਲ 2025 ਵਿੱਚ ਵਧ ਕੇ 84,780 ਡਾਲਰ ਹੋ ਗਈ ਹੈ, ਜੋ ਕਿ ਸਾਲ 2024 ਵਿੱਚ 81,604 ਡਾਲਰ ਸੀ। ACS 40 ਤੋਂ ਵੱਧ ਵਿਸ਼ਿਆਂ—ਜਿਵੇਂ ਕਿ ਭਾਸ਼ਾ, ਸਿੱਖਿਆ, ਆਵਾਜਾਈ, ਰੁਜ਼ਗਾਰ, ਆਮਦਨ, ਗਰੀਬੀ ਅਤੇ ਸਿਹਤ ਬੀਮਾ—ਬਾਰੇ ਸਥਾਨਕ ਅਨੁਮਾਨ ਪ੍ਰਦਾਨ ਕਰਨ ਵਾਲਾ ਇਕਲੌਤਾ ਸਰੋਤ ਹੈ। ਇਸਦੇ 1-ਸਾਲਾ ਅਨੁਮਾਨ ਉਨ੍ਹਾਂ ਖੇਤਰਾਂ ਨੂੰ ਕਵਰ ਕਰਦੇ ਹਨ ਜਿਨ੍ਹਾਂ ਦੀ ਆਬਾਦੀ 65,000 ਜਾਂ ਇਸ ਤੋਂ ਵੱਧ ਹੈ। ਬਿਊਰੋ ਨੇ ਦੱਸਿਆ ਕਿ 2025 ਦੇ ਬਾਕੀ ACS ਰਿਪੋਰਟਾਂ/ਅੰਕੜਿਆਂ ਨੂੰ ਜਾਰੀ ਕਰਨ ਦੀਆਂ ਤਾਰੀਖਾਂ ਦਾ ਐਲਾਨ ਆਉਣ ਵਾਲੇ ਮਹੀਨਿਆਂ ਵਿੱਚ ਕੀਤਾ ਜਾਵੇਗਾ, ਕਿਉਂਕਿ ਇਸ ਸਮੇਂ ਲੋੜੀਂਦੇ ਵਿਧੀਗਤ ਬਦਲਾਅ ਕੀਤੇ ਜਾ ਰਹੇ ਹਨ।

ਘਰ ਵਰਗੇ ਸਵਾਦਿਸ਼ਟ ਖਾਣੇ ਦਾ ਆਨੰਦ ਮਾਣੋ !
ਕੀ ਤੁਹਾਨੂੰ ਘਰ ਵਰਗੇ ਸ਼ੁੱਧ ਅਤੇ
ਸਵਾਦਿਸ਼ਟ ਦੇਸੀ ਖਾਣੇ ਦੀ ਭਾਲ ਹੈ ?

ਫਰੈਂਡਜ਼ ਇੰਡੀਅਨ ਰੈਸਟੋਰੈਂਟ
(Friend's Indian Restaurant)
ਤੁਹਾਡੀ ਸੇਵਾ ਵਿੱਚ ਹਾਜ਼ਰ ਹੈ !

ਘਰ ਵਰਗਾ ਖਾਣਾ (Home Style Food):
ਤਾਜ਼ਾ ਅਤੇ ਸਵਾਦਿਸ਼ਟ ਭੋਜਨ
ਹੋਮ ਸਰਵਿਸ ਉਪਲਬਧ (Home Service / Delivery):
ਗਰਮਾ-ਗਰਮ ਖਾਣਾ ਤੁਹਾਡੇ ਦਰਵਾਜ਼ੇ 'ਤੇ
ਕੈਟਰਿੰਗ ਦੀ ਸੁਵਿਧਾ (Catering Available):
ਛੋਟੇ-ਵੱਡੇ ਪ੍ਰੋਗਰਾਮਾਂ ਅਤੇ ਪਾਰਟੀਆਂ ਲਈ ਸੰਪਰਕ ਕਰੋ
ਸਮਾਂ: ਸਵੇਰੇ 11:00 ਵਜੇ ਤੋਂ
ਰਾਤ 9:00 ਵਜੇ ਤੱਕ (ਹਫ਼ਤੇ ਦੇ 7 ਦਿਨ)

ਪਤਾ: 1040 W. Kettleman Lane, Lodi, CA 95240
ਵੈੱਬਸਾਈਟ: www.friendsindianrestaurant.com
ਆਰਡਰ ਜਾਂ ਜਾਣਕਾਰੀ ਲਈ ਸੰਪਰਕ ਕਰੋ:
ਰਜਿੰਦਰ ਸਿੰਘ ਗਰੇਵਾਲ: 408-768-5303
ਰੈਸਟੋਰੈਂਟ ਫੋਨ: 209-334-2751





Welcome Friends
FRIEND'S INDIAN RESTAURANT
Home-Style Food
Now offering Local Home Service!
Rajinder Singh Grewal
Tel: 209-334-2751
Cell: 408-768-5303
11:00 AM to 9:00 PM (7 Days a week)
1040 W. Kettleman Lane, Lodi, CA 95240
www.friendsindianrestaurant.com
yelp

ਸਾਡੇ ਫੂਡ ਤੇ ਸਰਵਿਸ ਦੀ 100% ਗਰੰਟੀ ਹੈ



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘੱਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

੫. ਗੁਰਬਾਣੀ ਦੀ ਕਥਾ :

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤ ਦਾ ਦ੍ਰਿੜਾਉਣਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤ ਅਨੁਕੂਲ ਹੋਣ) ਦੀ ਹੋ ਸਕਦੀ ਹੈ; ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ।

੬. ਵਖਿਆਨ : ਗੁਰਦੁਆਰੇ ਵਿਚ ਗੁਰਮੱਤ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦੁਆਰੇ ਵਿਚ ਸੰਗਤਿ ਦਾ ਪ੍ਰੋਗਰਾਮ ਆਮ ਤੌਰ 'ਤੇ ਇਉਂ ਹੁੰਦਾ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ 'ਹੁਕਮ'।

੧. ਸਿੱਖ ਦੀ ਆਮ ਰਹਿਣੀ, ਕਿਰਤੀ ਵਿਰਤ ਗੁਰਮਤ ਅਨੁਸਾਰ ਹੋਵੇ।

ਗੁਰਮਤ ਇਹ ਹੈ :

(ੳ) ਇਕ ਅਕਾਲ ਪੁਰਖ ਤੋਂ ਛੁਟ ਸਿ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀਗ_ਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ, ਤੰਤ੍ਰ, ਸ਼ਗਨ, ਤਿਸ, ਮਹੂਰਤ, ਗ੍ਰਹਿ, ਰਾਸ਼ਾਂ, ਸ਼ਰਾਧ, ਪਿਤਰ, ਖਿਆਹ, ਪਿੰਡ ਪੱਤਿਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭਦਣ, ਇਕਾਦਸ਼ੀ ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਟ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁੱਛਣਾ, ਸੁਖਣਾ, ਸ਼ੀਰਨੀ, ਵੇਦ, ਸ਼ਾਸਤ੍ਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।


(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਸੇ ਅਨ-ਧਰਮੀ ਦਾ ਦਿਲ ਦਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੋ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦੁਆਉਣੀ ਸਿੱਖ ਦਾ ਫਰਜ਼ ਹੈ।

(ਘ) 'ਕੇਸ ਲੜਕੇ ਕੇ ਜੋ ਹੋਇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ ਰੱਖੇ, ਨਾਮ ਸਿੰ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।



(ਙ) ਸਿੱਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨਕ ਕੰਨ ਛੇਦਨਾ ਮਨ੍ਹਾਂ ਹੈ।

(ਛ) ਗੁਰੂ ਕਾ ਸਿੱਖ ਕੰਨਿਆਂ ਦਾ ਮਾਰੇ, ਕੁੜੀ-ਮਾਰ ਨਾ ਨਾ ਵਰਤੇ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਹਬਾਹ ਕਰੇ।

(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ

(ਞ) ਚੋਰੀ ਯਾਹੀ ਨਾ ਕਰੇ, ਜੂਆ ਨਾ ਖੇਡੇ।

(ਟ) 'ਪਰ ਬੇਟੀ ਕੋ ਬੇਟੀ ਜਾਨੇ।
ਪਰ-ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋ ਰਤ ਹੋਈ
ਰਹਿਤਵਾਨ ਗੁਰ ਕਾ ਸਿੱਖ ਸੋਈ।'

ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਵਿਚ ਰਹੇ।

(ਠ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ।

(ਡ) ਸਿੱਖ ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ।

(ਢ) ਸਿੱਖ ਇਸਤ੍ਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤ੍ਰੀ ਦਸਤਾਰ ਸਜਾਵੇ ਜਾਂ ਨਾ ਸਜਾਵੇ ਦੋਵੇਂ ਠੀਕ ਹਨ।

੨. ਜਨਮ ਤੇ ਨਾਮ-ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿੱਖ ਦੇ ਘਰ ਬਾਲਕ ਦਾ ਜਨਮ ਹੋਵੇ ਤਾਂ ਗੁੜਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿੱਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆਂ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਚਲਦਾ)

ਦੇਸ਼ ਨਿਕਾਲੇ ਮਗਰੋਂ ਵਾਪਸੀ 'ਚ ਟਾਲਮਟੋਲ, ਟਰੰਪ ਪ੍ਰਸ਼ਾਸਨ ਨੂੰ ਜੱਜ ਦੀ ਸਖ਼ਤ ਝਾੜ

ਨਿਊਯਾਰਕ : ਅਦਾਲਤ ਦੇ ਹੁਕਮਾਂ ਦੇ ਬਾਵਜੂਦ ਅਹਿਮਦ ਸੁਲੇਮਾਨ ਦੀ ਅਮਰੀਕਾ ਵਾਪਸੀ ਲਈ ਲੋੜੀਂਦੇ ਕਦਮ ਨਾ ਚੁੱਕਣ ਉਤੇ ਸੰਘੀ ਜੱਜ ਜੌਨ ਸੀ. ਹਿੰਡਰੈਕਰ ਨੇ ਟਰੰਪ ਪ੍ਰਸ਼ਾਸਨ ਨੂੰ ਸਖ਼ਤ ਝਾੜ ਪਾਈ ਹੈ। ਜੱਜ ਨੇ ਸਰਕਾਰੀ ਅਧਿਕਾਰੀਆਂ ਦੀਆਂ ਅਧੂਰੀਆਂ ਰਿਪੋਰਟਾਂ ਅਤੇ ਦੇਰੀ ਉਤੇ ਸਵਾਲ ਚੁੱਕਦਿਆਂ ਅਦਾਲਤੀ ਅਵੱਗਿਆ ਦੀ ਕਾਰਵਾਈ ਦੀ ਸੰਭਾਵਨਾ ਵੀ ਖੁੱਲ੍ਹੀ ਰੱਖੀ ਹੈ। ਐਰੀਜ਼ੋਨਾ ਦਾ ਰਹਿਣ ਵਾਲਾ 31 ਸਾਲਾ ਸੁਲੇਮਾਨ ਚਾਰ ਸਾਲ ਦੀ ਉਮਰ ਵਿਚ ਅਮਰੀਕਾ ਆਇਆ ਸੀ। ਉਸ ਨੂੰ ਅਫ਼ਰੀਕੀ ਦੇਸ਼ ਇਕੁਏਟੋਰੀਅਲ ਗਿਨੀ ਭੇਜਿਆ ਗਿਆ, ਜਿਥੇ ਉਹ ਪਹਿਲਾਂ ਕਦੇ ਨਹੀਂ ਗਿਆ ਸੀ ਉਸ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਥੇ ਉਸ ਨੂੰ ਬਿਨਾਂ ਦੋਸ਼ ਲਾਏ ਕੈਦ ਰੱਖਿਆ ਗਿਆ ਅਤੇ ਕੁੱਟਮਾਰ, ਧਮਕੀਆਂ ਤੇ ਮੁੱਢਲੀਆਂ ਸਹੂਲਤਾਂ ਦੀ ਘਾਟ ਸਹਿਣੀ ਪਈ। ਜੱਜ ਨੇ ਸੁਲੇਮਾਨ ਦੇ ਮਾਮਲੇ ਵਿਚ ਬਣਦੀ ਕਾਨੂੰਨੀ ਪ੍ਰਕਿਰਿਆ ਅਪਣਾਉਣ ਦੇ ਸੰਵਿਧਾਨਕ ਹੱਕ ਦੀ ਉਲੰਘਣਾ ਮੰਨਦਿਆਂ ਸਰਕਾਰ ਨੂੰ ਉਸ ਦੀ ਵਾਪਸੀ ਵਿਚ ਮਦਦ ਕਰਨ ਦਾ ਹੁਕਮ ਦਿੱਤਾ ਸੀ ਪਰ ਯਾਤਰਾ ਦਸਤਾਵੇਜ਼ ਤਿਆਰ ਕਰਨ ਅਤੇ ਵਾਪਸੀ ਦਾ ਪ੍ਰਬੰਧ ਕਰਨ ਵਿਚ ਦੇਰੀ ਹੋਈ। ਇਸ ਮਗਰੋਂ ਅਦਾਲਤ ਨੇ ਅਧਿਕਾਰੀਆਂ ਨੂੰ ਰੋਜ਼ਾਨਾ ਪ੍ਰਗਤੀ ਰਿਪੋਰਟ ਦੇਣ ਲਈ ਕਿਹਾ। ਵਿਵਾਦ ਉਦੋਂ ਹੋਰ ਵਧਿਆ ਜਦੋਂ ਸਰਕਾਰ ਵਲੋਂ ਰੱਦ ਦੱਸੀ ਗਈ 'ਆਈਸ' ਦੇ ਜਹਾਜ਼ ਦੀ ਯਾਤਰਾ ਹੋਈ ਅਤੇ ਜਹਾਜ਼ ਇਕੁਏਟੋਰੀਅਲ ਗਿਨੀ ਪਹੁੰਚਿਆ। ਅਧਿਕਾਰੀਆਂ ਨੇ ਬਾਅਦ ਵਿਚ ਕਿਹਾ ਕਿ ਯਾਤਰਾ ਦਾ ਮਕਸਦ ਬਦਲ ਗਿਆ ਸੀ ਅਤੇ ਸੁਲੇਮਾਨ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਸਨ। ਜੱਜ ਨੇ ਪੁੱਛਿਆ ਕਿ ਇਹ ਦਸਤਾਵੇਜ਼ ਸਮੇਂ ਸਿਰ ਕਿਉਂ ਨਹੀਂ ਬਣਵਾਏ ਗਏ ਅਤੇ ਉਡਾਣ ਰਾਹੀਂ ਉਸ ਦੀ ਵਾਪਸੀ ਕਿਉਂ ਨਹੀਂ ਕਰਵਾਈ ਗਈ। ਜੱਜ ਨੇ ਸੁਲੇਮਾਨ ਦੀ ਸਿਹਤ ਅਤੇ ਉਸ ਨਾਲ ਸੰਪਰਕ ਬਾਰੇ ਵੀ ਸਪਸ਼ਟ ਜਾਣਕਾਰੀ ਮੰਗੀ ਹੈ। ਸਰਕਾਰ ਨੇ ਵਪਾਰਕ ਉਡਾਣ ਰਾਹੀਂ ਵਾਪਸੀ ਦੀ ਆਰਜ਼ੀ ਯੋਜਨਾ ਪੇਸ਼ ਕੀਤੀ ਹੈ ਪਰ ਕੁਝ ਪ੍ਰਬੰਧ ਅਜੇ ਬਾਕੀ ਹਨ। ਅਦਾਲਤੀ ਅਵੱਗਿਆ ਦੀ ਕਾਰਵਾਈ ਫ਼ਿਲਹਾਲ ਸ਼ੁਰੂ ਨਹੀਂ ਕੀਤੀ ਗਈ।




ਅਮਰੀਕਾ 'ਚ ਖ਼ੂਨੀ ਹੈਲੋਵੀਨ ਵੀਕੈਂਡ: ਡਲਾਸ ਤੋਂ ਅਲਾਬਾਮਾ ਤੱਕ ਚੱਲੀਆਂ ਗੋਲੀਆਂ, 6 ਲੋਕਾਂ ਦੀ ਮੌਤ

ਵਾਸ਼ਿੰਗਟਨ : ਹੈਲੋਵੀਨ ਵੀਕੈਂਡ ਦੌਰਾਨ ਅਮਰੀਕਾ ਦੇ ਲਗਭਗ 6 ਸ਼ਹਿਰਾਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ, ਜਿਸ ਵਿੱਚ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖਮੀ ਹੋ ਗਏ। ਸਭ ਤੋਂ ਭਿਆਨਕ ਹਿੰਸਾ ਡੈਲਾਸ ਵਿੱਚ ਦੇਖਣ ਨੂੰ ਮਿਲੀ, ਜਿੱਥੇ ਪੁਲਸ ਅਨੁਸਾਰ ਸ਼ਹਿਰ ਦੇ 'ਡੀਪ ਏਲਮ' ਇਲਾਕੇ, ਜੋ ਆਪਣੇ ਸੰਗੀਤ ਸਥਾਨਾਂ, ਰੈਸਟੋਰੈਂਟਾਂ ਅਤੇ ਰਾਤ ਦੇ ਜੀਵਨ (Nightlife) ਲਈ ਮਸ਼ਹੂਰ ਹੈ, ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਿੱਚ 4 ਲੋਕ ਮਾਰੇ ਗਏ ਅਤੇ 15 ਹੋਰ ਜ਼ਖਮੀ ਹੋ ਗਏ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਫੇਏਟਵਿਲ (ਅਰਕਾਨਸਾਸ), ਬਰਮਿੰਘਮ (ਅਲਾਬਾਮਾ) ਅਤੇ ਨੇਵਾਰਕ (ਡੇਲਾਵੇਅਰ) ਸਮੇਤ ਹੋਰ ਸ਼ਹਿਰਾਂ ਵਿੱਚ ਵੀ ਵੀਕੈਂਡ ਦੌਰਾਨ ਗੋਲੀਬਾਰੀ ਦੀਆਂ ਘਟਨਾਵਾਂ ਦੀ ਰਿਪੋਰਟ ਦਿੱਤੀ ਹੈ।

ਡਲਾਸ ਪੁਲਸ ਮੁਖੀ ਡੈਨੀਅਲ ਕੋਮੇਕਸ ਨੇ ਦੱਸਿਆ ਕਿ ਜਾਂਚਕਰਤਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਸ਼ਨੀਵਾਰ ਰਾਤ ਨੂੰ ਲਗਭਗ 75 ਮਿੰਟਾਂ ਦੇ ਅੰਦਰ ਵਾਪਰੀਆਂ ਗੋਲੀਬਾਰੀ ਦੀਆਂ ਇਹ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ ਜਾਂ ਨਹੀਂ।

ਮੁਖੀ ਕੋਮੇਕਸ ਨੇ ਦੱਸਿਆ ਕਿ ਗੋਲੀਬਾਰੀ ਦੀਆਂ ਤਿੰਨ ਵੱਖਰੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਇਨ੍ਹਾਂ ਪਿੱਛੇ ਕੀ ਮਕਸਦ ਸੀ, ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਹਾਲਾਂਕਿ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਕੁਝ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ, ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਉਨ੍ਹਾਂ 'ਤੇ ਕਿਹੜੇ ਦੋਸ਼ ਲਗਾਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਬਰਮਿੰਘਮ (ਅਲਾਬਾਮਾ) ਵਿੱਚ, ਸ਼ਨੀਵਾਰ ਰਾਤ ਨੂੰ ਸਾਲਾਨਾ 'ਮੈਜਿਕ ਸਿਟੀ ਕਲਾਸਿਕ' ਫੁੱਟਬਾਲ ਮੈਚ ਤੋਂ ਬਾਅਦ 'ਲੀਜਨ ਫੀਲਡ' ਦੇ ਬਾਹਰ ਗੋਲੀਬਾਰੀ ਹੋਈ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 8 ਹੋਰ ਜ਼ਖਮੀ ਹੋ ਗਏ।



ਬਰਮਿੰਘਮ ਪੁਲਸ ਵਿਭਾਗ ਦੇ ਮੁਖੀ ਮਾਈਕਲ ਪਿਕੇਟ ਨੇ ਦੱਸਿਆ ਕਿ ਜਦੋਂ ਗੋਲੀਬਾਰੀ ਹੋਈ, ਉਦੋਂ ਤੱਕ ਜ਼ਿਆਦਾਤਰ ਦਰਸ਼ਕ ਅਤੇ ਪਰਿਵਾਰ ਸਟੇਡੀਅਮ ਤੋਂ ਜਾ ਚੁੱਕੇ ਸਨ। ਪੁਲਸ ਦੇ ਬੁਲਾਰੇ ਡੀ'ਰੇਲ ਫ੍ਰੀਮੈਨ ਨੇ ਪੁਸ਼ਟੀ ਕੀਤੀ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਪੁੱਛਗਿੱਛ ਲਈ ਪੁਲਸ ਹੈੱਡਕੁਆਰਟਰ ਲਿਜਾਇਆ ਗਿਆ ਹੈ। ਇਸ ਤੋਂ ਇਲਾਵਾ ਪੁਲਸ ਨੇ ਕਈ ਹਥਿਆਰ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਜ਼ਬਤ ਕਰ ਲਿਆ ਗਿਆ ਹੈ।

ਜ਼ਖਮੀਆਂ ਨੂੰ ਹਸਪਤਾਲਾਂ 'ਚ ਕਰਵਾਇਆ ਦਾਖ਼ਲ

ਨੇਵਾਰਕ (ਡੇਲਾਵੇਅਰ) ਵਿੱਚ ਯੂਨੀਵਰਸਿਟੀ ਆਫ਼ ਡੇਲਾਵੇਅਰ ਕੈਂਪਸ ਦੇ ਨੇੜੇ ਸ਼ਨੀਵਾਰ ਦੇਰ ਇਸ ਦੌਰਾਨ, ਅਰਕਾਨਸਾਸ ਦੇ ਫੇਏਟਵਿਲ ਵਿੱਚ ਐਤਵਾਰ ਸਵੇਰੇ ਗੋਲੀਬਾਰੀ ਦੌਰਾਨ 6 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ



Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਹਿਤ ਸਤਨਾਮ ਸਿੰਘ ਖ਼ਾਲਸਾ

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸੇ ਲਈ ਹੀ ਗੁਰਦੇਵ ਪੰਜਵੇਂ ਪਾਤਸ਼ਾਹ ਜੀ ਨੇ ਗੁਰਬਾਣੀ ਵਿੱਚ ਹੁਕਮ ਕੀਤਾ ਹੈ :

ਨਹ ਬਿਲੰਬ ਧਰਮੰ ਬਿਲੰਬ ਪਾਪੰ ॥

(ਸਲੋਕ ਸਹਸਕ੍ਰਿਤੀ, ਅੰਗ ੧੩੫੪)

ਭਾਵ ਪਾਪ ਕਰਨ ਤੋਂ ਪਹਿਲਾਂ ਦੇਰ ਕਰਨੀ ਚਾਹੀਦੀ ਹੈ, ਉਸ ਪਾਪ ਕਰਮ ਦੇ ਮਿਲਣ ਵਾਲੇ ਫਲ ਪ੍ਰਤੀ ਸੋਚਣਾ ਚਾਹੀਦਾ ਹੈ। ਕਈ ਵਾਰੀ ਦੇਰ ਕਰਨ ਨਾਲ ਪਾਪ ਕਰਨ ਦਾ ਸਮਾਂ ਟਲ ਜਾਂਦਾ ਹੈ। ਦਇਆ ਸਿੰਘ ਨੇ ਦੱਸਿਆ ਕਿ ਜਦੋਂ ਬਾਬਾ ਜੀ ਨੇ ਸੰਤੋਖ ਸਿੰਘ ਦੇ ਪਿਛਲੇ ਜਨਮ ਦੀ ਇਹ ਸਾਰੀ ਵਾਰਤਾ ਦੱਸੀ ਤਾਂ ਸਾਡੇ ਵੀ ਰੌਂਗਟੇ ਖੜ੍ਹੇ ਹੋ ਗਏ ਅਤੇ ਹੋਰ ਕਿੰਤੂ ਕਰਨ ਦੀ ਜੁਰਅੱਤ ਨਾ ਰਹੀ। ਮਨ ਵਿੱਚ ਮਾੜੇ ਕਰਮ ਤੋਂ ਸੰਕੋਚ ਕਰਨ ਲਈ ਇੱਕ ਲਗਾਤਾਰ ਸੋਚ ਚਲ ਪਈ। ਉਹ ਪਹਿਲੇ ਪ੍ਰੇਮੀ ਤੇ ਮੈਂ ਵੀ ਪੱਥਰ ਦੀ ਮੂਰਤ ਵਾਂਗ ਹੁਣ ਬਾਬਾ ਜੀ ਦੇ ਬਚਨ ਸੁਣ ਰਹੇ ਸਾਂ।

ਬਾਬਾ ਜੀ ਨੇ ਹੋਰ ਵਿਸਥਾਰ ਨਾਲ ਸਾਡੇ ਹੋਰ ਸ਼ੰਕੇ ਜੋ ਮਨ ਦੇ ਕਿਸੇ ਕੋਨੇ ਵਿੱਚ ਪਏ ਸਨ ਗੁਰਬਾਣੀ ਦੀਆਂ ਪੰਕਤੀਆਂ ਰਾਹੀਂ ਦੂਰ ਕਰ ਦਿੱਤੇ। ਸ: ਦਇਆ ਸਿੰਘ ਆਖਣ ਲੱਗੇ ਕਿ ਮੈਨੂੰ ਬਹੁਤੀ ਬਾਣੀ ਤਾਂ ਯਾਦ ਨਹੀਂ ਪਰ ਜਪੁਜੀ ਸਾਹਿਬ ਜੀ ਦੀ ਪਉੜੀ ਵੀ ਬਾਬਾ ਜੀ ਨੇ ਪੜ੍ਹੀ ਕਿ ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ ਕਿ ਜਿਹੋ ਜਿਹਾ ਮਨੁੱਖ ਇਸ ਸਰੀਰ ਨਾਲ ਬੀਜਦਾ ਹੈ (ਭਾਵ ਕਰਮ ਕਰਦਾ ਹੈ) ਉਸ ਨੂੰ ਉਹੋ ਜਿਹਾ ਹੀ ਉਸ ਦਾ ਫਲ ਖਾਣਾ ਪੈਂਦਾ ਹੈ ਭਾਵ ਉਸ ਦਾ ਫਲ ਭੁਗਤਣਾ ਪੈਂਦਾ ਹੈ।

ਆਪੇ ਬੀਜਿ ਆਪੇ ਹੀ ਖਾਹੁ ॥

(ਜਪੁਜੀ ਸਾਹਿਬ)

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

(ਬਾਰਹਮਾਹਾ, ਅੰਗ ੧੩੪)

ਇਸ ਸਰੀਰ ਰੂਪੀ ਖੇਤ ਵਿੱਚ ਤੁਸੀਂ ਜੋਹੋ ਜਿਹਾ ਕਰਮ ਕਰੋਗੇ ਉਸ ਦਾ ਫਲ ਵੀ ਉਸੇ ਅਨੁਸਾਰ ਭੁਗਤਣਾ ਪਵੇਗਾ।

ਇਹ ਜੋ ਸਰੀਰ ਵੀ ਸਾਨੂੰ ਪਰਮੇਸ਼ਰ ਨੇ ਦਿੱਤੇ ਹਨ ਇਹ ਵੀ ਕਰਮਾਂ ਕਰਕੇ ਹੀ ਮਿਲੇ ਹਨ। ਕਿਸੇ ਦਾ ਸੋਹਣਾ ਅਰੋਗ ਅਤੇ ਸਡੌਲ ਸਰੀਰ ਹੈ; ਕਿਸੇ ਦਾ ਕਰੂਪ ਵਾ ਕੋਝਾ। ਕੋਈ ਅੰਗਹੀਣ ਹੈ, ਕੋਈ ਮੱਤਹੀਣ ਹੈ। ਇਹ ਸਭ ਪੂਰਬਲੇ ਕੀਤੇ ਕਰਮਾਂ ਅਨੁਸਾਰ ਹੀ ਚੱਲ ਰਿਹਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਜਪੁਜੀ ਸਾਹਿਬ ਜੀ ਦੀ ਚਉਥੀ ਪਉੜੀ ਦੇ ਅਖ਼ੀਰ ਵਿੱਚ ਬੜਾ ਸਪੱਸ਼ਟ ਲਿਖਿਆ ਹੈ ਕਿ :

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਜਪੁਜੀ ਸਾਹਿਬ)

ਕਰਮਾਂ ਕਰਕੇ ਸਰੀਰ ਰੂਪੀ ਪੁਸ਼ਾਕਾ ਮਿਲਦਾ ਹੈ, ਪਰਮੇਸ਼ਰ ਦੀ ਨਦਰ-ਏ-ਰਹਿਮਤ ਨਾਲ ਬੰਦ ਖਲਾਸੀ ਹੋ ਜਾਂਦੀ ਹੈ। ਜੇ ਕਰਮਾਂ ਪ੍ਰਤੀ ਹੋਰ ਸ਼ੰਕਾ ਨਵਿਰਤ ਕਰਨਾ ਹੈ ਤਾਂ ਧਨਾਸਰੀ ਰਾਗ ਵਿੱਚ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਪੜ੍ਹ ਲੈਣਾ ਚਾਹੀਦਾ ਹੈ। ਆਪ ਜੀ ਫ਼ੁਰਮਾਨ ਕਰਦੇ ਹਨ ਕਿ :

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥

(ਧਨਾਸਰੀ ਤ੍ਰਿਲੋਚਨ ਜੀ, ਅੰਗ ੬੯੫)

ਪਰਮੇਸ਼ਰ ਦੇ ਦਰ ਵਿੱਚ ਤਾਂ ਗੁਰੂ ਹੁਕਮ ਅਨੁਸਾਰ

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

(ਵਾਰ ਆਸਾ, ਅੰਗ ੪੭੦)

ਤਥਾ

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥

(ਆਸਾ ਦੀ ਵਾਰ ਮ: ੧, ਅੰਗ ੪੬੮)



੧ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਇਸ ਸਰੀਰ ਨਾਲ ਜੋ ਕੁੱਝ ਮਾੜੇ ਚੰਗੇ ਮਨੁੱਖ ਕਰਮ ਕਰਦਾ ਹੈ ਉਸ ਦਾ ਫਲ ਅਵੱਸ਼ ਉਸ ਨੂੰ ਭੁਗਤਣਾ ਹੀ ਪੈਂਦਾ ਹੈ।

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥

(ਸਿਰੀ ਰਾਗੁ ਮ: ੫, ਅੰਗ ੭੮)

ਪਰਮੇਸ਼ਰ ਨੇ ਮਨੁੱਖ ਨੂੰ ਕਰਮ ਕਰਨ ਦੀ ਸੁਤੰਤਰਤਾ ਦਿੱਤੀ ਹੋਈ ਹੈ ਪਰ ਕੀਤੇ ਹੋਏ ਕਰਮਾਂ ਦੇ ਫਲ ਨੂੰ ਭੋਗਣ ਲਈ ਮਨੁੱਖ ਪ੍ਰਤੰਤਰ੧ ਹੈ। ਇਸ ਲਈ ਕੋਈ ਵੀ ਕਰਮ ਕਰਨਾ ਹੋਵੇ ਪਹਿਲਾਂ ਉਸ ਦੇ ਮਿਲਣ ਵਾਲੇ ਫਲ ਦਾ ਲੇਖਾ-ਜੋਖਾ ਅਵੱਸ਼ ਕਰ ਲੈਣਾ ਚਾਹੀਦਾ ਹੈ। ਗੁਰਬਾਣੀ ਵਿੱਚ ਤ੍ਰੈਕਾਲ ਸੱਚਾਈ ਦਰਸਾਈ ਹੋਈ ਹੈ। ਗੁਰਬਾਣੀ ਅਤੇ ਨਾਮ-ਸਿਮਰਨ, ਕੀਤੇ ਜਾ ਚੁੱਕੇ ਮਾੜੇ ਕਰਮਾਂ ਦੇ ਫਲ ਨੂੰ ਘਟਾ ਜ਼ਰੂਰ ਦਿੰਦਾ ਹੈ, ਇਸ ਵਿੱਚ ਰੰਚਕ ਮਾਤ੍ਰ ਵੀ ਕੋਈ ਸ਼ੱਕ ਜਾਂ ਦੁਬਿਧਾ ਦੀ ਗੁੰਜਾਇਸ਼ ਨਹੀਂ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਹਿਸਕ੍ਰਿਤੀ ਸਲੋਕਾਂ ਵਿੱਚ ਅਗਵਾਈ ਕਰਦੇ ਹਨ ਕਿ ਜਿਵੇਂ ਅੱਗ ਲੱਕੜਾਂ ਦੇ ਢੇਰ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਤਿਵੇਂ ਹੀ ਪਰਮੇਸ਼ਰ ਜੀ ਦਾ ਸਿਮਰਿਆ ਨਾਮ ਭਿਆਨਕ ਦੁੱਖਾਂ-ਕਲੇਸ਼ਾਂ, ਕੀਤੇ ਹੋਏ ਖ਼ੂਨ ਨੁਮਾ ਪਾਪ ਕਰਮਾਂ, ਜਨਮਾਂ ਜਨਮਾਂਤ੍ਰਾਂ ਦੀ ਗਰੀਬੀ ਅਤੇ ਕਰਮਾਂ ਦੇ ਪੁਆੜਿਆਂ ਦਾ ਨਾਸ਼ ਕਰਨ ਨੂੰ ਸਮਰੱਥ ਹੈ। ਸਾਹਿਬ ਦਾ ਬਚਨ ਹੈ :

ਘੋਰ ਦੁਖ੍ਹੰ ਅਨਿਕ ਹਤ੍ਹੰ ਜਨਮ ਦਾਰਿਦ੍ਰੰ ਮਹਾ ਬਿਖ੍ਹਾਦੰ ॥

ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ

ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥

(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੫)

ਸੰਕਲਪਾਂ ਨੂੰ ਤਿਆਗਣ ਵਿੱਚ ਹੀ ਲਾਭ ਹੈ

ਸ. ਹਰੀ ਸਿੰਘ ਪੁੱਤਰ ਸ. ਡੋਗਰ ਸਿੰਘ ਪਿੰਡ ਗੋਂਦਪੁਰ ਨਿਵਾਸੀ, ਏਅਰ ਫੋਰਸ ਵਿੱਚ ਨੌਕਰੀ ਕਰਦੇ ਸਨ। ਜੁਲਾਈ 1975 ਈ. ਵਿੱਚ ਥੋੜ੍ਹੇ ਦਿਨਾਂ ਦੀ ਛੁੱਟੀ ਲੈ ਕੇ ਪਰਿਵਾਰ ਨੂੰ ਮਿਲਣ ਵਾਸਤੇ ਆਪਣੇ ਪਿੰਡ ਗੋਂਦਪੁਰ ਆਏ। ਜਿਵੇਂ ਕਿ ਹਰ ਇੱਕ ਗੁਰਸਿੱਖ ਨੂੰ ਆਪਣੀ ਕਮਾਈ ਵਿੱਚੋਂ ਗੁਰੂ ਨਮਿੱਤ ਦਸਵੰਧ ਕੱਢਣ ਦਾ ਹੁਕਮ ਹੈ। ਆਪ ਜੀ ਪਾਸ ਵੀ ਦਸਵੰਧ ਦੀ ਕੁੱਝ ਮਾਇਆ ਇਕੱਤਰ ਹੋਈ ਪਈ ਸੀ। ਆਪ ਦੇ ਮਨ ਵਿੱਚ ਵਿਚਾਰ ਬਣਿਆ ਕਿ ਰਾਮਪੁਰ ਖੇੜੇ ਗੁਰੂ ਘਰ ਦੀ ਸੇਵਾ ਚੱਲ ਰਹੀ ਹੈ, ਇਹ ਗੁਰੂ ਕੀ ਮਾਇਆ ਉਸ ਗੁਰੂ ਘਰ ਦੀ ਉਸਾਰੀ ਵਿੱਚ ਸਫ਼ਲੀ ਕਰੀਏ। ਆਪ ਜੀ ਦੇ ਖੇਤ ਵੀ ਗੁਰਦੁਆਰਾ ਸਾਹਿਬ ਜੀ ਦੇ ਨਜ਼ਦੀਕ ਹੀ ਸਨ। ਆਪ ਜੀ ਦਸਵੰਧ ਦੀ ਮਾਇਆ ਲੈ ਕੇ ਆਪਣੇ ਖੇਤਾਂ ਵਿੱਚ ਦੀ ਫੇਰਾ ਮਾਰਦੇ ਹੋਏ ਗੁਰਦੁਆਰਾ ਸਾਹਿਬ ਪੁੱਜ ਗਏ ਤੇ ਸੇਵਾਦਾਰ ਭਾਈ ਅਮਰ ਸਿੰਘ ਜੀ ਨੂੰ ਬਾਬਾ ਜੀ ਪ੍ਰਥਾਇ ਪੁੱਛਿਆ ਕਿ ਬਾਬਾ ਜੀ ਕਿੱਥੇ ਹਨ? ਮੈਂ ਉਨ੍ਹਾਂ ਨੂੰ ਜ਼ਰੂਰੀ ਮਿਲਣਾ ਹੈ। ਭਾਈ ਅਮਰ ਸਿੰਘ ਨੇ ਉੱਤਰ ਦਿੱਤਾ ਕਿ ਬਾਬਾ ਜੀ ਤਾਂ ਜਲ ਪਾਣੀ ਛੱਕ ਕੇ ਹਰ ਰੋਜ਼ ਦੀ ਤਰ੍ਹਾਂ ਸਿਮਰਨ ਭਜਨ ਦੇ ਨਿਯਮ ਵਿੱਚ ਬੈਠ ਗਏ ਹਨ ਅਤੇ ਉਨ੍ਹਾਂ ਨੇ ਦੁਪਹਿਰ ਦੇ ਇੱਕ ਵਜੇ ਦੇ ਕਰੀਬ ਬਾਹਰ ਨਿਕਲਣਾ ਹੈ। ਸ. ਹਰੀ ਸਿੰਘ ਨੇ ਦੱਸਿਆ ਕਿ ਭਾਈ ਅਮਰ ਸਿੰਘ ਪਾਸੋਂ ਇਹ ਬਚਨ ਸੁਣ ਕੇ ਮੈਂ ਕਾਫ਼ੀ ਮਾਯੂਸ ਹੋਇਆ ਤੇ ਮਨ ਵਿੱਚ ਕਈ ਉਤਰਾਅ ਚੜ੍ਹਾਅ ਆਉਣੇ ਸ਼ੁਰੂ ਹੋ ਗਏ ਕਿ ਮੈਂ ਜਲਦੀ ਵਾਪਿਸ ਵੀ ਜਾਣਾ ਹੈ, ਏਨਾ ਸਮਾਂ ਮੈਂ ਉਡੀਕ ਵੀ ਨਹੀਂ ਸਕਦਾ ਕਿਉਂਕਿ ਇੱਕ-ਦੋ ਥਾਂ ਹੋਰ ਜਾਣਾ ਹੈ। ਬਾਬਾ ਜੀ ਦੇ ਦਰਸ਼ਨ ਵੀ ਜ਼ਰੂਰ ਕਰਨੇ ਹਨ ਤੇ ਨਾਲੇ ਦਸਵੰਧ ਦੀ ਮਾਇਆ ਵੀ ਭੇਟ ਕਰਨੀ ਹੈ। ਜੇ ਮੈਂ ਇੱਕ ਵਜੇ ਤੱਕ ਬਾਬਾ ਜੀ ਨੂੰ ਉਡੀਕਾਂ ਤਾਂ ਦੋ ਥਾਈਂ ਹੋਰ ਜਾ ਕੇ ਸ਼ਾਮ ਤੱਕ ਘਰ ਵਾਪਿਸ ਪੁੱਜਣਾ ਕਠਿਨ ਹੈ, ਕਿਉਂਕਿ ਵਾਪਿਸ ਜਾਣ ਦੀ ਸਾਰੀ ਤਿਆਰੀ ਵੀ ਅਜੇ ਕਰਨੀ ਹੈ ਅਤੇ ਸਵੇਰੇ ਪਹਿਲੀ ਬੱਸ ਫੜਨੀ ਹੈ।

(ਚਲਦਾ)

Canada: ਪ੍ਰਾਇਮਰੀ ਸਕੂਲਾਂ 'ਚ ਦਸਤਾਰ ਤੇ ਨਕਾਬ ਸਮੇਤ ਧਾਰਮਿਕ ਪਹਿਰਾਵੇ 'ਤੇ ਬੈਨ ਲਾਉਣ ਦੀ ਤਿਆਰੀ

Religious Symbol Ban: ਕੈਨੇਡੀਅਨ ਸੂਬੇ ਕਿਊਬੈਕ ਵਿੱਚ ਨਵੀਂ ਸਰਕਾਰ ਨੇ ਐਲਾਨ ਕੀਤਾ

ਚੰਡੀਗੜ੍ਹ : ਕਿਊਬੈਕ ਦੀ ਨਵੀਂ ਪਾਰਟੀ ਕਿਊਬੈਕ ਇਸ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਦਸਤਾਰਾਂ ਅਤੇ ਨਕਾਬਾਂ ਸਮੇਤ ਧਾਰਮਿਕ ਪਹਿਰਾਵੇ 'ਤੇ ਬੈਨ ਲਗਾਉਣ ਦੀ ਯੋਜਨਾ ਹੈ। ਇਸ ਤਜਵੀਜ਼ ਦੀ ਨਾਗਰਿਕ ਆਜ਼ਾਦੀਆਂ ਅਤੇ ਮੁਸਲਿਮ ਸਮੂਹਾਂ ਵੱਲੋਂ ਆਲੋਚਨਾ ਕੀਤੀ ਗਈ ਹੈ, ਜੋ ਚਿਤਾਵਨੀ ਦਿੰਦੇ ਹਨ ਕਿ ਇਹ ਧਾਰਮਿਕ ਆਜ਼ਾਦੀ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਘੱਟ ਗਿਣਤੀ ਬੱਚਿਆਂ ਨੂੰ ਬਾਹਰ ਕਰ ਸਕਦਾ ਹੈ।

ਵੀਓਨ ਖ਼ਬਰ ਵੈੱਬਸਾਈਟ ਮੁਤਾਬਿਕ ਕੈਨੇਡੀਅਨ ਸੂਬੇ ਕਿਊਬੈਕ ਵਿੱਚ ਨਵੀਂ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਪ੍ਰਾਇਮਰੀ ਸਕੂਲਾਂ ਤੋਂ ਦਸਤਾਰਾਂ ਅਤੇ ਨਕਾਬਾਂ ਸਮੇਤ ਸਾਰੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਏਗੀ, ਇੱਕ ਅਜਿਹਾ ਕਦਮ ਜੋ ਪਹਿਲਾਂ ਤੋਂ ਮੌਜੂਦ ਪਾਬੰਦੀਆਂ ਵਿੱਚ ਹੋਰ ਵਾਧਾ ਕਰਦਾ ਹੈ।

ਜਦੋਂ ਸਿੱਖਿਆ ਮੰਤਰੀ ਜੋਏਲ ਅਰਸੇਨੋ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਪਾਰਟੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਬੈਨ ਲਗਾਉਣ ਦੇ ਆਪਣੇ ਚੋਣ ਵਾਅਦੇ 'ਤੇ ਕਾਇਮ ਰਹੇਗੀ ਤਾਂ ਉਨ੍ਹਾਂ ਕਿਹਾ,"ਇਸ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਸਾਨੂੰ ਇਹ ਕਰਨ ਲਈ ਹੀ ਚੁਣਿਆ ਗਿਆ ਸੀ।"

'ਅਸੀਂ ਇਸ ਨੂੰ ਪੂਰਾ ਕਰਨ ਲਈ ਕੰਮ ਕਰਾਂਗੇ।' ਅਲਹਿਦਗੀਪਸੰਦ ਪਾਰਟੀ ਕਿਊਬੈਕੋਇਸ ਅਕਤੂਬਰ ਵਿੱਚ ਹੋਈਆਂ ਸੂਬਾਈ ਚੋਣਾਂ ਵਿੱਚ ਸੱਤਾ ਵਿੱਚ ਆਈ ਸੀ ਅਤੇ ਸਕੂਲੀ ਬੱਚਿਆਂ ਦੇ ਧਾਰਮਿਕ ਪਹਿਰਾਵੇ ਪਹਿਨਣ 'ਤੇ ਬੈਨ ਲਗਾਉਣਾ ਉਨ੍ਹਾਂ ਦੇ ਏਜੰਡੇ ਦਾ ਹਿੱਸਾ ਸੀ।

ਵੀਓਨ ਦੀ ਖ਼ਬਰ ਮੁਤਾਬਕ ਇਹ ਪਿਛਲੀ ਕੋਲੀਸ਼ਨ ਅਵੇਨਿਰ ਕਿਊਬੈਕੋਰ (CAQ) ਸਰਕਾਰ ਦੇ ਅਧੀਨ ਇਸ ਸਾਲ ਅਪਰੈਲ ਵਿੱਚ ਲਾਗੂ ਕੀਤੀਆਂ ਗਈਆਂ ਹੋਰ ਪਾਬੰਦੀਆਂ ਦੇ ਆਧਾਰ 'ਤੇ ਬਣਾਇਆ ਗਿਆ ਹੈ। ਉਸ ਨੇ ਸਰਕਾਰੀ ਯੂਨੀਵਰਸਿਟੀਆਂ, ਸਰਕਾਰ ਦੁਆਰਾ ਸਬਸਿਡੀ ਪ੍ਰਾਪਤ ਨਿੱਜੀ ਸੰਸਥਾਵਾਂ, ਇੱਥੋਂ ਤੱਕ ਕਿ ਚਾਈਲਡ ਕੇਅਰ ਸੈਂਟਰਾਂ ਵਿੱਚ ਵੀ ਧਾਰਮਿਕ ਗਤੀਵਿਧੀਆਂ 'ਤੇ ਬੈਨ ਲਗਾ ਦਿੱਤਾ ਸੀ, ਗਜ਼ਟ ਨੇ ਉਸ ਸਮੇਂ ਰਿਪੋਰਟ ਦਿੱਤੀ ਸੀ।

ਇਹ ਸੜਕਾਂ ਜਾਂ ਪਾਰਕਾਂ ਵਿੱਚ ਸਾਂਝੀਆਂ ਧਾਰਮਿਕ ਗਤੀਵਿਧੀਆਂ 'ਤੇ ਵੀ ਰੋਕ ਲਗਾਉਂਦਾ ਹੈ। ਜਨਤਕ ਥਾਵਾਂ 'ਤੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਉਣ ਦੀ ਪ੍ਰਕਿਰਿਆ 2019 ਵਿੱਚ CAQ ਸਰਕਾਰ ਅਧੀਨ ਸ਼ੁਰੂ ਹੋਈ ਸੀ। ਧਰਮ-ਨਿਰਪੱਖਤਾ ਦੇ ਕਾਨੂੰਨ ਨੇ ਸਰਕਾਰੀ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਨੂੰ ਧਰਮ ਦੇ ਪ੍ਰਤੱਖ ਚਿੰਨ੍ਹ ਜਿਵੇਂ ਕਿ ਸਿੱਖ ਦਸਤਾਰ ਜਾਂ ਮੁਸਲਿਮ ਔਰਤ ਦੇ ਹਿਜਾਬ ਨੂੰ ਪ੍ਰਦਰਸ਼ਿਤ ਕਰਨ ਤੋਂ ਰੋਕ ਦਿੱਤਾ ਸੀ।

ਇੱਕ ਬਿਆਨ ਵਿੱਚ, ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (CCLA) ਦੀ ਕਿਊਬੈਕ ਬੁਲਾਰਾ ਅਤੇ ਮੌਲਿਕ ਆਜ਼ਾਦੀਆਂ ਦੀ ਡਾਇਰੈਕਟਰ ਐਨਾਇਸ ਬੁਸੀਏਰੇਸ ਮੈਕਨਿਕੋਲ ਨੇ ਕਿਹਾ ਕਿ ਕਿਊਬੈਕ ਨੇ 'ਪਹਿਲਾਂ ਕੁਝ ਜਨਤਕ ਖੇਤਰ ਦੇ ਕਰਮਚਾਰੀਆਂ 'ਤੇ ਬੈਨ ਲਗਾਉਣ' ਤੋਂ ਬਾਅਦ 'ਧਾਰਮਿਕ ਪ੍ਰਗਟਾਵੇ 'ਤੇ ਪਾਬੰਦੀਆਂ ਨੂੰ ਹੌਲੀ-ਹੌਲੀ ਵਧਾਇਆ ਹੈ' ਅਤੇ ਫਿਰ ਇਸ ਨੂੰ 'ਸਰਕਾਰੀ ਸਕੂਲਾਂ ਦੇ ਸਟਾਫ, ਸਰਕਾਰੀ ਫੰਡ ਪ੍ਰਾਪਤ ਨਿੱਜੀ ਸਕੂਲਾਂ, ਅਤੇ ਸਰਕਾਰੀ ਜਾਂ ਸਰਕਾਰੀ ਫੰਡ ਪ੍ਰਾਪਤ ਡੇ-ਕੇਅਰ ਸੈਂਟਰਾਂ' ਤੱਕ ਵਧਾ ਦਿੱਤਾ ਹੈ।

ਮੈਕਨਿਕੋਲ ਨੇ ਕਿਹਾ, "ਇੱਕ ਅਜਿਹਾ ਹੱਲ ਜੋ ਬਿਨਾਂ ਵਜ੍ਹਾ ਹਾ ਸਮੱਸਿਆ ਦੀ ਭਾਲ ਕਰ ਰਿਹਾ ਹੈ। ਇਸ ਵਾਰ, ਕਿਊਬੈਕ ਸਰਕਾਰ ਬੱਚਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਹਰ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨੂੰ ਵੱਖਰੇਵੇਂ ਅਤੇ ਅਸਵੀਕਾਰ ਦਾ ਸੁਨੇਹਾ ਭੇਜ ਰਹੀ ਹੈ।"

ਇੱਕ ਬਿਆਨ ਵਿੱਚ, ਨੈਸ਼ਨਲ ਕੌਂਸਲ ਆਫ਼ ਕਿਊਬੈਕ ਮੁਸਲਿਮਜ਼ (CNQM) ਨੇ ਕਿਹਾ ਕਿ ਅਰਸੇਨੋ ਦੇ ਐਲਾਨ ਨੇ 'ਧਾਰਮਿਕ ਆਜ਼ਾਦੀ, ਜਨਤਕ ਸਿੱਖਿਆ ਤੱਕ ਬਰਾਬਰ ਪਹੁੰਚ ਅਤੇ ਕਿਊਬੈਕ ਸਮਾਜ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਥਾਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ।'



ਬਿਆਨ ਵਿੱਚ ਕਿਹਾ ਗਿਆ ਹੈ ਕਿ ਸਕੂਲ ਦੇ ਆਗੂਆਂ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਅਜਿਹੀ ਪਾਬੰਦੀ ਸਕੂਲਾਂ ਅਤੇ ਪਰਿਵਾਰਾਂ ਵਿਚਕਾਰ ਸਬੰਧਾਂ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਇੱਕ ਚੰਗਾ ਜਨਤਕ ਨੀਤੀ ਦਾ ਟੀਚਾ ਨਹੀਂ ਹੈ।

CNQM ਦੇ ਸੀਈਓ ਸਟੀਫਨ ਬਰਾਊਨ ਨੇ ਇਸ ਨੀਤੀ ਰਾਹੀਂ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਸੁਨੇਹੇ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਕਦਮ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਤਮਿਕਤਾ ਦੇ ਅਧਿਕਾਰ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ, "ਇਸ ਨਾਲ ਬੱਚਿਆਂ ਨੂੰ ਇਹ ਸੁਨੇਹਾ ਮਿਲੇਗਾ ਕਿ ਉਹ ਸਮਾਜ ਦਾ ਹਿੱਸਾ ਨਹੀਂ ਹਨ ਅਤੇ ਉਹ ਦੂਜੇ ਦਰਜੇ ਦੇ ਨਾਗਰਿਕ ਹਨ।"

90 ਦਿਨਾਂ ਤੱਕ ਬਾਹਰੀ ਮਦਦ ਤੋਂ ਬਿਨਾਂ ਚੱਲਣਗੇ ਅਮਰੀਕੀ ਫੌਜੀ ਅੱਡੇ, ਪੈਂਟਾਗਨ ਦਾ 'ਫੋਰਟ੍ਰੈਸ ਅਮਰੀਕਾ' ਪਲਾਨ !

ਨਵੀਂ ਦਿੱਲੀ : ਦੁਨੀਆ 'ਚ ਬਹੁ-ਮੋਰਚੇ 'ਤੇ ਜੰਗ, ਸਾਈਬਰ ਹਮਲਿਆਂ ਅਤੇ ਵਿਦੇਸ਼ੀ ਸਪਲਾਈ ਚੇਨਾਂ ਦੇ ਵਿਘਨ ਦੇ ਖਦਸ਼ਿਆਂ ਵਿਚਾਲੇ ਅਮਰੀਕਾ ਆਪਣੀਆਂ ਫੌਜੀ ਤਿਆਰੀਆਂ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨ ਵਿਚ ਜੁਟ ਗਿਆ ਹੈ। ਪੈਂਟਾਗਨ ਦੀ 'ਫੋਰਟ੍ਰੈਸ ਅਮਰੀਕਾ' ਯੋਜਨਾ ਤਹਿਤ ਮੁੱਖ ਫੌਜੀ ਅੱਡਿਆਂ ਨੂੰ 90 ਦਿਨਾਂ ਤੱਕ ਬਾਹਰੀ ਨਾਗਰਿਕ ਬੁਨਿਆਦੀ ਢਾਂਚੇ ਦੀ ਮਦਦ ਤੋਂ ਬਿਨਾਂ ਸੰਚਾਲਿਤ ਰੱਖਣ ਦੀ ਸਮਰੱਥਾ ਵਿਕਸਿਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਲਈ ਫੌਜੀ ਟਿਕਾਣਿਆਂ 'ਤੇ ਬਿਜਲੀ, ਪਾਣੀ, ਈਂਧਨ ਅਤੇ ਸੰਚਾਰ ਦੀ ਸੁਤੰਤਰ ਵਿਵਸਥਾ ਤਿਆਰ ਕੀਤੀ ਜਾਵੇਗੀ।

ਕੁਆਂਟਿਕੋ 'ਚ ਹੋਇਆ ਯੋਜਨਾ ਦਾ ਐਲਾਨ

ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ 30 ਸਤੰਬਰ, 2026 ਨੂੰ ਵਰਜੀਨੀਆ ਸਥਿਤ ਮਰੀਨ ਕਾਰਪਸ ਬੇਸ ਕੁਆਂਟਿਕੋ 'ਚ ਆਪਣੇ 'ਸਟੇਟ ਆਫ ਦਿ ਫੋਰਸ' ਸੰਬੋਧਨ ਦੌਰਾਨ ਇਸ ਯੋਜਨਾ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ 6 ਅਕਤੂਬਰ ਨੂੰ ਰੱਖਿਆ ਮੰਤਰਾਲੇ ਦੇ ਪ੍ਰਾਪਤੀ ਅਤੇ ਰੱਖ-ਰਖਾਅ ਮਾਮਲਿਆਂ ਦੇ ਅਧੀਨ ਸਕੱਤਰ ਮਾਈਕਲ ਡਫੀ ਨੇ ਇਕ ਮੈਮੋਰੰਡਮ ਜਾਰੀ ਕਰ ਕੇ ਇਸ ਲਈ ਵੱਖਰਾ ਪ੍ਰੋਗਰਾਮ ਦਫ਼ਤਰ ਗਠਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ। ਰਿਚਰਡ 'ਮੈਟ' ਓ'ਮੈਲੀ ਨੂੰ ਇਸ ਦਾ ਅੰਤ੍ਰਿਮ ਡਾਇਰੈਕਟਰ ਬਣਾਇਆ ਗਿਆ ਹੈ। 25 ਅਕਤੂਬਰ ਨੂੰ ਫਾਕਸ ਨਿਊਜ਼ ਨੇ ਪੈਂਟਾਗਨ ਦੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਮੁੱਖ ਫੌਜੀ ਅੱਡਿਆਂ ਲਈ 90 ਦਿਨਾਂ ਦੀ ਆਤਮਨਿਰਭਰਤਾ ਦਾ ਟੀਚਾ ਸਾਹਮਣੇ ਰੱਖਿਆ।

ਪੰਜ ਮੋਰਚਿਆਂ 'ਤੇ ਮਜ਼ਬੂਤ ਹੋਵੇਗੀ ਸੁਰੱਖਿਆ

ਯੋਜਨਾ ਦੇ ਪੰਜ ਮੁੱਖ ਥੰਮ੍ਹ ਹਨ। ਇਨ੍ਹਾਂ 'ਚ ਊਰਜਾ ਆਤਮਨਿਰਭਰਤਾ, ਰੱਖਿਆ ਉਪਕਰਣਾਂ ਅਤੇ ਪੁਰਜ਼ਿਆਂ ਦੀ ਸਪਲਾਈ ਚੇਨ ਮਜ਼ਬੂਤ ਕਰਨਾ, ਪੁਲਾੜ ਅਤੇ ਸੰਚਾਰ ਪ੍ਰਣਾਲੀਆਂ ਦੀ ਸੁਰੱਖਿਆ, ਰਣਨੀਤਕ ਰੱਖਿਆ ਭੰਡਾਰ ਤਿਆਰ ਕਰਨਾ ਅਤੇ ਫੌਜੀ ਟਿਕਾਣਿਆਂ ਦੀ ਭੌਤਿਕ ਅਤੇ ਸਾਈਬਰ ਸੁਰੱਖਿਆ ਵਧਾਉਣਾ ਸ਼ਾਮਲ ਹੈ। ਇਸ ਦਾ ਉਦੇਸ਼ ਵਿਦੇਸ਼ੀ ਸਪਲਾਇਰਾਂ ਅਤੇ ਆਮ ਨਾਗਰਿਕ ਸਹੂਲਤਾਂ 'ਤੇ ਨਿਰਭਰਤਾ ਘਟਾਉਣਾ ਹੈ।

ਮਾਈਕ੍ਰੋ ਰਿਐਕਟਰ ਅਤੇ ਸੌਰ ਊਰਜਾ ਤੋਂ ਬਿਜਲੀ

ਫੌਜੀ ਅੱਡਿਆਂ ਨੂੰ ਬਿਜਲੀ ਗ੍ਰਿਡ ਤੋਂ ਵੱਖ ਹੋ ਕੇ ਵੀ ਕੰਮ ਕਰਨ ਯੋਗ ਬਣਾਉਣ ਲਈ ਪੋਰਟੇਬਲ ਪ੍ਰਮਾਣੂ ਮਾਈਕ੍ਰੋ ਰਿਐਕਟਰ, ਸੁਤੰਤਰ ਮਾਈਕ੍ਰੋਗ੍ਰਿਡ, ਵੱਡੇ ਬੈਟਰੀ ਭੰਡਾਰ, ਸੌਰ ਅਤੇ ਜੀਓਥਰਮਲ ਊਰਜਾ ਅਤੇ ਕੁਦਰਤੀ ਗੈਸ 'ਤੇ ਆਧਾਰਿਤ ਉਤਪਾਦਨ ਵਰਗੇ ਬਦਲਾਂ 'ਤੇ ਜ਼ੋਰ ਦਿੱਤਾ ਜਾ ਸਕਦਾ ਹੈ। ਪਾਣੀ ਅਤੇ ਸੰਚਾਰ ਲਈ ਵੀ ਬਦਲਵੀਂ ਵਿਵਸਥਾ ਵਿਕਸਿਤ ਹੋਵੇਗੀ। ਈਂਧਨ, ਗੋਲਾ-ਬਾਰੂਦ, ਇਲੈਕਟ੍ਰਾਨਿਕਸ, ਮਹੱਤਵਪੂਰਨ ਖਣਿਜਾਂ ਅਤੇ ਮੈਡੀਕਲ ਸਮੱਗਰੀ ਦਾ ਰਣਨੀਤਕ ਭੰਡਾਰ ਵਧਾਉਣ ਦੇ ਨਾਲ-ਨਾਲ ਐਮਰਜੈਂਸੀ ਦੀ ਸਥਿਤੀ ਵਿਚ ਰੱਖਿਆ ਉਤਪਾਦਨ ਲਈ ਘਰੇਲੂ ਕਾਰਖਾਨਿਆਂ ਦੀ ਪਛਾਣ ਵੀ ਕੀਤੀ ਜਾਵੇਗੀ।

'ਜੰਗ ਸ਼ੁਰੂ ਹੋਣ ਤੋਂ ਬਾਅਦ ਤਿਆਰੀ ਕਰਨਾ ਦੇਰ ਹੋ ਜਾਵੇਗੀ'

ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਦੇ ਅਨੁਸਾਰ, ਭਵਿੱਖ ਦੀਆਂ ਜੰਗਾਂ ਕਈ ਮੋਰਚਿਆਂ 'ਤੇ ਫੈਲ ਸਕਦੀਆਂ ਹਨ ਅਤੇ ਗਲੋਬਲ ਸਪਲਾਈ ਚੇਨਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਬਿਜਲੀ ਫੌਜੀ ਉਪਕਰਣਾਂ ਦੇ ਨਾਲ-ਨਾਲ ਸੰਚਾਰ, ਪਾਣੀ, ਰਾਸ਼ਣ, ਉਤਪਾਦਨ ਅਤੇ ਕਮਾਂਡ ਵਿਵਸਥਾ ਲਈ ਵੀ ਲਾਜ਼ਮੀ ਹੈ। ਇਸ ਲਈ ਜੰਗ ਸ਼ੁਰੂ ਹੋਣ ਤੋਂ ਬਾਅਦ ਤਿਆਰੀ ਕਰਨਾ ਬਹੁਤ ਦੇਰ ਹੋ ਜਾਵੇਗੀ। ਉਨ੍ਹਾਂ ਇਸ ਯੋਜਨਾ ਨੂੰ ਅਮਰੀਕੀ ਮਾਤ ਭੂਮੀ ਦੀ ਸੁਰੱਖਿਆ ਲਈ 'ਬੀਮਾ ਵਿਵਸਥਾ' ਦੱਸਿਆ।


ਯੂਰਪ 'ਚ ਵੀ ਐਮਰਜੈਂਸੀ ਤਿਆਰੀ 'ਤੇ ਜ਼ੋਰ

ਅਮਰੀਕਾ ਦੇ ਨਾਲ-ਨਾਲ ਯੂਰਪ ਵਿਚ ਵੀ ਐਮਰਜੈਂਸੀ ਹਾਲਾਤ ਨਾਲ ਨਜਿੱਠਣ ਦੀ ਤਿਆਰੀ ਵਧ ਰਹੀ ਹੈ। ਬ੍ਰਿਟੇਨ ਨੇ ਨਾਗਰਿਕਾਂ ਨੂੰ ਤਿੰਨ ਦਿਨਾਂ ਦਾ ਜ਼ਰੂਰੀ ਸਾਮਾਨ ਰੱਖਣ, ਜਰਮਨੀ ਨੇ 10 ਦਿਨਾਂ ਦੇ ਭੋਜਨ-ਪਾਣੀ ਦਾ ਭੰਡਾਰ ਬਣਾਉਣ ਅਤੇ ਯੂਰਪੀਅਨ ਕਮਿਸ਼ਨ ਨੇ 72 ਘੰਟਿਆਂ ਦੀ ਐਮਰਜੈਂਸੀ ਕਿੱਟ ਤਿਆਰ ਰੱਖਣ ਦੀ ਸਲਾਹ ਦਿੱਤੀ ਹੈ। ਹਾਲਾਂਕਿ, ਅਮਰੀਕੀ ਟਿੱਪਣੀਕਾਰ ਗਲੇਨ ਬੈਕ ਵੱਲੋਂ 2027 ਵਿਚ ਵੱਡੇ ਸੰਕਟ ਜਾਂ ਹਮਲਿਆਂ ਦਾ ਖਦਸ਼ਾ ਪ੍ਰਗਟਾਉਣਾ ਉਨ੍ਹਾਂ ਦਾ ਨਿੱਜੀ ਅੰਦਾਜ਼ਾ ਹੈ, ਕੋਈ ਐਲਾਨੀ ਅਧਿਕਾਰਤ ਭਵਿੱਖਬਾਣੀ ਨਹੀਂ।



ਅਮਰੀਕਾ-ਕੈਨੇਡਾ ਵਪਾਰ ਸਮਝੌਤੇ ਦੀ ਆਸ ਬੱਝੀ

ਨਿਊਯਾਰਕ : ਅਮਰੀਕਾ ਤੇ ਕੈਨੇਡਾ ਵਿਚਾਲੇ ਚੱਲ ਰਹੇ ਵਪਾਰਕ ਟਕਰਾਅ ਨੂੰ ਸੁਲਝਾਉਣ ਲਈ ਗੱਲਬਾਤ ਮੁੜ ਅੱਗੇ ਵਧੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਗੱਲਬਾਤ ਮਗਰੋਂ ਦਾਅਵਾ ਕੀਤਾ ਕਿ ਦੋਵੇਂ ਦੇਸ਼ ਸਮਝੌਤੇ ਦੇ ਕਾਫ਼ੀ ਨੇੜੇ ਹਨ ਤੇ ਇਸ ਦਾ ਮੁੱਢਲਾ ਖਾਕਾ ਬਣ ਗਿਆ ਹੈ। ਹਾਲਾਂਕਿ ਅਜੇ ਅੰਤਿਮ ਸਮਝੌਤੇ ਜਾਂ ਉਸ ਦੀਆਂ ਪੂਰੀਆਂ ਸ਼ਰਤਾਂ ਦਾ ਐਲਾਨ ਨਹੀਂ ਹੋਇਆ।



ਟਰੰਪ ਨੇ ਕਿਹਾ ਕਿ ਨਵਾਂ ਸਮਝੌਤਾ ਅਮਰੀਕੀ ਕਿਸਾਨਾਂ ਤੇ ਦੇਸ਼ ਲਈ ਲਾਹੇਵੰਦ ਹੋਵੇਗਾ ਤੇ ਕੈਨੇਡਾ ਲਈ ਵੀ ਢੁੱਕਵਾਂ ਰਹੇਗਾ। ਉਨ੍ਹਾਂ ਆਪਣਾ ਪੁਰਾਣਾ ਦਾਅਵਾ ਦੁਹਰਾਇਆ ਕਿ ਅਮਰੀਕਾ ਲੰਮੇ ਸਮੇਂ ਤੋਂ ਕੈਨੇਡਾ ਨਾਲ ਵਪਾਰ ਵਿਚ ਨੁਕਸਾਨ ਝੱਲ ਰਿਹਾ ਹੈ। ਗੱਲਬਾਤ ਵਿਚ ਕੀਸਟੋਨ ਐਕਸਐੱਲ ਤੇਲ ਪਾਈਪਲਾਈਨ ਦਾ ਮਾਮਲਾ ਵੀ ਸ਼ਾਮਲ ਹੈ। ਟਰੰਪ ਮੁਤਾਬਕ ਅਮਰੀਕਾ ਪਾਈਪਲਾਈਨ ਲਈ ਰਸਤਾ ਦੇਵੇਗਾ, ਜਦਕਿ ਉਸਾਰੀ ਦਾ ਪੂਰਾ ਖ਼ਰਚਾ ਕੈਨੇਡਾ ਚੁੱਕੇਗਾ। ਅਲਬਰਟਾ ਤੋਂ ਅਮਰੀਕਾ ਤੱਕ ਤੇਲ ਪਹੁੰਚਾਉਣ ਵਾਲਾ ਇਹ ਪ੍ਰਾਜੈਕਟ ਲਗਭਗ ਦੋ ਦਹਾਕੇ ਪਹਿਲਾਂ ਤਜਵੀਜ਼ ਕੀਤਾ ਗਿਆ ਸੀ। ਵਾਤਾਵਰਨ ਸੰਸਥਾਵਾਂ, ਮੂਲਵਾਸੀ ਭਾਈਚਾਰਿਆਂ ਅਤੇ ਜ਼ਮੀਨ ਮਾਲਕਾਂ ਦੇ ਵਿਰੋਧ ਵਿਚਾਲੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦੀ ਅਹਿਮ ਮਨਜ਼ੂਰੀ ਰੱਦ ਕਰ ਦਿੱਤੀ ਸੀ। ਟਰੰਪ ਨੇ ਅਪ੍ਰੈਲ ਵਿਚ ਪੁਰਾਣੇ ਪ੍ਰਾਜੈਕਟ ਦੇ ਮੌਜੂਦਾ ਹਿੱਸਿਆਂ ਦੀ ਵਰਤੋਂ ਨਾਲ ਨਵੀਂ ਪਾਈਪਲਾਈਨ ਨੂੰ ਮਨਜ਼ੂਰੀ ਦੇਣ ਲਈ ਕਾਰਜਕਾਰੀ ਹੁਕਮ ਜਾਰੀ ਕੀਤਾ ਸੀ। ਦੋਵਾਂ ਦੇਸ਼ਾਂ ਦੀ ਵਪਾਰਕ ਗੱਲਬਾਤ ਅਗਸਤ ਵਿੱਚ ਟੁੱਟ ਗਈ ਸੀ। ਮਤਭੇਦਾਂ ਵਿਚ ਕੈਨੇਡਾ ਦੇ ਦਰਮਿਆਨੇ ਤੇ ਭਾਰੀ ਵਾਹਨਾਂ ਨੂੰ ਤਜਵੀਜ਼ਸ਼ੁਦਾ ਅਮਰੀਕੀ ਟੈਕਸ ਰਾਹਤ ਵਿਚ ਸ਼ਾਮਲ ਕਰਨ ਦਾ ਮਾਮਲਾ ਵੀ ਸੀ। ਇਸ ਮਗਰੋਂ ਦੋਵਾਂ ਪਾਸਿਆਂ ਵਲੋਂ ਇਕ-ਦੂਜੇ ਦੀਆਂ ਵਸਤਾਂ ਉਤੇ ਟੈਕਸ ਵਧਾਉਣ ਨਾਲ ਤਣਾਅ ਹੋਰ ਡੂੰਘਾ ਹੋ ਗਿਆ। ਅਮਰੀਕੀ ਟੈਕਸਾਂ ਨਾਲ ਕਰੀਬ 20 ਅਰਬ ਡਾਲਰ ਦੀਆਂ ਕੈਨੇਡੀਅਨ ਵਸਤਾਂ ਪ੍ਰਭਾਵਿਤ ਹੋਈਆਂ, ਜਿਨ੍ਹਾਂ ਵਿਚ ਸੀਮੈਂਟ ਅਤੇ ਹਾਕੀ ਸਟਿੱਕਾਂ ਵੀ ਸ਼ਾਮਲ ਸਨ। ਕੈਨੇਡਾ ਨੇ ਬਰਾਬਰ ਮੁੱਲ ਦੀਆਂ ਅਮਰੀਕੀ ਵਸਤਾਂ ਉੱਤੇ ਜਵਾਬੀ ਟੈਕਸ ਲਾਏ। ਇਸ ਮਗਰੋਂ ਟਰੰਪ ਨੇ ਕੁਝ ਉਤਪਾਦਾਂ ਉੱਤੇ ਟੈਕਸ ਵਧਾ ਕੇ 50 ਫ਼ੀਸਦੀ ਤੱਕ ਕਰ ਦਿੱਤੇ। ਹੁਣ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਕੁਝ ਕੈਨੇਡੀਅਨ ਵਸਤਾਂ ਉੱਤੇ ਲੱਗੇ ਟੈਕਸ ਹਟਾਏ ਗਏ ਹਨ ਅਤੇ ਸਮਝੌਤੇ ਦੀ ਗੱਲ ਮੁੜ ਅੱਗੇ ਤੁਰੀ ਹੈ। ਮਹਿੰਗਾਈ ਤੇ ਘਰੇਲੂ ਖ਼ਰਚੇ ਵੋਟਰਾਂ ਲਈ ਅਹਿਮ ਮੁੱਦੇ ਬਣੇ ਹੋਏ ਹਨ। ਮਿਸ਼ੀਗਨ ਅਤੇ ਮੇਨ ਵਰਗੇ ਸੂਬਿਆਂ ਦੀਆਂ ਫਸਵੀਆਂ ਸੈਨੇਟ ਚੋਣਾਂ ਵਿੱਚ ਕੈਨੇਡਾ ਨਾਲ ਵਪਾਰਕ ਟਕਰਾਅ ਵੀ ਚਰਚਾ ਦਾ ਵਿਸ਼ਾ ਹੈ।

ਭਾਰਤ ਬਹੁਤ ਸ਼ਕਤੀਸ਼ਾਲੀ ਦੇਸ਼ : ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ



ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਦੀ ਵਧਦੀ ਗਲੋਬਲ ਤਾਕਤ ਅਤੇ ਆਲਮੀ ਪੱਧਰ 'ਤੇ ਉਸ ਦੇ ਪ੍ਰਭਾਵ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਉਹ ਭਾਰਤ ਨੂੰ ਇੱਕ 'ਮੱਧਮ ਤਾਕਤ' (Middle Power) ਨਹੀਂ ਮੰਨਦੇ, ਕਿਉਂਕਿ ਭਾਰਤ ਇਸ ਤੋਂ ਕਿਤੇ ਵੱਧ ਇੱਕ ਸ਼ਕਤੀਸ਼ਾਲੀ ਰਾਸ਼ਟਰ ਹੈ। ਆਪਣੇ ਬਿਆਨ ਵਿੱਚ ਪ੍ਰਧਾਨ ਮੰਤਰੀ ਕਾਰਨੀ ਨੇ ਜ਼ਿਕਰ ਕੀਤਾ ਕਿ ਜੇਕਰ ਕੋਈ ਕੈਨੇਡਾ ਨੂੰ 'ਮੱਧਮ ਤਾਕਤ' ਕਹਿੰਦਾ ਹੈ, ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ। ਹਾਲਾਂਕਿ, ਭਾਰਤ ਦੀ ਸਥਿਤੀ ਅਤੇ ਵਿਸ਼ਵ ਪੱਧਰ 'ਤੇ ਉਸ ਦੇ ਵਧ ਰਹੇ ਕੱਦ ਦੀ ਤੁਲਨਾ ਕਿਸੇ ਮੱਧਮ ਦਰਜੇ ਦੇ ਦੇਸ਼ ਨਾਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਭਾਰਤ ਇੱਕ ਬਹੁਤ ਮਜ਼ਬੂਤ ਅਤੇ ਸ਼ਕਤੀਸ਼ਾਲੀ ਦੇਸ਼ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਦੇ ਇਸ ਬਿਆਨ ਦਾ ਵੀਡੀਓ ਅਤੇ ਮੈਟਰ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਗਿਆ ਹੈ, ਜਿੱਥੇ ਇਸ 'ਤੇ ਲੋਕਾਂ ਵੱਲੋਂ ਵੱਖ-ਵੱਖ ਪ੍ਰਤੀਕਿਰਿਆਵਾਂ ਦਿੱਤੀਆਂ ਜਾ ਰਹੀਆਂ ਹਨ। ਇਹ ਬਿਆਨ ਵਿਸ਼ਵ ਰਾਜਨੀਤੀ ਵਿੱਚ ਭਾਰਤ ਦੀ ਵਧਦੀ ਸ਼ਕਤੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਸ ਦੇ ਬਦਲਦੇ ਅਕਸ ਨੂੰ ਦਰਸਾਉਂਦਾ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

The deviations and cannotations of the terms

ਓ. ਮੈਂਡਲ ਸੋਹਮ ਅਤੇ ਐਮ ਵਿਸਜਿਐਨੀ ਅਛੂਤਾਂ ਦੱਬੀਆਂ ਕੁਚਲੀਆਂ ਜਮਾਤਾਂ, ਸ਼ਡਿਊਲਡ ਕਾਸਟਜ, 'ਹਰੀਜਨਾਂ' ਅਤੇ ਦਲਿਤ ਵਿਸਥਾਰ ਵਿਚ ਬਹਿਸ ਹੇਠ ਲਿਆਂਦੇ ਗਏ ਹਨ।

'ਅਛੂਤ . ਆਧੁਨਿਕ ਭਾਰਤ ਦੇ ਰਾਜ ਵਿਚ ਗ਼ਰੀਬੀ ਅਤੇ ਅਧੀਨਗੀ।

ISSN 0085-6401 print; 1479 0270 on line/06/0100009-33


© 2006 SOUTH ASIAN STUDIES ASSOCATION OF AUSTRALIA DOI. 10.1080/00856400600550781

Ref. South Asia Journal p-9

SOUTH ASIA

ਵਾਦ-ਵਿਵਾਦ ਛੇਤੀ ਖ਼ਤਮ ਹੋ ਗਿਆ। ਕਿਸ ਤਰ੍ਹਾਂ ਵੀ ਹੋਵੇ ਅੰਬੇਡਕਰ ਦੀ ਅਛੂਤਾਂ ਦੇ ਸਿੱਖਇਜ਼ਮ ਵਿਚ ਧਰਮ ਬਦਲੀ ਦੀ ਲਹਿਰ (ਕਿਸੇ ਵਸਤੂ ਦੇ ਸੱਚ ਜਾਂ ਝੂਠ ਹੋਣ ਦੇ ਵਿਸ਼ੇ ਵਿਚ) ਨਿਰੂਪਣ ਕਰਕੇ ਬਰਛੇ ਨਾਲ ਮਾਰਨਾ ਸੀ। ਇਸ ਦੇ ਬਾਵਜੂਦ ਅੰਬੇਡਕਰ ਨੇ ਦੋ ਦਹਾਕਿਆਂ ਬਾਅਦ ਦੀ ਅਸਥਾਈ ਰੁਕਾਵਟ ਲਈ ਸ਼ਰੀਕਾ ਧਰਮ ਵਿਚ ਨੂੰ ਅਛੂਤਾਂ ਨੂੰ ਧਮਕੀ ਦੇ ਬਾਵਜੂਦ ਸਿਰ ਉੱਚਾ ਰੱਖਿਆ। ਫਿਰ ਵੱਡੇ ਪੱਧਰ ਤੇ 1956 ਵਿਚ ਬੁਧਇਜ਼ਮ ਨੂੰ ਧਰਮ ਬਦਲੀ ਲਈ ਲਾਮਬੰਦ ਕੀਤਾ।

ਮੂੰਜੇ-ਅੰਬੇਡਕਰ ਪੈਕਟ ਅਧੀਨ, ਅੰਬੇਡਕਰ ਸਿੱਖ ਧਰਮ ਵਿਚ ਧਰਮ ਬਦਲੀ ਦੀ ਅਗਵਾਈ ਕਰਨ ਅਤੇ ਅਛੂਤਾਂ ਦਰਮਿਆਨ ਮੁਸਲਿਮ ਅਤੇ ਈਸਾਈਆਂ ਦੀ ਧਰਮ ਬਦਲੀ ਦਾ ਵਿਰੋਧ ਕਰਦਿਆਂ ਹਿੰਦੂਆਂ ਅਤੇ ਸਿੱਖਾਂ ਨੂੰ ਸ਼ਾਮਲ ਕਰਨ ਲਈ ਸਹਿਮਤ ਹੋਇਆ। ਮੂੰਜੇ ਨੇ ਬਦਲੇ ਵਿਚ ਹਿੰਦੂ ਮਹਾਂ ਸਭਾ ਦੀ ਹਮਾਇਤ ਲਈ ਸਿੱਖ ਧਰਮ ਬਦਲੀ ਕਰਦੇ ਪੂਨਾ ਪੈਕਟ 1932 ਅਧੀਨ ਉਨ੍ਹਾਂ ਅਛੂਤਾਂ ਨੂੰ ਹਿੰਦੂਆਂ ਦੇ ਤੌਰ 'ਤੇ ਰਾਜਨੀਤੱਕ ਹੱਕਾਂ ਤੇ ਕਬਜ਼ਾ ਰੱਖਣ ਲਈ ਉਹ ਪ੍ਰਵਾਨਗੀ ਦੇ ਚੁੱਕੇ ਸਨ। ਅੰਬੇਡਕਰ ਦੇ ਚੇਲਿਆਂ ਨੂੰ ਯੋਗ ਬਣਾਉਣ ਲਈ ਮੌਜੇ ਨੇ ਹਿੰਦੂ ਮਹਾਂ ਸਭਾ ਨੂੰ ਜੋ ਕਿ ਬ੍ਰਿਟਿਸ਼ ਅਥਾਰਿਟੀਜ਼ ਤੇ ਜ਼ੋਰ ਦਿੰਦਿਆਂ ਹਿੰਦੂ ਮਹਾਂ ਸਭਾ ਨੂੰ ਪਾਬੰਦ ਕੀਤਾ ਕਿ ਨਵੇਂ ਸਿੱਖਾਂ ਨੂੰ ਸ਼ਡਿਊਲਿਡ ਕਾਸਟਜ ਦੀ ਲਿਸਟ ਵਿਚ ਦਰਜ ਕਰਾਉਣ। 4 ਇਸ ਤਬਦੀਲੀ ਨਾਲ ਅਛੂਤ ਜਿਨ੍ਹਾਂ ਨੇ ਸਿੱਖਇਜ਼ਮ ਵਿਚ ਜਾਣ



ਲਈ ਅੰਬੇਡਕਰ ਦੇ ਪਿੱਛੇ ਗਏ, ਜ਼ਿਆਦਾ ਉਦਾਰ ਵੋਟ ਦੇਣ ਦੇ ਅਧਿਕਾਰ ਤੋਂ ਲਗਾਤਾਰ ਫ਼ਾਇਦਾ ਉਠਾਉਣਾ ਜਾਰੀ ਰੱਖ ਚੁੱਕੇ ਹੋਣਗੇ ਅਤੇ ਕੇਂਦਰ ਵਿਚ ਤੇ ਪ੍ਰਦੇਸ਼ਿਕ ਅਸੈਂਬਲੀਜ ਅਤੇ (ਪਬਲਿਕ ਸਰਵਿਸ) ਨੌਕਰੀਆਂ ਵਿਚ ਅਛੂਤਾਂ ਵਾਸਤੇ ਰਿਜ਼ਰਵ ਸੀਟਾਂ ਲਈ ਆਪਣੇ ਅਛੂਤ ਭਰਾਵਾਂ ਨਾਲ ਮੁਕਾਬਲਾ ਕਰਨ ਵਾਸਤੇ ਅਜ਼ਾਦ ਹੋ ਚੁੱਕੇ ਹੋਣਗੇ।

ਮੰਜੇ-ਅੰਬੇਡਕਰ ਪੈਕਟ 20ਵੀਂ ਸਦੀ ਦੇ ਭਾਰਤੀ ਇਤਿਹਾਸ ਦੀ ਰਾਜਨੀਤੀ ਵਿਚ ਇਕ ਸੀਮਤ ਫੁੱਟ-ਨੋਟ ਵਿਚ ਦਿੱਤਾ ਜਾ ਚੁੱਕਾ ਹੈ ਕਿਉਂਕਿ ਇਹ ਕਦੇ ਅਮਲ ਵਿਚ ਨਾ ਆਇਆ। ਕਿਸ ਤਰ੍ਹਾਂ ਵੀ ਹੋਵੇ ਇਹ ਇਕ ਫੁੱਟਨੋਟ ਜ਼ਮਾਨਤ ਦੀ ਪਰਖ ਦੀ ਮੰਗ ਕਰਦਾ ਹੈ।

ਮੂੰਜੇ-ਅੰਬੇਡਕਰ ਪੈਕਟ ਦੀ ਕਿਸਮਤ ਹਿੰਦੂ ਮਹਾਂ ਸਭਾ ਦੀ ਅੰਦਰੂਨੀ ਰਾਜਨੀਤੀ ਦੀ ਸੂਝ ਪ੍ਰਦਾਨ ਕਰ ਸਕਦੀ ਹੈ ਅਤੇ ਅੰਬੇਡਕਰ ਦਾ ਸਮੇਤ ਉਨ੍ਹਾਂ ਦੇ ਆਪੋ ਆਪਣਾ ਰੋਲ, ਇਕ ਹਿੰਦੂ ਨੈਸ਼ਨਲਿਸਟ ਦਾ ਅਤੇ ਇਕ ਅਛੂਤ/ਸ਼ਡਿਊਲਡ ਕਾਸਟ ਜਾਂ ਅੱਜ ਦੇ ਦਲਿਤ ਦੀ ਰੋਜ਼ਾਨਾ ਬੋਲ-ਚਾਲ ਦੀ ਬੋਲੀ ਨੂੰ ਵਰਤਣਾ ਦਲਿਤ-ਰਾਜਨੀਤਿਕ ਵਿਕਾਸ ਦੀ ਪਛਾਣ ਹੈ। ਇਹ ਪਛਾਣਾਂ ਅਤੇ ਸ਼ਰੀਕਾਂ ਧਰਮ ਦੀ ਦ੍ਰਿਸ਼ਟੀ-ਭਾਰਤੀਆਂ ਦੀ ਆਦਰ ਕਰਨ ਵਾਲੀ ਪਛਾਣ ਨਾਲ

Ref. South Asia Journal p-10

THE MOONJE-Ambedkar PACT

ਭਾਰਤ ਦੀ ਸਮਕਾਲੀ ਰਾਜਨੀਤੀ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਇਹ ਇਕ ਆਰਟੀਕਲ ਰਾਏ ਦੇਵੇਗਾ ਕਿ ਮੂੰਜੇ-ਅੰਬੇਡਕਰ ਸਮਝੌਤੇ ਨੇ ਹਿੰਦੂ ਮਹਾਂ ਸਭਾ ਦੇ (Ambivalent) ਦੋਚਿੱਤੇ (attitude) ਰਵੱਈਏ ਅਤੇ ਜਾਤਾਂ ਦੀਆਂ ਮੁਹਥਾਜਗੀਆਂ ਅਤੇ ਅਛੂਤਾਂ ਦੇ ਆਤਮ ਇਕਰਾਰ

ਤੇ ਇਸ ਦੇ ਡਰ ਨੇ ਦੋ ਭਾਸ਼ੀ ਮਿਸਾਲ ਪੇਸ਼ ਕੀਤੀ। ਸਮਝੌਤੇ ਦੇ ਵਾਦ-ਵਿਵਾਦ ਨੇ ਇਸ ਨੂੰ ਮਹਾਂ ਸਭਾ ਵਿਚ ਭੜਕਾਇਆ। ਰਾਜਨੀਤੱਕ ਉਤਸ਼ਾਹ ਅਤੇ ਵਿਰਾਸਤੀ ਵਿਰੋਧਤਾਈਆਂ ਦੋਹਾਂ ਦੀ ਉਦਾਹਰਨ ਹੈ ਉਹ ਮਹਾਂ ਸਭਾ ਦੇ ਇਕ ਹਿੰਦੂ ਫ਼ਿਰਕੂ ਰਾਜਨੀਤੱਕ ਜਾਣਕਾਰੀ ਦੇ ਉੱਦਮ ਅਤੇ ਬਾਅਦ ਵਿਚ ਇਕ ਹਿੰਦੂ ਕੌਮਪ੍ਰਸਤ ਪ੍ਰੋਗਰਾਮ ਨੂੰ ਪ੍ਰਚਾਰਨਾ ਹੈ। ਅੰਬੇਡਕਰ ਨੇ ਵਿਚਾਰਦਿਆਂ ਹਿੰਦੂ ਮਹਾਂ ਸਭਾ ਨਾਲ ਰਾਜਨੀਤੱਕ ਸੌਦੇਬਾਜ਼ੀ ਕਿਉਂ ਕੀਤੀ ਅੰਬੇਡਕਰ ਦੀ 1935-36 ਵਿਚ ਧਰਮ ਬਦਲੀ ਮੁਹਿੰਮ ਫ਼ਿਰਕਾਪ੍ਰਸਤੀ ਦਾ ਘੇਰਾ ਨਾਪਣ ਲਈ ਇਹ ਆਰਟੀਕਲ ਧਿਆਨ ਖਿੱਚੇਗਾ।

(ਚਲਦਾ)



ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061



ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੇਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੇਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



ਹੈਲਥ ਗਾਈਡ

ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਰੋਕਥਾਮ/ਬਚਾਅ :

1. ਬੱਚਿਆਂ ਨੂੰ ਬਿਠਾ ਕੇ ਖਿਲਾਓ, ਨਾ ਕਿ ਲਿਟਾ ਕੇ।
2. ਬੱਚੇ ਨੂੰ ਨੱਕ ਠੀਕ ਤਰੀਕੇ ਨਾਲ ਸਾਫ਼ ਕਰਨਾ ਸਿਖਾਓ।
3. ਖਾਣੇ ਤੋਂ ਪਹਿਲਾਂ ਹੱਥ ਸਾਫ਼ ਕਰੋ।
4. ਇਨ੍ਹਾਂ ਬੱਚਿਆਂ ਦੇ ਕੱਪੜੇ ਅਤੇ ਤੌਲੀਆ ਵਗ਼ੈਰਾ ਅਲੱਗ ਰੱਖੋ।

ਘਰੇਲੂ ਇਲਾਜ : 1. ਕੰਨ ਦੇ ਦਰਦ ਤੋਂ ਆਰਾਮ ਲਈ, ਕੰਨ ਨੂੰ ਸੇਕ ਦੇਵੋ।
2. ਬੱਚਿਆਂ ਨੂੰ ਜ਼ਿਆਦਾ ਆਰਾਮ ਕਰਨ ਦਿਓ ।
3. ਬੱਚੇ ਨੂੰ ਪਾਣੀ ਜ਼ਿਆਦਾ ਪੀਓ ।

ਆਪਣੇ ਡਾਕਟਰ . ਕਦੋਂ ਦਿਖਾਈਏ :

1. ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ, ਤਾਂ ਕਿ ਕੰਨ ਦੇ ਪਰਦੇ ਨੂੰ ਨੁਕਸਾਨ ਨਾ ਪਹੁੰਚੇ।
2. ਜੇਕਰ ਘੱਟ ਸੁਣਨ ਦੀ ਸ਼ੱਕ ਹੋਵੇ।
3. ਜੇਕਰ ਕੰਨ ਵਿੱਚ ਦਰਦ ਹੁੰਦਾ ਹੋਵੇ।
4. ਜਦੋਂ ਬੱਚਾ ਚੱਕਰ ਆਉਣ ਦੀ ਸ਼ਿਕਾਇਤ ਕਰੇ।

ਕੰਨ ਦੇ ਪਰਦੇ ਵਿੱਚ ਛੇਦ (ਪਰਫ਼ੋਰੇਸ਼ਨ) :

ਇਹ ਆਪਣੇ ਆਪ ਠੀਕ ਹੋ ਜਾਂਦਾ ਹੈ। ਜੇਕਰ ਛੇਦ ਵਾਰ-ਵਾਰ ਹੋਵੇ ਜਾਂ ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਨਾ ਹੋਵੇ, ਤਾਂ ਇਹ ਪਰਦੇ ਦਾ ਛੇਦ ਹਮੇਸ਼ਾਂ ਲਈ ਰਹਿ ਸਕਦਾ ਹੈ।

ਕੰਨਾਂ ਵਿੱਚ ਘੰਟੀਆਂ ਵੱਜਣੀਆਂ (ਟਿਨਾਈਟਸ)

ਆਮ ਤੌਰ 'ਤੇ ਕੰਨਾਂ ਵਿੱਚ ਘੰਟੀਆਂ ਵੱਜਣੀਆਂ ਅਸਥਾਈ ਤੌਰ 'ਤੇ ਕੁਝ ਮਿੰਟਾਂ ਲਈ ਹੀ ਹੁੰਦੀਆਂ ਹਨ, ਪਰ ਜੇਕਰ ਕਾਫ਼ੀ ਸਮੇਂ ਲਈ ਲਗਾਤਾਰ ਘੰਟੀਆਂ ਵੱਜਦੀਆਂ ਜਾਂ ਆਵਾਜ਼ਾਂ ਆਉਂਦੀਆਂ ਹਨ ਤਾਂ ਤੁਹਾਨੂੰ ਟਿਨਾਈਟਸ ਦੀ ਤਕਲੀਫ਼ ਹੋ ਸਕਦੀ ਹੈ।

ਕਾਰਨ : 1. ਕੰਨਾਂ ਦੇ ਅੰਦਰਲੇ ਹਿੱਸੇ ਵਿੱਚ ਨਸ ਨੂੰ ਨੁਕਸਾਨ ਪਹੁੰਚਣਾ।
2. ਕੰਨਾਂ ਵਿੱਚ ਜ਼ਿਆਦਾ ਮੈਲ ਦਾ ਹੋਣਾ।
3. ਕੰਨਾਂ ਦਾ ਇਨਫ਼ੈਕਸ਼ਨ।
4. ਦੰਦਾਂ ਦੀ ਤਕਲੀਫ਼।
5. ਦਵਾਈਆਂ - ਜਿਵੇਂ ਕਿ ਐਸਪੀਰਿਨ।
6. ਲੰਬੇ ਸਮੇਂ ਲਈ ਉੱਚੀ ਆਵਾਜ਼ ਜਾਂ ਰੌਲੇ ਦਾ ਸੁਣਨਾ।
7. ਸ਼ਰਾਬ, ਸਿਗਰਟ ਅਤੇ ਜ਼ਿਆਦਾ ਕੈਫ਼ੀਨ।

ਰੋਕਥਾਮ/ਬਚਾਅ :

1. ਜ਼ਿਆਦਾ ਉੱਚੀ ਆਵਾਜ਼ ਜਾਂ ਰੌਲੇ ਤੋਂ ਬਚੋ।
2. ਜ਼ਿਆਦਾ ਕੈਫ਼ੀਨ ਨਾ ਲਵੋ।
3. ਆਰਾਮ ਕਰਨ ਦੀ ਕੋਸ਼ਿਸ਼ ਕਰੋ, ਜ਼ਿਆਦਾ ਤਣਾਓ ਇਸ ਤਕਲੀਫ਼ ਨੂੰ ਵਧਾਅ ਸਕਦਾ ਹੈ।
4. ਜ਼ਿਆਦਾ ਐਸਪੀਰਿਨ ਨਾ ਲਵੋ।
5. ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ।

ਆਪਣੇ ਡਾਕਟਰ ਨੂੰ ਜਲਦ ਤੋਂ ਜਲਦ ਦਿਖਾਓ, ਜੇਕਰ :

1. ਜੇ ਚੱਕਰ ਆਉਂਦੇ ਹੋਣ।
2. ਜੇ ਸੌਣ ਦੇ ਵਿੱਚ ਦਿੱਕਤ ਹੋਵੇ।
3. ਜੇ ਇਹ ਸਿਰਫ਼ ਇੱਕ ਕੰਨ ਵਿੱਚ ਹੈ।

ਸਿਰ ਦਾ ਘੁੰਮਣਾ (ਵਰਟੀਗੋ)

ਵਰਟੀਗੋ ਸਿਰ ਦੇ ਘੁੰਮਣ ਦਾ ਅਹਿਸਾਸ ਹੈ। ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਜਾਂ ਤਾਂ ਤੁਸੀਂ ਘੁੰਮਦੇ ਹੋ ਜਾਂ ਫਿਰ ਵਸਤਾਂ ਤੁਹਾਡੇ ਦੁਆਲੇ ਘੁੰਮਦੀਆਂ ਹਨ।

ਕਾਰਨ :

ਵਰਟੀਗੋ ਆਮ ਤੌਰ 'ਤੇ ਅੰਦਰੂਨੀ ਕੰਨ ਵਿੱਚ ਨੁਕਸ ਪੈਣ 'ਤੇ ਹੁੰਦਾ ਹੈ।

ਵੱਖ-ਵੱਖ ਕਾਰਨਾਂ ਕਰਕੇ ਵਰਟੀਗੋ ਤਿੰਨ ਕਿਸਮਾਂ ਦਾ ਹੁੰਦਾ ਹੈ :

1. ਬੀ.ਪੀ.ਵੀ. (ਬਿਨਾਈਨ ਪੋਜ਼ੀਸ਼ਨਲ ਵਰਟੀਗੋ) : ਬਿਨਾਂ ਕਿਸੇ ਕਾਰਨ ਦੇ ਵਰਟੀਗੋ ਦਾ ਹੋ ਜਾਣਾ।
2. ਮੈਨਿਅਰ ਦੀ ਬਿਮਾਰੀ : ਅੰਦਰਲੇ ਕੰਨ ਵਿੱਚ ਤਰਲ ਦਾ ਜਮ੍ਹਾਂ ਹੋ ਜਾਣਾ। ਇਸ ਕਾਰਨ ਕੰਨ ਵਿੱਚ ਘੰਟੀਆਂ ਵੀ ਸੁਣਾਈ ਦਿੰਦੀਆਂ ਹਨ।
3. ਲਿਬਰਿੰਨਥਾਈਟਸ : ਅੰਦਰਲੇ ਕੰਨ ਵਿੱਚ ਵਾਇਰਲ ਇਨਫ਼ੈਕਸ਼ਨ ਹੋਣ ਕਾਰਨ।

ਲੱਛਣ :

ਵਰਟੀਗੋ ਦੇ ਲੱਛਣ ਆਮ ਤੌਰ 'ਤੇ ਤੁਹਾਡੇ ਸਿਰ ਦੀ ਪੋਜ਼ੀਸ਼ਨ ਬਦਲਣ ਕਰਕੇ ਹੁੰਦੇ ਹਨ। ਮੰਜੇ 'ਤੇ ਲੇਟਣਾ ਇਨ੍ਹਾਂ ਲੱਛਣਾਂ ਨੂੰ ਵਧਾ ਸਕਦਾ ਹੈ। ਆਮ ਲੱਛਣ ਇਸ ਤਰ੍ਹਾਂ ਹਨ :

1. ਚੱਕਰ ਆਉਣੇ।
2. ਜੀਅ ਘਬਰਾਉਣਾ ਤੇ ਉਲਟੀ ਆਉਣਾ।
3. ਡਿੱਗਣਾ।
4. ਕੰਨਾਂ ਵਿੱਚ ਘੰਟੀਆਂ ਸੁਣਾਈ ਦੇਣੀਆਂ।


ਡਾਕਟਰ ਨੂੰ ਕਦੋਂ ਦਿਖਾਈਏ :

ਆਪਣੇ ਡਾਕਟਰ ਨੂੰ ਦਿਖਾਓ ਤੇ ਇਹ ਪਤਾ ਕਰੋ ਕਿ ਤੁਹਾਨੂੰ ਚੱਕਰ ਆਉਣ ਦਾ ਕੀ ਕਾਰਨ ਹੈ? ਇਲਾਜ ਵਰਟੀਗੋ ਦੇ ਕਾਰਨਾਂ 'ਤੇ ਨਿਰਭਰ ਕਰਦਾ ਹੈ :

1. ਬੀ.ਪੀ.ਵੀ. : ਇਸਦੇ ਲੱਛਣ ਇੱਕ ਜਾਂ ਦੋ ਦਿਨਾਂ ਦੇ ਅੰਦਰ ਅੰਦਰ ਠੀਕ ਹੋ ਜਾਂਦੇ ਹਨ। ਜੇਕਰ ਇਸਦੇ ਲੱਛਣ ਕਾਬੂ ਵਿੱਚ ਨਹਲ ਆਉਂਦੇ ਜਾਂ ਤੁਹਾਨੂੰ ਉਲਟੀ ਆਉਂਦੀ ਹੈ ਤਾਂ ਤੁਹਾਨੂੰ ਦਵਾਈ ਲੈਣ ਦੀ ਲੋੜ ਪੈ ਸਕਦੀ ਹੈ।
2. ਮੈਨਿਅਰ ਦੀ ਬਿਮਾਰੀ : ਤੁਹਾਡੇ ਅੰਦਰਲੇ ਕੰਨ ਵਿੱਚ ਤਰਲ ਪਦਾਰਥ ਨੂੰ ਘਟਾਉਣ ਲਈ ਤੁਹਾਨੂੰ ਦਵਾਈ ਦੀ ਲੋੜ ਪੈ ਸਕਦੀ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।



ਸਿੱਖ ਪੰਜਾਬ ਨਾਲ ਆਪਣਾ ਨਾਤਾ ਬਣਾਈ ਰੱਖਣ ਅਤੇ ਆਪਸੀ ਮਤਭੇਦਾਂ ਤੋਂ ਉੱਪਰ ਉੱਠਣ: ਜਥੇਦਾਰ ਗੜਗੱਜ





ਲੰਡਨ : ਯੂ.ਕੇ. ਦੇ ਸਿੱਖ ਨੌਜਵਾਨਾਂ ਤੇ ਸੰਗਤ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਫ਼ਰਜ਼ੰਦ ਮਹਾਰਾਜਾ ਦਲੀਪ ਸਿੰਘ ਦੀ 133ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦ 'ਚ ਥੈਟਫੋਰਡ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸਿੰਘ ਸਾਹਿਬ ਪਹਿਲਾਂ ਸਿੱਖ ਸੰਗਤ ਨਾਲ ਥੈਟਫੋਰਡ ਸ਼ਹਿਰ 'ਚ ਸਥਿਤ ਮਹਾਰਾਜਾ ਦਲੀਪ ਸਿੰਘ ਦੀ ਉਸ ਯਾਦਗਾਰ ਵਿਖੇ ਗਏ ਜਿੱਥੇ ਉਨ੍ਹਾਂ ਦਾ ਬੁੱਤ ਸਥਾਪਤ ਹੈ ਅਤੇ ਨਾਲ ਹੀ ਉਹ ਕੁਝ ਦੂਰੀ ਉੱਤੇ ਸਥਿਤ 'ਪੁਰਾਤਨ ਘਰ - ਥੈਟਫੋਰਡ ਜੀਵਨ ਦਾ ਅਜਾਇਬ ਘਰ' ਵਿਖੇ ਵੀ ਗਏ ਜਿਸ ਨੂੰ ਮਹਾਰਾਜਾ ਦੇ ਪੁੱਤਰ ਪ੍ਰਿੰਸ ਫ ?ੈਡਰਿਕ ਦਲੀਪ ਸਿੰਘ ਨੇ ਸੰਨ 1921 'ਚ ਥੈਟਫੋਰਡ ਸ਼ਹਿਰ ਨੂੰ ਅਜਾਇਬ ਘਰ ਵਜੋਂ ਵਰਤਣ ਲਈ ਦਿੱਤਾ ਸੀ। ਜ਼ਿਕਰਯੋਗ ਹੈ ਕਿ ਇਹ ਪੁਰਾਤਨ ਘਰ ਸਿੱਖ ਗੁਰੂ ਸਾਹਿਬਾਨ ਦੇ ਸਮਕਾਲੀ ਸਮੇਂ ਸੰਨ 1490 ਦਾ ਬਣਿਆ ਹੈ ਜਿਸ ਨੂੰ ਉਸ ਸਮੇਂ ਇਕ ਵਪਾਰੀ ਵੱਲੋਂ ਬਣਾਇਆ ਗਿਆ ਸੀ ਤੇ ਬਾਅਦ ਵੀ ਪ੍ਰਿੰਸ ਫ੍ਰੈਡਰਿਕ ਦਲੀਪ ਸਿੰਘ ਨੇ ਇਹ ਘਰ ਖ਼ਰੀਦਿਆ ਸੀ, ਜਿਸ ਦੀ ਅੱਜ ਵੀ ਹੂਬਹੂ ਪੁਰਾਤਨਤਾ ਕਾਇਮ ਹੈ ਜੋ ਕਿ ਸ਼ਲਾਘਾਯੋਗ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਥੈਟਫੋਰਡ ਪੁਰਾਤਨ ਘਰ ਅਜਾਇਬ ਘਰ ਵਿਖੇ ਮਹਾਰਾਜਾ ਦਲੀਪ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਪੰਜ ਪੁੱਤਰਾਂ ਤੇ ਤਿੰਨ ਧੀਆਂ ਨਾਲ ਸੰਬੰਧਿਤ ਨਿਸ਼ਾਨੀਆਂ ਵੀ ਦੇਖੀਆਂ, ਜਿਨ੍ਹਾਂ ਨੂੰ ਯੂ.ਕੇ. ਜੰਮਪਲ ਸਿੱਖ ਭੁਪਿੰਦਰ ਸਿੰਘ ਬੈਂਸ (ਪੀਟਰ ਬੈਂਸ) ਨੇ ਮਹਾਰਾਜਾ ਨਾਲ ਜੁੜੇ ਰਹੇ ਵੱਖ-ਵੱਖ ਪਰਿਵਾਰਾਂ ਪਾਸੋਂ ਇਕੱਤਰ ਕਰਕੇ ਇਸ ਘਰ ਵਿਚ ਸੁਰੱਖਿਅਤ ਸੰਭਾਲਿਆ ਹੈ। ਇਸ ਤੋਂ ਬਾਅਦ ਸਿੰਘ ਸਾਹਿਬ ਥੈਟਫੋਰਡ ਨੇੜੇ ਹੀ ਐਲਵੇਡਨ ਵਿਖੇ ਸਥਿਤ ਉਸ ਅਸਥਾਨ ਉੱਤੇ ਗਏ ਜਿੱਥੇ ਮਹਾਰਾਜਾ ਦਲੀਪ ਸਿੰਘ, ਉਨ੍ਹਾਂ ਦੀ ਪਤਨੀ ਮਹਾਰਾਣੀ ਬੰਬਾ ਦਲੀਪ ਸਿੰਘ ਤੇ ਸਭ ਤੋਂ ਛੋਟਾ ਪੁੱਤਰ ਪ੍ਰਿੰਸ ਐਡਵਰਡ ਐਲਬਰਟ ਦਲੀਪ ਸਿੰਘ ਨੂੰ ਦਫ਼ਨਾਇਆ ਹੋਇਆ ਹੈ। ਇਸ ਮੌਕੇ ਸਿੱਖ ਨੌਜਵਾਨ ਕਵੀਸ਼ਰਾਂ ਦੇ ਜਥੇ (ਤਰਨਦੀਪ ਸਿੰਘ, ਸਿਮਰਦੀਪ ਸਿੰਘ ਤੇ ਅਮਰਿੰਦਰ ਸਿੰਘ) ਵੱਲੋਂ ਮਹਾਰਾਜਾ ਦਲੀਪ ਸਿੰਘ ਦੇ ਇਤਿਹਾਸ ਨਾਲ ਸੰਬੰਧਿਤ ਕਵਿਤਾ ਗਾ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ ਤੇ ਕਾਫ਼ੀ ਗਿਣਤੀ ਵਿਚ ਸੰਗਤ ਪੁੱਜੀ। ਸਮਾਗਮ ਮੌਕੇ ਕੁਝ ਪ੍ਰਮੁੱਖ ਸਿੱਖ ਸ਼ਖ਼ਸ਼ੀਅਤਾਂ ਤੇ ਲੂਟਨ ਕੌਂਸਲ ਦੇ ਮੇਅਰ ਜਾਵੇਦ ਹੁਸੈਨ ਨੇ ਸੰਬੋਧਨ ਕਰਦਿਆਂ ਪੁੱਜੀਆਂ ਸ਼ਖ਼ਸੀਅਤਾਂ ਦਾ ਸੁਆਗਤ ਕੀਤਾ ਤੇ ਮਹਾਰਾਜਾ ਨੂੰ ਸਤਿਕਾਰ ਭੇਟ ਕੀਤਾ। ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਫ਼ਰਜ਼ੰਦ ਮਹਾਰਾਜਾ ਦਲੀਪ ਸਿੰਘ ਖ਼ਾਲਸਾ ਪੰਥ ਤੇ ਪੰਜਾਬ ਦਾ ਦਰਦ ਤੇ ਚੜ੍ਹਦੀ ਕਲਾ ਲੋਚਦੇ ਸੰਨ 1893 ਵਿਚ ਵਿਦੇਸ਼ੀ ਧਰਤੀ (ਪੈਰਿਸ, ਫਰਾਂਸ) ਉੱਤੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਸਿੱਖੀ ਤੇ ਪੰਜਾਬ ਪ੍ਰਤੀ ਪਿਆਰ ਤੇ ਸਿੱਖੀ ਵਿਚ ਵਾਪਸ ਆਉਣਾ ਸਾਨੂੰ ਇਹ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਆਪਣੀਆਂ ਸਿੱਖੀ ਰਵਾਇਤਾਂ ਤੇ ਧਰਤ ਪੰਜਾਬ ਨਾਲ ਹਮੇਸ਼ਾ ਜੁੜੇ ਰਹਿਣਾ ਹੈ ਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਕਾਰਜ ਕਰਨਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮਹਾਰਾਣੀ ਜਿੰਦ ਕੌਰ ਨੇ ਧਰਮੀ ਮਾਂ ਦਾ ਫਰਜ਼ ਨਿਭਾਉਂਦਿਆਂ ਮਹਾਰਾਜਾ ਦਲੀਪ ਸਿੰਘ ਨੂੰ ਪ੍ਰੇਰਣਾ ਕਰਕੇ ਜਿੱਥੇ ਸਿੱਖੀ ਵਿਚ ਵਾਪਸ ਲਿਆਉਣ ਦਾ ਕਾਰਜ ਕੀਤਾ ਉੱਥੇ ਹੀ ਪੰਜਾਬ ਅੰਦਰ ਸਿੱਖ ਰਾਜ ਵਾਸਤੇ ਜੱਦੋ ਜਹਿਦ ਕਰਨ ਲਈ ਵੀ ਤਕੜਾ ਕੀਤਾ। ਮਹਾਰਾਣੀ ਜਿੰਦ ਕੌਰ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ ਜਿਨ੍ਹਾਂ ਨੇ ਔਖੇ ਹਾਲਾਤ ਵਿਚ ਵੀ ਆਪਣੇ ਪੁੱਤਰ ਨੂੰ ਵਾਪਸ ਸਿੱਖੀ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਦ ਦੀ ਚੀਸ ਹਰ ਪੰਜਾਬੀ ਦੇ ਦਿਲ ਵਿਚ ਹਮੇਸ਼ਾ ਰਹੇਗੀ। ਸਾਨੂੰ ਹਮੇਸ਼ਾ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਨੂੰ ਚੜ੍ਹਦੀ ਕਲਾ ਅਤੇ ਵੱਡੇ ਪੱਧਰ ਉੱਤੇ ਯਾਦ ਕਰਨਾ ਚਾਹੀਦਾ ਹੈ। ਕੁਝ ਸਿੱਖ ਵਿਰੋਧੀ ਤੇ ਸ਼ਰਾਰਤੀ ਲਿਖਾਰੀਆਂ ਨੇ ਆਪਣੀਆਂ ਲਿਖਤਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਅਕਸ ਤੇ ਸਤਿਕਾਰ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅੱਜ ਵੀ ਕੀਤੀ ਜਾ ਰਹੀ ਹੈ, ਪਰ ਉਹ ਸਫ਼ਲ ਨਹੀਂ ਹੋ ਪਾਉਣਗੇ ਕਿਉਂਕਿ ਮਹਾਰਾਜਾ ਦਾ ਰਾਜ ਭਾਗ ਗੁਰਮਤਿ ਅਨੁਸਾਰੀ, ਬਹੁਤ ਹੀ ਨਿਆਂਪੂਰਨ, ਸਾਰਿਆਂ ਲਈ ਬਰਾਬਰੀ ਅਤੇ ਆਦਰਸ਼ ਵਾਲਾ ਸੀ। ਉਨ੍ਹਾਂ ਪੰਥਕ ਲਿਖਾਰੀਆਂ ਤੇ ਵਿਦਵਾਨਾਂ ਨੂੰ ਸੁਨੇਹਾ ਦਿੱਤਾ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਦੇ ਇਤਿਹਾਸ ਨਾਲ ਸਬੰਧਤ ਸੱਚੇ ਤੇ ਸਿੱਖੀ ਸੋਚ ਵਾਲੇ ਬਿਰਤਾਂਤ ਨੂੰ ਵਿਸ਼ਵ ਪੱਧਰ ਉੱਤੇ ਤਕੜਾ ਕਰਨ ਅਤੇ ਉਭਾਰਨ ਲਈ ਵਿਸ਼ੇਸ਼ ਉਪਰਾਲੇ ਤੇ ਕਾਰਜ ਕੀਤੇ ਜਾਣ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅਸੀਂ ਕਦੇ ਵੀ ਪੱਕੇ ਤੌਰ ਉੱਤੇ ਪੰਜਾਬ ਨੂੰ ਨਹੀਂ ਛੱਡਣਾ ਕਿਉਂਕਿ ਇਹ ਧਰਤੀ ਸਾਡੀ ਵਿਰਾਸਤ ਤੇ ਜਨਮ ਭੂਮੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂ ਸਾਹਿਬਾਨ ਦੇ ਨਾਮ ਉੱਤੇ ਜਿਉਂਦੀ ਹੈ ਜਿੱਥੋਂ ਗੁਰਮਤਿ ਦਾ ਫ਼ਲਸਫ਼ਾ ਦੁਨੀਆ ਅੰਦਰ ਫੈਲਿਆ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਬਾਹਰ ਵਿਦੇਸ਼ਾਂ ਵਿਚ ਪੱਕੇ ਤੌਰ ਉੱਤੇ ਵੱਸਣ ਦਾ ਰੁਝਾਨ ਠੀਕ ਨਹੀਂ, ਇਸ ਦੇ ਭਵਿੱਖੀ ਨਤੀਜੇ ਸਾਡੇ ਲਈ ਬਹੁਤ ਗੰਭੀਰ ਹੋਣਗੇ। ਉਨ੍ਹਾਂ ਕਿਹਾ ਕਿ ਕਿਰਤ ਕਰਨ ਲਈ ਭਾਵੇਂ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਜਾਈਏ ਪਰ ਆਪਣੀ ਜੜ੍ਹ ਪੰਜਾਬ ਨਾਲੋਂ ਕਦੇ ਨਾ ਟੁੱਟੀਏ। ਉਨ੍ਹਾਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਵਾਪਸ ਸਿੱਖੀ ਵਿਚ ਆਏ ਕਿਉਂਕਿ ਉਨ੍ਹਾਂ ਦੇ ਅੰਦਰ ਸਿੱਖੀ ਭਾਵਨਾ ਸੀ, ਇਸ ਤੋਂ ਸਾਨੂੰ ਪ੍ਰੇਰਣਾ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੈਨੂੰ ਪੂਰੀ ਆਸ ਹੈ ਕਿ ਸਾਡੇ ਨੌਜਵਾਨ ਵੀ ਜ਼ਰੂਰ ਸਿੱਖੀ ਵਿੱਚ ਵਾਪਸ ਆਉਣਗੇ। ਉਨ੍ਹਾਂ ਕਿਹਾ ਕਿ ਸਿੱਖਾਂ ਵਿਰੁੱਧ ਚਲਾਏ ਜਾਂਦੇ ਨਫ਼ਰਤੀ ਬਿਰਤਾਂਤਾਂ ਨੂੰ ਸਮਝਣਾ ਹੈ ਅਤੇ ਇਨ੍ਹਾਂ ਦਾ ਕਰੜਾ ਜਵਾਬ ਦੇਣਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਛੋਟੀਆਂ-ਛੋਟੀਆਂ ਗੱਲਾਂ ਦੇ ਕਾਰਨ ਆਪਸ ਵਿਚ ਝਗੜਦੇ ਹਨ ਜਦਕਿ ਅਸੀਂ ਵੱਡੇ ਕੌਮੀ ਮਸਲੇ ਵਿਸਾਰ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਆਪਸੀ ਲੜਾਈਆਂ ਤੇ ਮਤਭੇਦ ਛੱਡ ਕੇ ਪੰਥ ਦੇ ਵੱਡੇ ਹਿਤਾਂ ਅਤੇ ਗੁਰੂ ਸਾਹਿਬਾਨ ਦੇ ਸੰਕਲਪ ਲਈ ਇਕਜੁੱਟਤਾ ਨਾਲ ਕਾਰਜ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਨੂੰ ਆਪਣੀ ਵਿਰਾਸਤ ਨੂੰ ਸੰਭਾਲਣ ਦੀ ਲੋੜ ਹੈ ਅਤੇ ਥੈਟਫੋਰਡ ਵਿਖੇ ਸਥਿਤ ਮਹਾਰਾਜਾ ਦਲੀਪ ਸਿੰਘ ਦੇ ਬੁੱਤ ਅਤੇ ਉਸਦੇ ਦੇ ਆਲੇ ਦੁਆਲੇ ਦੀ ਕੁਝ ਹੋਰ ਸਾਂਭ-ਸੰਭਾਲ ਤੇ ਬਿਹਤਰੀ ਦੀ ਲੋੜ ਹੈ ਜਿਸ ਲਈ ਯੂ.ਕੇ. ਦੀਆਂ ਸਿੱਖ ਸੰਸਥਾਵਾਂ ਅੱਗੇ ਆ ਕੇ ਸਾਂਝਾ ਉਪਰਾਲਾ ਕਰਨ।

ਭਾਈ ਬੇਅੰਤ ਸਿੰਘ ਦੀ ਬਰਸੀ ਦਿਹਾੜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸਮਾਗਮ; ਹਜ਼ੂਰੀ ਰਾਗੀ ਜਥੇ ਨੇ ਕੀਤਾ ਵੈਰਾਗਮਈ ਕੀਰਤਨ, ਸ਼ਹੀਦ ਪਰਿਵਾਰਾਂ ਦਾ ਸਿਰੋਪਾਓ ਨਾਲ ਸਨਮਾਨ



ਅੰਮ੍ਰਿਤਸਰ : ਮਰਹੂਮ ਇੰਦਰਾ ਗਾਂਧੀ ਦੇ ਕਤਲ ਮੌਕੇ ਸੁਰੱਖਿਆ ਬਲਾਂ ਦੀ ਗੋਲੀ ਦਾ ਨਿਸ਼ਾਨਾ ਬਣੇ ਭਾਈ ਬੇਅੰਤ ਸਿੰਘ ਦੇ ਬਰਸੀ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ ’ਚ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਹੁਕਮਨਾਮਾ ਸਰਵਣ ਕਰਵਾਇਆ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਸਮੇਂ ਦੀ ਕਾਂਗਰਸ ਹਕੂਮਤ ਵੱਲੋਂ 1984 ਵਿੱਚ ਸਿੱਖ ਕੌਮ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ ’ਤੇ ਕੀਤੇ ਹਮਲੇ ਨੇ ਸਿੱਖ ਕੌਮ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ, ਜੋ ਸਿੱਖ ਕਦੇ ਵੀ ਭੁਲਾ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਹੋਏ ਹਮਲੇ ਮਗਰੋਂ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ ਅਤੇ ਹਮੇਸ਼ਾ ਰਹੇਗਾ। ਇਸੇ ਦੌਰਾਨ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਮਾਂਗਾਸਰਾਏ, ਸੁਪਰੀਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਰਿੰਦਰ ਸਿੰਘ, ਰਜਿੰਦਰ ਸਿੰਘ ਰੂਬੀ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਗੁਰਤਿੰਦਰਪਾਲ ਸਿੰਘ ਕਾਦੀਆਂ, ਗੁਰਵਿੰਦਰ ਸਿੰਘ ਭੋਮਾਂ, ਹਰਵਿੰਦਰ ਸਿੰਘ ਤੋਂ ਇਲਾਵਾ ਭਾਈ ਵਰਿਆਮ ਸਿੰਘ ਅਗਵਾਨ, ਜਰਨੈਲ ਸਿੰਘ ਸਖੀਰਾ, ਤਰਸੇਮ ਸਿੰਘ ਸਮੇਤ ਹੋਰ ਮੌਜੂਦ ਸਨ।

ਗੁਰਦੁਆਰਾ ਬੰਗਲਾ ਸਾਹਿਬ ਤੋਂ ਸ਼ਰਧਾਂਜਲੀ ਮਾਰਚ



ਨਵੀਂ ਦਿੱਲੀ : ਦਿੱਲੀ ਵਿੱਚ 31 ਅਕਤੂਬਰ ਤੋਂ 2 ਨਵੰਬਰ 1984 ਦੇ ਵਿਚਕਾਰ ਹੋਏ ਸਿੱਖ ਕਤਲੇਆਮ ਖ਼ਿਲਾਫ਼ ਭਾਜਪਾ ਵੱਲੋਂ ਸ਼ਰਧਾਂਜਲੀ ਮਾਰਚ ਕੀਤਾ ਗਿਆ ਅਤੇ ਦੋਸ਼ ਲਾਇਆ ਕਿ ਕੱਲ੍ਹ ਰੈਲੀ ਕਰ ਕੇ ਕਾਂਗਰਸ ਨੇ ਪੁਰਾਣੇ ਜ਼ਖ਼ਮਾਂ ਨੂੰ ਹਰਾ ਕੀਤਾ ਹੈ। ਜਾਣਕਾਰੀ ਅਨੁਸਾਰ ਮਾਰਚ ਵਿੱਚ 1984 ਦੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ, ਸਿੱਖ ਭਾਈਚਾਰੇ ਦੇ ਲੋਕਾਂ ਅਤੇ ਦਿੱਲੀ ਭਾਜਪਾ ਦੇ ਘੱਟ ਗਿਣਤੀ ਮੋਰਚੇ ਦੇ ਕਾਰਕੁਨਾਂ ਸਮੇਤ ਕਈ ਲੋਕਾਂ ਨੇ ਸ਼ਮੂਲੀਅਤ ਕੀਤੀ। ਇਹ ਮਾਰਚ ਗੁਰਦੁਆਰਾ ਬੰਗਲਾ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਤੱਕ ਕੀਤਾ, ਜਿਸ ਦੌਰਾਨ ਸੰਗਤ ਨੇ ਗੁਰਬਾਣੀ ਦਾ ਜਾਪ ਕੀਤਾ।

ਦਿੱਲੀ ਭਾਜਪਾ ਦੀਆਂ ਸੰਸਦ ਮੈਂਬਰਾਂ ਕਮਲਜੀਤ ਸਹਿਰਾਵਤ ਅਤੇ ਬਾਂਸੁਰੀ ਸਵਰਾਜ ਅਤੇ ਆਗੂ ਰਾਜੀਵ ਬੱਬਰ ਵੀ ਇਸ ਮਾਰਚ ਵਿੱਚ ਸ਼ਾਮਲ ਹੋਏ। ਇਸ ਮਾਰਚ ਵਿੱਚ 1984 ਦੇ ਕਤਲੇਆਮ ਦੇ ਪੀੜਤਾਂ ਦੇ ਪਰਿਵਾਰਕ ਮੈਂਬਰ, ਸੈਂਕੜੇ ਸਿੱਖ ਔਰਤਾਂ, ਨਿਹੰਗ ਸਿੰਘਾਂ ਦੇ ਜਥੇ, ਤਿਲਕ ਵਿਹਾਰ ਵਿੱਚ ਰਹਿਣ ਵਾਲੇ ਪੀੜਤ ਸਿੱਖ ਪਰਿਵਾਰ ਅਤੇ ਭਾਜਪਾ ਵਰਕਰ ਸ਼ਾਮਲ ਸਨ। ਗੁਰਦੁਆਰਾ ਰਕਾਬ ਗੰਜ ਸਾਹਿਬ ਪਹੁੰਚਣ ’ਤੇ ਸੰਗਤ ਨੇ ਸਿੱਖ ਕਤਲੇਆਮ ਵਿੱਚ ਸ਼ਹੀਦ ਹੋਏ ਸਿੱਖਾਂ ਦੀ ਯਾਦ ‘ਸੱਚਾਈ ਦੀ ਕੰਧ’ ’ਤੇ ਮੋਮਬੱਤੀਆਂ ਜਗਾਈਆਂ। ਇਸ ਦੌਰਾਨ ਸੰਗਤ ਨੇ ਕਾਂਗਰਸ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਬਾਂਸੁਰੀ ਸਵਰਾਜ ਨੇ ਕਿਹਾ ਕਿ 1984 ਵਿੱਚ ਸਿੱਖ ਭਾਈਚਾਰੇ ਦੇ ਨਿਰਦੋਸ਼ ਲੋਕਾਂ ਦਾ ਕਤਲੇਆਮ ਕਾਂਗਰਸ ਦੀ ਇੱਕ ਸੁਚੱਜੀ ਸਾਜ਼ਿਸ਼ ਸੀ। ਇਸ ਦੌਰਾਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਟਿੱਪਣੀਆਂ ਦਾ ਜ਼ਿਕਰ ਵੀ ਕੀਤਾ। ਸਹਿਰਾਵਤ ਨੇ ਕਿਹਾ ਕਿ ਇਹ ਮਾਰਚ 1984 ਵਿੱਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਇੱਕਜੁਟਤਾ ਪ੍ਰਗਟਾਉਣ ਦੀ ਕੋਸ਼ਿਸ਼ ਹੈ। ਇਸ ਦੌਰਾਨ ਉਨ੍ਹਾਂ ਰਾਹੁਲ ਗਾਂਧੀ ’ਤੇ ਸਿੱਖਾਂ ਦੇ ਦੁੱਖ ਦਾ ਮਜ਼ਾਕ ਉਡਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਸਿੱਖ ਕਦੇ ਵੀ ਕਾਂਗਰਸ ਆਗੂਆਂ ਨੂੰ ਮੁਆਫ਼ ਨਹੀਂ ਕਰਨਗੇ।

84 ’ਚ ਕਤਲ ਕੀਤੇ ਸਿੱਖਾਂ ਦੀ ਯਾਦ ’ਚ ਅਰਦਾਸ

ਹਰਿਮੰਦਰ ਸਾਹਿਬ ਸਮੂਹ ਵਿੱਚ ਅਖੰਡ ਪਾਠ ਦਾ ਭੋਗ ਪਾਇਆ



ਅੰਮ੍ਰਿਤਸਰ : ਨਵੰਬਰ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ’ਚ ਅੱਜ ਹਰਿਮੰਦਰ ਸਾਹਿਬ ਸਮੂਹ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਿੱਖ ਕਤਲੇਆਮ ’ਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਯਾਦ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਇਸ ਕਤਲੇਆਮ ਨੂੰ ਕਦੇ ਵੀ ਭੁਲਾ ਨਹੀਂ ਸਕਦੇ। ਨਵੰਬਰ 1984 ਦੇ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ 42 ਸਾਲ ਪਹਿਲਾਂ ਸਮੇਂ ਦੀ ਕਾਂਗਰਸ ਹਕੂਮਤ ਨੇ ਸਿੱਖ ਕੌਮ ਦੀਆਂ ਹੱਕੀ ਮੰਗਾਂ ਮੰਨਣ ਦੀ ਥਾਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ’ਤੇ ਹਮਲਾ ਕਰ ਕੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ। ਇਸੇ ਤਰ੍ਹਾਂ ਨਵੰਬਰ 1984 ’ਚ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ’ਚ ਸਰਕਾਰੀ ਸ਼ਹਿ ’ਤੇ ਯੋਜਨਾਬੰਦ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇਹ ਸਿੱਖ ਇਤਿਹਾਸ ਦਾ ਦਰਦਨਾਕ ਸਾਕਾ ਹੈ, ਜਿਸ ਦੇ ਦੋਸ਼ੀਆਂ ਨੂੰ ਅੱਜ ਤੱਕ ਸਜ਼ਾਵਾਂ ਨਹੀਂ ਮਿਲੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਥਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਸਿੱਖਾਂ ਦੇ ਜ਼ਖ਼ਮਾਂ ਨੂੰ ਕੁਰੇਦਿਆ। ਉਨ੍ਹਾਂ ਕਿਹਾ ਕਿ ਇਸ ਕਾਰੇ ਨੂੰ ਇਤਿਹਾਸ ਸਦਾ ਯਾਦ ਰੱਖੇਗਾ, ਜਿਸ ਦਾ ਕਲੰਕ ਕਾਂਗਰਸ ਪਾਰਟੀ ਦੇ ਮੱਥੇ ’ਤੇ ਹਮੇਸ਼ਾ ਰਹੇਗਾ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਨਰਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ, ਮੈਨੇਜਰ ਨਰਿੰਦਰ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਗੁਰਤਿੰਦਰਪਾਲ ਸਿੰਘ ਕਾਦੀਆਂ, ਗੁਰਵਿੰਦਰ ਸਿੰਘ ਭੋਮਾ ਸਮੇਤ ਹੋਰ ਸੰਗਤ ਹਾਜ਼ਰ ਸੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਇਜਲਾਸ 20 ਨਵੰਬਰ

ਅੰਤਰਿੰਗ ਕਮੇਟੀ ਵੱਲੋਂ ਪਰਵਿੰਦਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 20 ਨਵੰਬਰ ਨੂੰ ਸੱਦਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਸ. ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 12:00 ਵਜੇ ਹੋਵੇਗਾ, ਜਿਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਅੰਤਰਿੰਗ ਕਮੇਟੀ ਵੱਲੋਂ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ। ਜਿਸ ਤਹਿਤ ਪਾਸ ਕੀਤੇ ਗਏ ਇੱਕ ਮਤੇ ਰਾਹੀਂ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਪਰਵਿੰਦਰ ਸਿੰਘ ਦੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਵਿੱਚ ਵੱਧ ਰਿਹਾ ਨਸ਼ਿਆਂ ਦਾ ਵਰਤਾਰਾ ਵੱਡੀ ਚਿੰਤਾ ਵਾਲਾ ਹੈ, ਪਰ ਸਰਕਾਰ ਨਸ਼ਿਆਂ ਖ਼ਿਲਾਫ਼ ਕਾਰਵਾਈ ਦੀ ਥਾਂ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਖ਼ਿਲਾਫ਼ ਹੀ ਭੁਗਤ ਰਹੀ ਹੈ।

ਉਸ ਵੱਲੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤੇ ਸੰਘਰਸ਼ ਅਤੇ ਇਸ ਮਕਸਦ ਲਈ ਦਿੱਤੀ ਸ਼ਹਾਦਤ ਨੂੰ ਸਦੀਵੀ ਯਾਦ ਰੱਖਣ ਦੇ ਉਦੇਸ਼ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ ਕਰਨ ਨੂੰ ਅੰਤਰਿੰਗ ਕਮੇਟੀ ਨੇ ਪ੍ਰਵਾਨਗੀ ਦਿੱਤੀ।

ਅੰਤਰਿੰਗ ਕਮੇਟੀ ਨੇ ਬੀਤੇ ਦਿਨੀਂ ਮਾਨਸਾ ਵਿਖੇ ਨਸ਼ਿਆਂ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਧਰਨੇ ਵਿਚ ਸ਼ਾਮਲ ਹੋਏ ਕਰੀਬ 40 ਨੌਜਵਾਨਾਂ ਵਿਰੁੱਧ ਪੁਲੀਸ ਵੱਲੋਂ ਐਫ.ਆਈ.ਆਰ. ਦਰਜ ਕਰਨ, ਕੁਝ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਇਸ ਦੌਰਾਨ ਸਿੱਖਾਂ ਦੀਆਂ ਦਸਤਾਰਾਂ ਉਤਾਰਨ ਅਤੇ ਬੀਬੀਆਂ ਨਾਲ ਵਧੀਕੀ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਸਬੰਧੀ ਮਤੇ ਵਿਚ ਅੰਤਰਿੰਗ ਕਮੇਟੀ ਵੱਲੋਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਨੌਜਵਾਨਾਂ ਵਿਰੁੱਧ ਦਰਜ ਕੀਤੀ ਗਈ ਐਫ.ਆਈ.ਆਰ. ਤੁਰੰਤ ਰੱਦ ਕੀਤੀ ਜਾਵੇ, ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੂੰ ਬਿਨਾਂ ਦੇਰੀ ਰਿਹਾਅ ਕੀਤਾ ਜਾਵੇ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਇਸੇ ਤਰ੍ਹਾਂ ਰੋਸ ਵਜੋਂ ਲੱਗੇ ਧਰਨੇ ਵਿਚ ਸ਼ਾਮਲ ਹੋਣ ਗਏ ਨੌਜੁਆਨ ਮਨਪ੍ਰੀਤ ਸਿੰਘ ਦੀ ਪੋਸਟਰ ਉਤਾਰਦੇ ਸਮੇਂ ਕਰੰਟ ਲੱਗਣ ਨਾਲ ਹੋਈ ਮੌਤ ’ਤੇ ਦੁੱਖ ਜ਼ਾਹਿਰ ਕਰਦਿਆਂ ਉਸ ਦੇ ਪਰਿਵਾਰ ਨੂੰ ਢਾਈ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ’ਚ ਜੂਨ 1984 ਵਿਚ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਕੀਤੇ ਹਮਲੇ ਦੇ ਰੋਸ ਵਜੋਂ ਬਗ਼ਾਵਤ ਕਰਨ ਵਾਲੇ 479 ਸਿੱਖ ਧਰਮੀ ਫ਼ੌਜੀਆਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ 3% ਮਹਿੰਗਾਈ ਭੱਤਾ ਦੇਣ ਦਾ ਵੀ ਫੈਸਲਾ ਕੀਤਾ ਗਿਆ।

ਨਵੰਬਰ 1984 ਦਾ ਸਿੱਖ ਕਤਲੇਆਮ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਮੱਥੇ ’ਤੇ ਕਲੰਕ : ਐਡਵੋਕੇਟ ਧਾਮੀ

ਨਵੀਂ ਦਿੱਲੀ : ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਨਵੰਬਰ 1984 ਦੌਰਾਨ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ ’ਤੇ ਹੋਏ ਸਿੱਖ ਕਤਲੇਆਮ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪੀੜਤ ਸਿੱਖ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਵੰਬਰ 1984 ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹੋਏ ਸਿੱਖ ਕਤਲੇਆਮ ਦੌਰਾਨ ਕੋਹ ਕੋਹ ਕੇ ਮਾਰੇ ਗਏ ਸਿੰਘ, ਸਿੰਘਣੀਆਂ ਤੇ ਭੁਝੰਗੀਆ ਨੂੰ ਸਤਿਕਾਰ ਭੇਟ ਕਰਦਿਆਂ ਜਾਰੀ ਬਿਆਨ ਵਿਚ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਨਵੰਬਰ 1984 ਵਿਚ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ ’ਤੇ 1 ਨਵੰਬਰ ਤੋਂ ਲੈ ਕੇ ਕਰੀਬ ਇਕ ਹਫਤੇ ਤੱਕ ਸਿੱਖਾਂ ਉੱਤੇ ਅਣਮਨੁੱਖੀ ਜ਼ੁਲਮ ਢਾਹੇ ਗਏ ਅਤੇ ਕੋਹ ਕੋਹ ਕੇ ਮਾਰਿਆ ਗਿਆ। ਇਹ ਮਾਨਵਤਾ ਵਿਰੁੱਧ ਅਜਿਹਾ ਘਿਨਾਉਣਾ ਕਾਰਾ ਸੀ, ਜਿਸ ਨੇ ਸਮੁੱਚੀ ਦੁਨੀਆ ਦੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ।



ਉਨ੍ਹਾਂ ਕਿਹਾ ਕਿ ਸਿੱਖਾਂ ਦਾ ਇਹ ਕਤਲੇਆਮ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਮੱਥੇ ਤੇ ਕਲੰਕ ਹੈ। ਉਨ੍ਹਾਂ ਕਿਹਾ ਕਿ ਇਸ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਸਨ, ਪਰ ਅਫ਼ਸੋਸ ਕਿ ਇਨਸਾਫ਼ ਦੇਣ ਦੀ ਬਜਾਏ ਕਾਂਗਰਸ ਨੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਗੂਆਂ ਦੀ ਹਮੇਸ਼ਾ ਪੁਸ਼ਤਪਨਾਹੀ ਕੀਤੀ ਅਤੇ ਉਨ੍ਹਾਂ ਨੂੰ ਉੱਚੇ ਸਿਆਸੀ ਅਹੁਦਿਆਂ ਨਾਲ ਨਿਵਾਜਿਆ।

ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ ਸਿੱਖ ਕੌਮ ਨੇ ਵੱਡਮੁੱਲੀਆਂ ਕੁਰਬਾਨੀਆਂ ਦਿੱਤੀਆਂ, ਪਰ ਇਸ ਦੇ ਬਾਵਜੂਦ ਸਿੱਖਾਂ ਨਾਲ ਵਾਰ-ਵਾਰ ਬੇਇਨਸਾਫ਼ੀ ਹੋਈ ਹੈ। ਨਵੰਬਰ ਮਹੀਨਾ ਆਉਂਦਿਆਂ ਹੀ ਕਤਲੇਆਮ ਦੇ ਪੀੜਤ ਪਰਿਵਾਰਾਂ ਅਤੇ ਸਮੁੱਚੀ ਸਿੱਖ ਕੌਮ ਦੇ ਪੁਰਾਣੇ ਜ਼ਖ਼ਮ ਮੁੜ ਹਰੇ ਹੋ ਜਾਂਦੇ ਹਨ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੀੜਤਾਂ ਨੂੰ ਇਨਸਾਫ਼ ਦਿਵਾਉਣ ਅਤੇ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦਿਵਾਉਣ ਲਈ ਠੋਸ ਕਦਮ ਚੁੱਕਣ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਨਸਾਫ਼ ਦੀ ਇਹ ਲੜਾਈ ਸਿਰਫ਼ ਪੀੜਤ ਪਰਿਵਾਰਾਂ ਦੀ ਨਹੀਂ, ਸਗੋਂ ਮਨੁੱਖੀ ਅਧਿਕਾਰਾਂ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਨਿਆਂ ਪ੍ਰਣਾਲੀ ਵਿਚ ਭਰੋਸੇ ਦੀ ਵੀ ਲੜਾਈ ਹੈ। ਜਦੋਂ ਤੱਕ ਦੋਸ਼ੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਨਹੀਂ ਮਿਲਦੀ, ਉਦੋਂ ਤੱਕ ਪੀੜਤ ਪਰਿਵਾਰਾਂ ਦੇ ਹਿਰਦੇ ਸ਼ਾਂਤ ਨਹੀਂ ਹੋਣਗੇ।

ਵਿਰੋਧੀ ਧਿਰਾਂ ਪੰਜਾਬ ਦਾ ਵਿਕਾਸ ਰੋਕਣ ਲਈ ਇਕਜੁੱਟ: ਭਗਵੰਤ ਮਾਨ

2027 ਵਿੱਚ ਵੀ ਲੋਕ ਰਵਾਇਤੀ ਪਾਰਟੀਆਂ ਦੇ ਵੱਡੇ ਆਗੂਆਂ ਨੂੰ ਘਰ ਬਿਠਾਉਣਗੇ









ਰਾਜਪੁਰਾ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਕਿ ਇਹ ਪਾਰਟੀਆਂ ਪੰਜਾਬ ਦੇ ਵਿਕਾਸ ਨੂੰ ਰੋਕਣ ਲਈ ਇਕਜੁੱਟ ਹੋ ਗਈਆਂ ਹਨ। ਪਟਿਆਲਾ ਜ਼ਿਲ੍ਹੇ ਦੇ ਘਨੌਰ ਹਲਕੇ ਦੇ ਪਿੰਡ ਮੰਡੌਲੀ ਵਿੱਚ ਨਹਿਰੀ ਪਾਣੀ ਸਪਲਾਈ ਪ੍ਰਾਜੈਕਟ ਦਾ ਉਦਘਾਟਨ ਕਰਨ ਮੌਕੇ ਜਨਤਕ ਇਕੱਠ ਵਿੱਚ ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਝੰਡੇ ਅਤੇ ਚੋਣ ਨਿਸ਼ਾਨ ਵੱਖਰੇ ਹਨ ਪਰ ਮਨਸ਼ਾ ਇੱਕੋ ਹੈ।

ਰਵਾਇਤੀ ਪਾਰਟੀਆਂ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਆਮ ਪਰਿਵਾਰ ਦਾ ਪੁੱਤ ਇਮਾਨਦਾਰੀ ਨਾਲ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦਾ ਪਿਆਰ ਅਤੇ ਆਸ਼ੀਰਵਾਦ ਸਭ ਤੋਂ ਵੱਡੀ ਤਾਕਤ ਦਿੰਦਾ ਹੈ। ਲੋਕਾਂ ਦੇ ਸਹਿਯੋਗ ਨਾਲ ਉਹ ਵਿਰੋਧੀ ਧਿਰ ਦੀ ਪਰਵਾਹ ਨਹੀਂ ਕਰਦੇ। ਉਨ੍ਹਾਂ ਦਾਅਵਾ ਕੀਤਾ ਕਿ 2022 ਵਾਂਗ 2027 ਦੀਆਂ ਚੋਣਾਂ ਵਿੱਚ ਵੀ ਪੰਜਾਬ ਦੇ ਲੋਕ ਵੱਡੇ ਆਗੂਆਂ ਨੂੰ ਘਰ ਬਿਠਾਉਣਗੇ। ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਲੋਕਾਂ ਦੀ ਲੁੱਟ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਮੌਜੂਦਾ ਸਰਕਾਰ ਦਾ ਉਦੇਸ਼ ਸਿਆਸੀ ਕੁਰਸੀ ਹਾਸਲ ਕਰਨਾ ਨਹੀਂ, ਸਗੋਂ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ, ਬਿਹਤਰ ਸਿਹਤ ਸਹੂਲਤਾਂ ਅਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਨਹਿਰੀ ਪਾਣੀ ਸਪਲਾਈ ਪ੍ਰਾਜੈਕਟਾਂ ਨਾਲ ਦੋ ਜ਼ਿਲ੍ਹਿਆਂ ਦੇ ਲਗਭਗ 90 ਹਜ਼ਾਰ ਪਰਿਵਾਰਾਂ ਦੇ ਪੰਜ ਲੱਖ ਤੋਂ ਵੱਧ ਲੋਕਾਂ ਨੂੰ ਲਾਭ ਮਿਲੇਗਾ। ਇਸ ਮੌਕੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਸੀਨੀਅਰ ਆਗੂ ਇੰਦਰਜੀਤ ਸਿਆਲੂ, ਦਲਵੀਰ ਸਿੰਘ ਯੂ ਕੇ ਤੋਂ ਇਲਾਵਾ ਹੋਰ ਸ਼ਖਸੀਅਤਾਂ ਮੌਜੂਦ ਸਨ।

ਲੱਖਾ ਸਿਧਾਣਾ ਤੇ ਮੋਹਨਜੀਤ ਸ਼ੇਰੋਂ ਜੇਲ੍ਹ ਤੋਂ ਹੋਏ ਰਿਹਾਅ



ਪਟਿਆਲਾ : ਮਾਨਸਾ ਵਿਖੇ ਦਲਜੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਲੈ ਕੇ ਹੋਏ ਵਿਵਾਦ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਵੀਰਵਾਰ ਸ਼ਾਮ ਕਰੀਬ 6 ਵਜੇ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਸਮਰਥਕ ਜੇਲ੍ਹ ਦੇ ਬਾਹਰ ਇਕੱਠੇ ਹੋਏ, ਜਿਨ੍ਹਾਂ ਨੇ ਦੋਵਾਂ ਆਗੂਆਂ ਨੂੰ ਸਿਰੋਪਾਓ ਭੇਟ ਕਰਕੇ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ।

ਰਿਹਾਈ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੇ ਕਿਹਾ ਕਿ ਹਿਰਾਸਤ ਵਿੱਚ ਰਹਿਣ ਕਾਰਨ ਉਨ੍ਹਾਂ ਨੂੰ ਮੋਰਚੇ, ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਅਤੇ ਪੰਜਾਬ ਸਰਕਾਰ ਦਰਮਿਆਨ ਹੋਈਆਂ ਘਟਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਤੋਂ ਨਿਕਲਣ ਉਪਰੰਤ ਉਹ ਸਿੱਧੇ ਮੋਰਚੇ ਵਿੱਚ ਸ਼ਾਮਲ ਹੋਣ ਲਈ ਜਾਣਗੇ। ਲੱਖਾ ਸਿਧਾਣਾ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਨੇ ਪੰਜਾਬ ਦੇ ਨੌਜਵਾਨਾਂ ਲਈ ਆਪਣੀ ਜਾਨ ਕੁਰਬਾਨ ਕੀਤੀ ਹੈ ਅਤੇ ਉਨ੍ਹਾਂ ਦੀ ਸ਼ਹਾਦਤ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਾਲ ਮੁਲਾਕਾਤ ਤੋਂ ਬਾਅਦ ਝੋਟੇ ਦੇ ਪਿਤਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਾਂ ਉਨ੍ਹਾਂ ਦਾ ਕਿਰਦਾਰ-ਹਨਨ ਕੀਤਾ ਜਾ ਰਿਹਾ ਹੈ ਤਾਂ ਇਹ ਗਲਤ ਹੈ। ਸਿਧਾਣਾ ਨੇ ਕਿਹਾ ਕਿ ਉਹ ਹਿਰਾਸਤ ਵਿੱਚ ਹੋਣ ਕਾਰਨ ਪੂਰੇ ਘਟਨਾਕ੍ਰਮ ਤੋਂ ਜਾਣੂ ਨਹੀਂ ਹਨ, ਪਰ ਉਨ੍ਹਾਂ ਨੂੰ ਇੰਨਾ ਪਤਾ ਲੱਗਿਆ ਹੈ ਕਿ ਝੋਟੇ ਦੇ ਪਿਤਾ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨਾਲ ਉਹ ਸਹਿਮਤ ਨਹੀਂ ਹਨ। ਇਸ ਤੋਂ ਪਹਿਲਾਂ ਮਾਨਸਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਮਾਨਸਾ ਦੀ ਅਦਾਲਤ ਵੱਲੋਂ ਤੁਰੰਤ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਅਦਾਲਤ ਨੇ ਨਵੀਂ ਨਾਭਾ ਜੇਲ੍ਹ ਦੇ ਸੁਪਰਡੈਂਟ ਨੂੰ ਦੋਵਾਂ ਨੂੰ ਤੁਰੰਤ ਰਿਹਾਅ ਕਰਨ ਦੇ ਨਿਰਦੇਸ਼ ਦਿੱਤੇ ਸਨ। ਜ਼ਿਕਰਯੋਗ ਹੈ ਕਿ ਲੱਖਾ ਸਿਧਾਣਾ ਅਤੇ ਮੋਹਨਜੀਤ ਸ਼ੇਰੋਂ ਨੂੰ ਮਾਨਸਾ ਵਿੱਚ ਦਲਜੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ। ਇਸ ਮਾਮਲੇ ਵਿੱਚ ਪੁਲੀਸ ਵੱਲੋਂ ਇਰਾਦਾ ਕਤਲ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਦੋਵਾਂ ਨੂੰ ਪਹਿਲਾਂ ਪੁਲੀਸ ਰਿਮਾਂਡ 'ਤੇ ਰੱਖਿਆ ਗਿਆ ਅਤੇ ਬਾਅਦ ਵਿੱਚ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ।

ਬਹੁਮਤ ਤੋਂ ਦੂਰ ਬੈਂਜਾਮਿਨ ਨੇਤਨਯਾਹੂ ਵੱਲੋਂ 'ਚੋਣਾਂ ਚੋਰੀ' ਦਾ ਰੌਲਾ

ਅਰਬ ਦੀ ਅਗਵਾਈ ਵਾਲੀਆਂ ਪਾਰਟੀਆਂ 'ਤੇ ਚੋਣਾਂ 'ਚ ਹੇਰਾਫੇਰੀ ਦੇ ਦੋਸ਼ ਲਾਏ



ਤਲ ਅਵੀਵ : ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਰਬ ਭਾਈਚਾਰੇ ਦੀ ਅਗਵਾਈ ਵਾਲੀਆਂ ਪਾਰਟੀਆਂ 'ਤੇ ਚੋਣਾਂ 'ਚ ਹੇਰਾਫੇਰੀ ਕਰਨ ਦੇ ਦੋਸ਼ ਲਾਉਣੇ ਹੋਰ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਬਾਹਰੀ ਦਖ਼ਲ ਦੇ ਖ਼ਦਸ਼ੇ ਨੂੰ 'ਵੱਡਾ ਝਟਕਾ' ਕਰਾਰ ਦਿੱਤਾ ਅਤੇ ਪੁਲੀਸ ਤੇ ਦੇਸ਼ ਦੀ ਸਿਖਰਲੀ ਅੰਦਰੂਨੀ ਸੁਰੱਖਿਆ ਏਜੰਸੀ ਨੂੰ ਇਸ ਦੀ ਤੁਰੰਤ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਇਸੇ ਦੌਰਾਨ ਰਾਸ਼ਟਰਪਤੀ ਇਸਾਕ ਹਰਜ਼ੋਗ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਵੱਲੋਂ ਚੋਣਾਂ 'ਚ ਵਿਦੇਸ਼ੀ ਦਖ਼ਲ ਦੇ ਦੋਸ਼ ਲਾਏ ਜਾਣ ਮਗਰੋਂ ਕਿਹਾ ਕਿ ਉਨ੍ਹਾਂ ਸੋਹਲਬਰਗ ਅਤੇ ਜ਼ਿਨੀ ਨਾਲ ਗੱਲ ਕੀਤੀ ਹੈ ਅਤੇ ਉਹ ਜਾਂਚ ਉੱਤੇ ਨੇੜਿਓਂ ਨਜ਼ਰ ਰੱਖ ਰਹੇ ਹਨ।

ਸੋਸ਼ਲ ਮੀਡੀਆ 'ਤੇ ਪਾਈ ਪੋਸਟ 'ਚ ਨੇਤਨਯਾਹੂ ਨੇ ਕੇਂਦਰੀ ਚੋਣ ਕਮੇਟੀ ਦੇ ਮੁਖੀ ਜਸਟਿਸ ਨੌਮ ਸੋਹਲਬਰਗ ਦੇ ਉਸ ਫ਼ੈਸਲੇ ਦਾ ਜ਼ਿਕਰ ਕੀਤਾ ਜਿਸ 'ਚ ਉਨ੍ਹਾਂ ਸ਼ਿਨ ਬੈੱਟ ਮੁਖੀ ਡੇਵਿਡ ਜ਼ਿਨੀ ਨੂੰ ਮੰਗਲਵਾਰ ਨੂੰ ਚੋਣਾਂ 'ਚ ਵਿਦੇਸ਼ੀ ਫੰਡਿੰਗ ਅਤੇ ਗ਼ੈਰ-ਵਾਜਬ ਪ੍ਰਭਾਵ ਦੇ ਖ਼ਦਸ਼ਿਆਂ ਦੀ ਜਾਂਚ ਕਰਨ ਲਈ ਕਿਹਾ ਸੀ। ਨੇਤਨਯਾਹੂ ਨੇ ਅਰਬ ਦੀ ਅਗਵਾਈ ਹੇਠਲੇ 'ਰਾਅਮ' (ਯੂਨਾਈਟਿਡ ਅਰਬ ਲਿਸਟ) ਅਤੇ 'ਜੁਆਇੰਟ ਲਿਸਟ' ਗੱਠਜੋੜ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ, "ਰਾਅਮਗੇਟ ਮਾਮਲਾ ਭੂਚਾਲ ਦੀ ਤਰ੍ਹਾਂ ਹੈ। ਉਨ੍ਹਾਂ ਇਜ਼ਰਾਈਲ 'ਚ ਚੋਣਾਂ ਚੋਰੀ ਕਰ ਲਈਆਂ ਹਨ!" ਉਨ੍ਹਾਂ ਦੋਸ਼ ਲਾਇਆ ਕਿ ਵਿਦੇਸ਼ੀ ਤਾਕਤਾਂ ਨੇ ਮੰਗਲਵਾਰ ਨੂੰ ਹੋਈਆਂ ਸੰਸਦੀ ਚੋਣਾਂ 'ਚ ਦਖ਼ਲ ਦਿੱਤਾ ਅਤੇ ਅਰਬ ਦੀ ਅਗਵਾਈ ਵਾਲੀਆਂ ਪਾਰਟੀਆਂ ਦੇ ਹੱਕ 'ਚ ਵੋਟਰਾਂ ਨੂੰ ਰਿਸ਼ਵਤ ਦਿੱਤੀ।

ਇਹ ਦੋਸ਼ ਅਜਿਹੇ ਸਮੇਂ ਲਾਏ ਗਏ ਹਨ ਜਦੋਂ ਚੋਣ ਨਤੀਜੇ ਕਿਸੇ ਸਪੱਸ਼ਟ ਨਤੀਜੇ ਤੱਕ ਨਹੀਂ ਪੁੱਜੇ ਹਨ। ਅਰਬ ਦੀ ਅਗਵਾਈ ਵਾਲੀਆਂ ਪਰਾਟੀਆਂ ਮੁੱਖ ਤੌਰ 'ਤੇ ਇਜ਼ਰਾਈਲ ਦੇ ਫ਼ਲਸਤੀਨੀ ਨਾਗਰਿਕਾਂ ਦੀ ਅਗਵਾਈ ਕਰਦੀਆਂ ਹਨ ਜੋ ਦੇਸ਼ ਦੀ ਕੁੱਲ ਅਬਾਦੀ ਦਾ ਤਕਰੀਬਨ ਪੰਜਵਾਂ ਹਿੱਸਾ ਹੈ। ਮਨਸੂਰ ਅੱਬਾਸ ਦੀ ਅਗਵਾਈ ਵਾਲੀ 'ਰਾਅਮ' ਅਤੇ 'ਜੁਆਇੰਟ ਲਿਸਟ' ਸਰਕਾਰ ਬਣਾਉਣ 'ਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। 77 ਸਾਲਾ ਨੇਤਨਯਾਹੂ ਨੇ ਦਾਅਵਾ ਕੀਤਾ ਕਿ ਇਸ ਕਥਿਤ ਦਖ਼ਲਅੰਦਾਜ਼ੀ ਦਾ ਮਕਸਦ ਸੰਸਦ 'ਤੇ ਵਿਦੇਸ਼ੀ ਤਾਕਤਾਂ ਦਾ ਕਬਜ਼ਾ, 'ਇਜ਼ਰਾਈਲ ਦਾ ਇਸਲਾਮੀਕਰਨ' ਅਤੇ ਸੱਜੇ ਪੱਖੀ ਸ਼ਾਸਨ ਖ਼ਤਮ ਕਰਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੀ ਸਰਕਾਰ ਬਣਨ ਨਾਲ ਇਜ਼ਰਾਇਲੀ ਸੈਨਾ ਨੂੰ ਪਿੱਛੇ ਹਟਣਾ ਪੈ ਸਕਦਾ ਹੈ।

COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.



TSP ROOFING & SOLAR

Permits and Utility Approvals Included

Main Panel Upgrade Bundle from $3,000

CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਕਿਸਾਨਾਂ ਵੱਲੋਂ ਸੰਗਰੂਰ ਤੇ ਪਟਿਆਲਾ 'ਚ ਧਰਨੇ



ਸੰਗਰੂਰ : ਸਹਿਕਾਰੀ ਸਭਾਵਾਂ ਦੇ ਨਿਯਮਾਂ ਵਿੱਚ ਕੀਤੀਆਂ ਤਬਦੀਲੀਆਂ ਕਾਰਨ ਕਿਸਾਨਾਂ ਦੇ ਹੱਥੋਂ ਸਹਿਕਾਰਤਾ ਵਿਭਾਗ ਖੋਹਣ ਦੀਆਂ ਚਾਲਾਂ ਖ਼ਿਲਾਫ਼ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੱਗੇ ਧਰਨਾ ਦਿੱਤਾ ਗਿਆ। ਇਸ ਦੌਰਾਨ ਪੰਜਾਬ ਸਰਕਾਰ ਦੇ ਨਾਂ ਸਹਿਕਾਰੀ ਸਭਾਵਾਂ ਦੇ ਡਿਪਟੀ ਰਜਿਸਟਰਾਰ ਨੂੰ ਮੰਗ ਪੱਤਰ ਸੌਂਪਿਆ।

ਧਰਨੇ ਨੂੰ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਜਰਨੈਲ ਸਿੰਘ ਜਹਾਂਗੀਰ, ਬੀ ਕੇ ਯੂ (ਡਕੌਂਦਾ)- ਬੁਰਜ ਗਿੱਲ ਦੇ ਸੂਬਾ ਆਗੂ ਗੁਰਮੀਤ ਸਿੰਘ ਭੱਟੀਵਾਲ, ਬੀ ਕੇ ਯੂ (ਡਕੌਂਦਾ)- ਧਨੇਰ ਦੇ ਜ਼ਿਲ੍ਹਾ ਸਕੱਤਰ ਜਗਤਾਰ ਸਿੰਘ ਦੁੱਗਾਂ, ਬੀ ਕੇ ਯੂ (ਰਾਜੇਵਾਲ) ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ ਆਦਿ ਨੇ ਸੰਬੋਧਨ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਹਿਕਾਰੀ ਸਭਾਵਾਂ ਦੇ ਨਿਯਮਾਂ ਵਿੱਚ ਸੋਧ ਕਰ ਕੇ ਛੋਟੇ ਕਿਸਾਨਾਂ ਦੀ ਹਿੱਸੇਦਾਰੀ 2 ਫ਼ੀਸਦੀ ਤੋਂ ਵਧਾ ਕੇ 6 ਫ਼ੀਸਦੀ ਅਤੇ ਪੰਜ-ਪੰਜ ਏਕੜ ਤੋਂ ਉੱਪਰਲੇ ਕਿਸਾਨਾਂ ਦੀ 3.3 ਫ਼ੀਸਦੀ ਤੋਂ ਵਧਾ ਕੇ 9 ਫ਼ੀਸਦੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਇਹ ਹਿੱਸੇਦਾਰੀ ਸਭਾ ਦੀ ਬਜਾਏ ਬੈਂਕ ਕੋਲ ਜਮਾਂ ਰੱਖਣ ਦਾ ਫ਼ੁਰਮਾਨ ਸੁਣਾ ਦਿੱਤਾ ਹੈ। ਇਸ ਤੋਂ ਇਲਾਵਾ 2 ਲੱਖ ਤੋਂ ਵੱਧ ਕਰਜ਼ਾ ਲੈਣ ਵਾਲੇ ਕਿਸਾਨਾਂ ਲਈ ਆਪਣੀ ਜ਼ਮੀਨ ਬੈਂਕ ਕੋਲ ਗਹਿਣੇ ਰੱਖਣ ਦਾ ਨਿਯਮ ਬਣਾਇਆ ਹੈ। ਇਹ ਸਰਾਸਰ ਸਹਿਕਾਰਤਾ ਦੇ ਨਿਯਮਾਂ ਦੇ ਉਲਟ ਹੈ ਤੇ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਭੁਗਤਦਾ। ਇਸੇ ਤਰ੍ਹਾਂ ਵਿਆਜ ਵਿੱਚ ਵੀ ਵਾਧਾ ਕੀਤਾ ਗਿਆ ਹੈ। ਇਹ ਨਿਯਮ ਸਹਿਕਾਰਤਾ ਨੂੰ ਢਾਹ ਲਾਉਣ ਵਾਲੇ ਅਤੇ ਕਿਸਾਨਾਂ ਨੂੰ ਹੋਰ ਮੁਸੀਬਤਾਂ ਵਿੱਚ ਪਾਉਣ ਵਾਲੇ ਹਨ।

ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਫੌਰੀ ਇਨ੍ਹਾਂ ਨਿਯਮਾਂ ਨੂੰ ਵਾਪਸ ਲਿਆ ਜਾਵੇ ਅਤੇ ਸਹਿਕਾਰਤਾ ਵਿਭਾਗ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ। ਕਿਸਾਨ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਮੰਗਾਂ ਨਾ ਮੰਨੀਆਂ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਕਿਸਾਨ ਵਿਕਾਸ ਫਰੰਟ ਦੇ ਆਗੂ ਮਹਿੰਦਰ ਸਿੰਘ ਭੱਠਲ, ਦਰਸ਼ਨ ਸਿੰਘ ਕੁੰਨਰਾਂ, ਕਰਮਜੀਤ ਸਿੰਘ ਸਤੀਪੁਰਾ, ਸ਼ਮਸ਼ੇਰ ਸਿੰਘ ਈਸ਼ਾਪੁਰ, ਮੱਖਣ ਸਿੰਘ ਦੁੱਗਾਂ ਸਣੇ ਵੱਡੀ ਗਿਣਤੀ ਕਿਸਾਨ ਆਗੂ ਹਾਜ਼ਰ ਸਨ।

ਗੜਿਆਂ ਕਾਰਨ ਨੁਕਸਾਨੇ ਝੋਨੇ ਦੇ ਮੁਆਵਜ਼ੇ ਲਈ ਪੱਕਾ ਮੋਰਚਾ

ਕਿਸਾਨਾਂ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ; ਗਿਰਦਾਵਰੀ ਕਰਵਾਉਣ ਦੀ ਮੰਗ; ਮੁਆਵਜ਼ਾ ਨਾ ਦੇਣ 'ਤੇ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ

ਰਤੀਆ : ਗੜਿਆਂ ਕਾਰਨ ਤਬਾਹ ਹੋਏ ਝੋਨੇ ਸਣੇ ਨੁਕਸਾਨੀਆਂ ਹੋਰ ਫ਼ਸਲਾਂ ਦੀ ਤੁਰੰਤ ਗਿਰਦਾਵਰੀ ਕਰਵਾਉਣ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਦੀ ਮੰਗ ਲਈ ਕਿਸਾਨਾਂ ਨੇ ਰਤੀਆ ਦੇ ਐੱਸ ਡੀ ਐੱਮ ਦਫ਼ਤਰ ਅੱਗੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਕਿਸਾਨਾਂ ਨੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਧਰਨਾ ਦੇ ਕੇ ਸਰਕਾਰ ਅਤੇ ਪ੍ਰਸ਼ਾਸਨ ਵਿਰੁੱਧ ਆਪਣਾ ਰੋਸ ਪ੍ਰਗਟਾਇਆ। ਧਰਨੇ ਤੋਂ ਬਾਅਦ ਕਿਸਾਨਾਂ ਦੇ ਵਫ਼ਦ ਨੇ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ ਅਤੇ ਗੜਿਆਂ ਕਾਰਨ ਨੁਕਸਾਨੀਆਂ ਫ਼ਸਲਾਂ ਦੀ ਬਿਨਾਂ ਦੇਰੀ ਗਿਰਦਾਵਰੀ ਕਰਵਾਉਣ ਦੀ ਮੰਗ ਕੀਤੀ। ਕਿਸਾਨਾਂ ਨੇ ਸਪੱਸ਼ਟ ਕਿਹਾ ਕਿ ਜਦੋਂ ਤੱਕ ਸਾਰੇ ਪ੍ਰਭਾਵਿਤ ਕਿਸਾਨਾਂ ਦੇ ਗਿਰਦਾਵਰੀ ਨਹੀਂ ਹੋ ਜਾਂਦੀ, ਉਦੋਂ ਤੱਕ ਉਨ੍ਹਾਂ ਦਾ ਪੱਕਾ ਮੋਰਚਾ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕੁਦਰਤੀ ਆਫ਼ਤ ਕਾਰਨ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ ਅਤੇ ਅਜਿਹੇ ਸਮੇਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਭਾਵਿਤ ਕਿਸਾਨਾਂ ਦੀ ਬਾਂਹ ਫੜੇ ਅਤੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦੇਵੇ। ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਕਿਸਾਨ ਪਹਿਲਾਂ ਹੀ ਕਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਝੋਨੇ ਦੀ ਸਰਕਾਰੀ ਖ਼ਰੀਦ ਦੌਰਾਨ ਪਹਿਲਾਂ ਪ੍ਰਤੀ ਏਕੜ 28 ਕੁਇੰਟਲ ਦੀ ਸ਼ਰਤ ਲਗਾਈ ਗਈ, ਜਿਸ ਕਾਰਨ ਕਿਸਾਨਾਂ ਨੂੰ ਮੁਸ਼ਕਲਾਂ ਆਈਆਂ। ਇਸ ਤੋਂ ਬਾਅਦ ਕਈ ਕਿਸਾਨਾਂ ਦੀ ਰਜਿਸਟਰੇਸ਼ਨ ਰੱਦ ਹੋਣ ਕਾਰਨ ਉਨ੍ਹਾਂ ਨੂੰ ਆਪਣੀ ਫ਼ਸਲ ਵੇਚਣ ਲਈ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ



ਕਿਹਾ ਕਿ ਰਜਿਸਟਰੇਸ਼ਨ ਦੁਬਾਰਾ ਨਾ ਹੋਣ ਕਾਰਨ ਕਿਸਾਨ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹੋਏ। ਕਿਸਾਨਾਂ ਦੀਆਂ ਇਹ ਸਮੱਸਿਆਵਾਂ ਹਾਲੇ ਪੂਰੀ ਤਰ੍ਹਾਂ ਹੱਲ ਨਹੀਂ ਹੋਈਆਂ ਸਨ ਕਿ ਗੜਿਆਂ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ। ਉਨ੍ਹਾਂ ਦੋਸ਼ ਲਾਇਆ ਕਿ ਝੋਨੇ ਦੀ ਫ਼ਸਲ ਬਰਬਾਦ ਹੋਣ ਦੇ ਛੇ ਦਿਨ ਬੀਤ ਜਾਣ ਦੇ ਬਾਵਜੂਦ ਗਿਰਦਾਵਰੀ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ ਅਤੇ ਸਿਰਫ਼ ਪੋਰਟਲ ਖੋਲ੍ਹ ਕੇ ਕਾਰਵਾਈ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੋਰਟਲ ਖੋਲ੍ਹਣਾ ਹੀ ਕਾਫ਼ੀ ਨਹੀਂ, ਸਗੋਂ ਅਧਿਕਾਰੀਆਂ ਨੂੰ ਖੇਤਾਂ ਵਿੱਚ ਪਹੁੰਚ ਕੇ ਨੁਕਸਾਨ ਦਾ ਜਾਇਜ਼ਾ ਲੈਣਾ ਚਾਹੀਦਾ ਹੈ। ਕਿਸਾਨ ਆਗੂ ਅਮਨ ਰਤੀਆ ਨੇ ਕਿਹਾ ਕਿ ਪ੍ਰਭਾਵਿਤ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਰਤੀਆ ਐੱਸ ਡੀ ਐੱਮ ਦਫ਼ਤਰ ਅੱਗੇ ਪੱਕਾ ਮੋਰਚਾ ਲਾਇਆ ਗਿਆ ਹੈ। ਇਹ ਮੋਰਚਾ ਹਰ ਰੋਜ਼ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਜਾਰੀ ਰਹੇਗਾ ਅਤੇ ਇਸ ਨੂੰ ਉਦੋਂ ਤੱਕ ਖ਼ਤਮ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸਾਰੇ ਪ੍ਰਭਾਵਿਤ ਕਿਸਾਨਾਂ ਦੇ ਖੇਤਾਂ ਦੀ ਗਿਰਦਾਵਰੀ ਮੁਕੰਮਲ ਨਹੀਂ ਹੋ ਜਾਂਦੀ। ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਭਾਵਿਤ ਕਿਸਾਨ ਨੂੰ ਗਿਰਦਾਵਰੀ ਜਾਂ ਮੁਆਵਜ਼ੇ ਦੇ ਮਾਮਲੇ ਵਿੱਚ ਅਣਗੌਲਿਆਂ ਨਹੀਂ ਕੀਤਾ ਜਾਣਾ ਚਾਹੀਦਾ। ਅਮਨ ਰਤੀਆ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਮੁਆਵਜ਼ਾ ਦੇਣ ਲਈ ਲਗਾਈ ਗਈ ਪੰਜ ਏਕੜ ਤੱਕ ਦੀ ਹੱਦ ਖ਼ਤਮ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗੜਿਆਂ ਕਾਰਨ ਦੋ ਏਕੜ ਜ਼ਮੀਨ ਵਾਲੇ ਕਿਸਾਨ ਦੀ ਫ਼ਸਲ ਨੁਕਸਾਨੀ ਗਈ ਹੋਵੇ ਜਾਂ 100 ਏਕੜ ਜ਼ਮੀਨ ਵਾਲੇ ਕਿਸਾਨ ਦੀ, ਹਰ ਪ੍ਰਭਾਵਿਤ ਕਿਸਾਨ ਨੂੰ ਹੋਏ ਅਸਲ ਨੁਕਸਾਨ ਦੇ ਆਧਾਰ 'ਤੇ ਢੁੱਕਵਾਂ ਮੁਆਵਜ਼ਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁਆਵਜ਼ੇ ਦੀ ਹੱਦ ਕਾਰਨ ਵੱਡੇ ਰਕਬੇ ਵਿੱਚ ਖੇਤੀ ਕਰਨ ਵਾਲੇ ਪ੍ਰਭਾਵਿਤ ਕਿਸਾਨਾਂ ਨੂੰ ਉਨ੍ਹਾਂ ਦੇ ਕੁੱਲ ਨੁਕਸਾਨ ਦੇ ਮੁਕਾਬਲੇ ਬਹੁਤ ਘੱਟ ਰਾਹਤ ਮਿਲਣ ਦਾ ਖ਼ਦਸ਼ਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਕਿਸਾਨਾਂ ਨੂੰ ਦਿੱਤਾ ਜਾਣ ਵਾਲਾ ਮੁਆਵਜ਼ਾ 15 ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਵਧਾ ਕੇ ਇੱਕ ਲੱਖ ਰੁਪਏ ਪ੍ਰਤੀ ਏਕੜ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਵੱਲ ਜਲਦੀ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਨਸ਼ਿਆਂ ਖ਼ਿਲਾਫ਼ ਸ੍ਰੀ ਚਮਕੌਰ ਸਾਹਿਬ 'ਚ ਕੱਢੀ ਗਈ ਬਾਈਕ ਰੈਲੀ

ਵਿਧਾਇਕ ਡਾ. ਚਰਨਜੀਤ ਸਿੰਘ ਅਤੇ ਜਸਵੀਰ ਸਿੰਘ ਗੜ੍ਹੀ ਵੀ ਰੈਲੀ 'ਚ ਹੋਏ ਸ਼ਾਮਲ

ਸ੍ਰੀ ਚਮਕੌਰ ਸਾਹਿਬ : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਜਿੱਥੇ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪਹਿਲਾਂ ਹੀ ਚੱਲ ਰਹੀ ਹੈ, ਅਤੇ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪੰਜਾਬ ਯੂਥ ਰਨ ਮੈਰਾਥਨ ਦੌੜਾਂ ਖੇਡਾਂ ਵਤਨ ਪੰਜਾਬ ਦੀਆਂ ਪਿੰਡਾਂ ਹਰ ਪਿੰਡ ਵਿੱਚ ਜਿਮ ਘਰ ਖੇਡ ਗਰਾਊਂਡ ਖੇਡ ਸਟੇਡੀਅਮ ਦੇ ਦਿੱਤੇ ਜਾ ਰਹੇ ਹਨ। ਉੱਥੇ ਹੀ ਇਸ ਸਰਕਾਰ ਦੇ ਨਸ਼ਿਆਂ ਵਿਰੁੱਧ ਇਸ ਉਪਰਾਲੇ ਨੂੰ ਹੋਰ ਸ਼ਕਤੀਸ਼ਾਲੀ ਕਰਨ ਲਈ ਇੱਕ ਹੋਰ ਵੱਡਾ ਉਪਰਾਲਾ ਪੰਜਾਬ ਅਗੇਂਸਟ ਡਰੱਗਸ ਬਾਈਕਰਸ ਰੈਲੀ ਦਾ ਆਯੋਜਨ ਕੀਤਾ ਗਿਆ ਹੈ। ਜਿਸ ਤਹਿਤ ਗੁਰਦੁਆਰਾ ਸ਼੍ਰੀ ਕਤਲਗੜ੍ਹ ਸਾਹਿਬ ਤੋਂ ਸ੍ਰੀ ਚਮਕੌਰ ਸਾਹਿਬ ਤੋਂ ਰੋਪੜ ਤੱਕ ਇਸ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਆਪ ਵੀ ਇਸ ਰੈਲੀ ਵਿਚ ਬਾਈਕ ਲੈਕੇ ਸ਼ਾਮਿਲ ਹੋਏ। ਇਸੇ ਤਰ੍ਹਾਂ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਵੀ ਇਸ ਰੈਲੀ ਵਿੱਚ ਬਾਈਕ ਲੈ ਕੇ ਸ਼ਾਮਿਲ ਹੋਏ ।



ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਦਾ ਲੱਕ ਤੋੜਿਆ ਹੈ ਉਹਨਾਂ ਕਿਹਾ ਕਿ ਖਾਸ ਤੌਰ ਤੇ 2008, 09 ਵਿੱਚ ਸ਼ੁਰੂ ਹੋਇਆ ਸਿੰਥੈਟਿਕ ਨਸ਼ਾ ਚਿੱਟਾ ਬਹੁਤ ਹੀ ਜਿਆਦਾ ਖਤਰਨਾਕ ਹੈ ਜਿਸ ਨੇ ਜਵਾਨੀ ਦਾ ਲੱਕ ਤੋੜ ਦਿੱਤਾ ਹੈ ਅਤੇ ਇਸ ਨਸ਼ੇ ਦੀ ਲੱਤ ਵਿੱਚ ਲੱਗੇ ਅਨੇਕਾਂ ਨੌਜਵਾਨਾਂ ਦੀਆਂ ਜਾਨਾਂ ਤੱਕ ਚਲੀਆਂ ਗਈਆਂ ਹਨ।

ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਇਹਨਾਂ ਨਸ਼ਿਆਂ ਲਈ ਪਿਛਲਿਆਂ ਸਰਕਾਰਾਂ ਨੂੰ ਜਿੰਮੇਵਾਰ ਠਹਿਰਾਇਆ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਹ ਪਹਿਲੀ ਸਰਕਾਰ ਹੈ ਜਿਸਨੇ ਨਸ਼ਿਆਂ ਵਿਰੁੱਧ ਜੰਗੀ ਪੱਧਰ ਤੇ ਮੁਹਿੰਮ ਸ਼ੁਰੂ ਕੀਤੀ ਜਿਸ ਵਿੱਚ ਵੱਖ-ਵੱਖ ਢੰਗਾਂ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਸਰਕਾਰ ਲਗਭਗ 70 ਫੀਸਦੀ ਤੱਕ ਨਸ਼ੇ ਖਤਮ ਕਰਨ ਵਿੱਚ ਸਫਲ ਹੋਈ ਹੈ ਜਦਕਿ ਪਿਛਲੀਆਂ ਕਿਸੇ ਵੀ ਸਰਕਾਰਾਂ ਵੱਲੋਂ ਅਜਿਹਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਸਗੋਂ ਪਿਛਲੀਆਂ ਸਰਕਾਰਾਂ ਸਮੇਂ ਨਸ਼ਿਆਂ ਨੂੰ ਬੜਾਵਾ ਹੀ ਮਿਲਿਆ ਹੈ।

ਇਸੇ ਤਰ੍ਹਾਂ ਜਸਵੀਰ ਸਿੰਘ ਗੜ੍ਹੀ ਹਲਕਾ ਇੰਚਾਰਜ ਸ੍ਰੀ ਚਮਕੌਰ ਸਾਹਿਬ ਨੇ ਕਿਹਾ ਕਿ ਸਰਕਾਰ ਵੱਲੋਂ ਜਿੱਥੇ ਲੋਕਾਂ ਨੂੰ ਆਪਣੀ ਸੋਚ ਨਾਲ ਜੋੜਨ ਲਈ ਵੱਖ-ਵੱਖ ਢੰਗ ਤਰੀਕੇ ਅਪਣਾਏ ਜਾ ਰਹੇ ਹਨ ਜਿਸ ਤਰ੍ਹਾਂ ਸਰਕਾਰ ਨੇ ਫਸਲਾਂ ਅਤੇ ਮਿੱਟੀ ਨੂੰ ਸੰਭਾਲਣ ਲਈ ਲੜਾਈ ਲੜੀ ਹੈ ਇਸੇ ਤਰ੍ਹਾਂ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਟੱਕਰ ਲੈਣ ਲਈ ਇਹ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਤਾਂ ਜੋ ਆਉਣ ਵਾਲੀਆਂ ਨਸਲਾਂ ਸਾਂਭੀਆਂ ਜਾ ਸਕਣ।

ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਨੂੰ 2 ਕਰੋੜ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਾ ਐਲਾਨ

ਮਾਨਸਾ : ਪਰਵਿੰਦਰ ਸਿੰਘ ਝੋਟਾ ਕਤਲਕਾਂਡ ਦੇ ਮਾਮਲੇ ਵਿਚ ਪੰਜਾਬ ਸਰਕਾਰ ਅਤੇ ਐਕਸ਼ਨ ਕਮੇਟੀ ਦੇ ਆਗੂਆਂ ਵਿਚਾਲੇ ਉੱਚ-ਪੱਧਰੀ ਬੈਠਕ ਹੋਈ। ਇਸ ਦੌਰਾਨ ਸਰਕਾਰ ਵੱਲੋਂ ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਨੂੰ 2 ਕਰੋੜ ਰੁਪਏ ਦਾ ਮੁਆਵਜ਼ਾ ਅਤੇ ਉਸ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦਲਜੀਤ ਸਿੰਘ ਦੀ ਪਤਨੀ (ਪਿੰਡ ਧਾਮੇਂ ਕਲਾਂ) ਨੂੰ 50 ਲੱਖ ਰੁਪਏ ਦਾ ਮੁਆਵਜ਼ਾ ਅਤੇ ਗ੍ਰੈਜੂਏਸ਼ਨ ਪੂਰੀ ਹੋਣ ਤੋਂ ਬਾਅਦ ਡੀ.ਸੀ. ਦਫ਼ਤਰ ਮਾਨਸਾ ਵਿੱਚ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

ਦੂਜੇ ਪਾਸੇ ਘਟਨਾ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਇਲਾਜ ਸਰਕਾਰੀ ਖ਼ਰਚੇ 'ਤੇ ਕਰਵਾਇਆ ਜਾਵੇਗਾ। ਸਰਕਾਰ ਵੱਲੋਂ ਮੰਗਾਂ ਮੰਨੇ ਜਾਣ ਤੋਂ ਬਾਅਦ ਕਮੇਟੀ ਆਗੂ ਕਾਮਰੇਡ ਰਾਜਵਿੰਦਰ ਰਾਣਾ ਨੇ ਜਾਣਕਾਰੀ ਦਿੱਤੀ ਕਿ 5 ਤਾਰੀਖ਼ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦਾ ਕੀਤਾ ਜਾਣ ਵਾਲਾ ਘਿਰਾਓ ਰੱਦ ਕਰ ਦਿੱਤਾ ਗਿਆ ਹੈ। ਕਮੇਟੀ ਆਗੂਆਂ ਨੇ ਸਪੱਸ਼ਟ ਕੀਤਾ ਕਿ ਪਰਵਿੰਦਰ ਸਿੰਘ ਝੋਟੇ ਦਾ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਉਦੋਂ ਹੀ ਕੀਤਾ ਜਾਵੇਗਾ, ਜਦੋਂ ਸਰਕਾਰ ਧਾਰਾ 307 ਤਹਿਤ ਦਰਜ ਪਰਚਾ ਰੱਦ ਕਰੇਗੀ ਅਤੇ ਲੱਖਾ ਸਿਧਾਣਾ ਸਮੇਤ ਬਾਕੀ ਸਾਥੀਆਂ ਨੂੰ ਰਿਹਾਅ ਕਰੇਗੀ। ਬੈਠਕ ਵਿਚ 15 'ਚੋਂ 14 ਮੰਗਾਂ ਮਨਜ਼ੂਰ ਕਰ ਲਈਆਂ ਗਈਆਂ ਹਨ।

ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਦੌਰਾਨ ਜੇਲ੍ਹਾਂ ਵਿੱਚ ਬੰਦ ਲੱਖਾ ਸਿਧਾਣਾ ਅਤੇ ਹੋਰ ਆਗੂਆਂ ਦੀ ਰਿਹਾਈ ਦੇ ਮੁੱਦੇ 'ਤੇ ਕਈ ਘੰਟੇ ਪੇਚ ਅੜਿਆ ਰਿਹਾ। ਹੋਰ ਮੰਗਾਂ 'ਤੇ ਲਗਭਗ ਸਹਿਮਤੀ ਬਣਨ ਦੇ ਬਾਵਜੂਦ ਐਕਸ਼ਨ ਕਮੇਟੀ ਆਗੂਆਂ ਦੀ ਰਿਹਾਈ ਤੋਂ ਬਿਨਾਂ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਲਈ ਸਹਿਮਤ ਨਹੀਂ ਸੀ। ਸਿੱਧੂ ਅਨੁਸਾਰ ਮੀਟਿੰਗ ਵਿੱਚ ਖਿਆਲਾ ਕਲਾਂ ਵਿਖੇ ਝੋਟਾ ਦੇ ਨਾਮ 'ਤੇ ਟਰੌਮਾ ਸੈਂਟਰ ਬਣਾਉਣ ਲਈ ਇੱਕ ਹਫ਼ਤੇ ਵਿੱਚ ਮਨਜ਼ੂਰੀ ਦੇਣ 'ਤੇ ਸਹਿਮਤੀ ਬਣੀ। ਇਸ ਤੋਂ ਇਲਾਵਾ ਸੰਬੰਧਤ ਪੁਲਸ



ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਸਮਾਂਬੱਧ ਉੱਚ ਪੱਧਰੀ ਜਾਂਚ ਕਰਵਾਉਣ ਅਤੇ ਝੋਟਾ ਦੇ ਪਰਿਵਾਰ ਨੂੰ ਨੌਕਰੀ ਤੇ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ।

ਪਰਿਵਾਰ ਮੁਤਾਬਕ ਝੋਟਾ ਦੀ ਯਾਦ ਵਿੱਚ ਬੁੱਤ ਲਗਾਉਣ 'ਤੇ ਸਹਿਮਤੀ ਬਣ ਗਈ ਹੈ, ਪਰ ਘਟਨਾ ਵਾਲੀ ਥਾਂ 'ਤੇ ਬੁੱਤ ਲਗਾਉਣ ਬਾਰੇ ਸਹਿਮਤੀ ਨਹੀਂ ਬਣ ਸਕੀ। ਇਸ ਸੰਬੰਧੀ ਸਰਕਾਰ ਦੇ ਨੁਮਾਇੰਦਿਆਂ ਦਾ ਕਹਿਣਾ ਸੀ ਕਿ ਘਟਨਾ ਵਾਲੀ ਥਾਂ ਨਿੱਜੀ ਜਾਇਦਾਦ ਹੋਣ ਕਾਰਨ ਉੱਥੇ ਬੁੱਤ ਲਗਾਉਣ ਵਿੱਚ ਕਾਨੂੰਨੀ ਰੁਕਾਵਟ ਆ ਸਕਦੀ ਹੈ।

ਇਸ ਮੌਕੇ ਪਰਿਵਾਰ ਵੱਲੋਂ ਭੀਮ ਸਿੰਘ ਫ਼ੌਜੀ, ਬੀਬੀ ਮਨਪ੍ਰੀਤ ਕੌਰ ਅਤੇ ਸੂਬੇਦਾਰ ਹਰਪ੍ਰੀਤ ਸਿੰਘ; ਨਸ਼ਿਆਂ ਵਿਰੋਧੀ ਟਾਸਕ ਫੋਰਸ ਦੇ ਆਗੂ ਗਗਨਦੀਪ ਸਿਰਸੀਵਾਲਾ, ਅਮਨ ਪਟਵਾਰੀ, ਕੁਲਵਿੰਦਰ ਸਿੰਘ ਸੁੱਖੀ ਅਤੇ ਭੁਪਿੰਦਰ ਸਿੰਘ ਰੂਬੀ; ਐਕਸ਼ਨ ਕਮੇਟੀ ਵੱਲੋਂ ਰਾਜਵਿੰਦਰ ਰਾਣਾ, ਕ੍ਰਿਸ਼ਨ ਚੌਹਾਨ, ਹਰਿੰਦਰ ਸਿੰਘ ਮਾਨਸ਼ਾਹੀਆ, ਡਾ. ਧੰਨਾ ਮੱਲ ਗੋਇਲ, ਗੁਰਜੰਟ ਸਿੰਘ ਮਾਨਸਾ, ਬੋਘ ਸਿੰਘ ਮਾਨਸਾ, ਨਿਰਮਲ ਸਿੰਘ ਝੰਡੂਕੇ, ਡਾ ਲਖਵਿੰਦਰ ਮੂਸਾ,ਇੰਦਰਜੀਤ ਸਿੰਘ ਮੁਨਸ਼ੀ, ਦਿਲਬਾਗ ਸਿੰਘ ਗੱਗੀ, ਮਹਿੰਦਰ ਸਿੰਘ ਭੈਣੀਬਾਘਾ, ਕੁਲਵੰਤ ਸਿੰਘ ਕਿਸ਼ਨਗੜ੍ਹ, ਤਰਸੇਮ ਸਿੰਘ ਗੋਬਿੰਦਪੁਰਾ, ਮੁਨੀਸ਼ ਬੱਬੀ ਦਾਨੇਵਾਲੀਆ, ਰਾਜੂ ਦਰਾਕਾ, ਸੁਰੇਸ਼ ਨੰਦਗੜੀਆ, ਬਲਜੀਤ ਸ਼ਰਮਾ, ਡਾ. ਜਨਕ ਰਾਜ ਸਿੰਗਲਾ, ਮਾਨਿਕ ਗੋਇਲ, ਜਥੇਦਾਰ ਸਿਕੰਦਰ ਸਿੰਘ, ਸੁਖਵਿੰਦਰ ਸਿੰਘ ਔਲਖ, ਪ੍ਰੇਮ ਅਰੋੜਾ, ਗੁਰਪ੍ਰੀਤ ਸਿੰਘ ਝੱਬਰ, ਹਰਦੀਪ ਸਿੱਧੂ, ਭਗਵੰਤ ਸਿੰਘ ਸਮਾਓ, ਮਨਦੀਪ ਸਿੰਘ ਗੋਰਾ, ਕੁਲਵਿੰਦਰ ਸਿੰਘ ਉੱਡਤ, ਜਸਵੀਰ ਕੌਰ ਨੱਤ, ਹੰਸ ਰਾਜ ਮੋਫ਼ਰ, ਕਰਮਜੀਤ ਸਿੰਘ ਮਾਣੂੰਕੇ, ਅਰਵਿੰਦਰ ਕੌਰ, ਨਰਿੰਦਰ ਬੁਰਜ ਹਮੀਰਾ, ਸੁਖਜੀਤ ਰਾਮਾਨੰਦੀ, ਸਾਬਕਾ ਸੂਬੇਦਾਰ ਦਰਸ਼ਨ ਸਿੰਘ, ਰਾਜਦੀਪ ਗੇਹਲੇ, ਹਰਚਰਨ ਸਿੰਘ ਕੇਕੇਯੂ ਅਤੇ ਭਜਨ ਸਿੰਘ ਘੁੰਮਣ ਹਾਜ਼ਰ ਸਨ।

ਇਹ ਅਹਿਮ ਬੈਠਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ, ਡੀ.ਆਈ.ਜੀ. ਬਠਿੰਡਾ ਰੇਂਜ ਹਰਜੀਤ ਸਿੰਘ, ਡਾਇਰੈਕਟਰ ਹਾਇਰ ਐਜੂਕੇਸ਼ਨ ਮੋਹਾਲੀ ਕੁਲਤਾਰ ਸਿੰਘ ਧੂਰੀ ਅਤੇ ਡੀ.ਸੀ. ਅਤੇ ਏ.ਡੀ.ਸੀ. ਮਾਨਸਾ ਦੀ ਅਗਵਾਈ ਹੇਠ ਹੋਈ। ਅਸਤੀਫ਼ੇ ਦੇ ਮੁੱਦੇ 'ਤੇ ਆਗੂਆਂ ਨੇ ਕਿਹਾ ਕਿ ਹੁਣ ਡੇਢ ਮਹੀਨੇ ਦਾ ਸਮਾਂ ਹੀ ਬਚਿਆ ਹੈ, ਜਿਸ ਤੋਂ ਬਾਅਦ ਪੰਜਾਬ ਵਿੱਚ ਚੋਣ ਜ਼ਾਬਤਾ ਲੱਗ ਜਾਵੇਗਾ ਅਤੇ ਸਭ ਕੁਝ ਆਪਣੇ ਆਪ ਬਦਲ ਜਾਵੇਗਾ।

ਖ਼ਤਰਨਾਕ ਗੈਂਗਸਟਰ ਅੰਮ੍ਰਿਤਪਾਲ ਬਾਠ ਕੈਨੇਡਾ 'ਚ ਗ੍ਰਿਫ਼ਤਾਰ

24 ਗੰਭੀਰ ਅਪਰਾਧਿਕ ਮਾਮਲਿਆਂ 'ਚ ਸੀ ਲੋੜੀਂਦਾ



ਤਰਨਤਾਰਨ : ਪੰਜਾਬ ਪੁਲਸ ਲਈ ਲੰਮੇ ਸਮੇਂ ਤੋਂ ਸਿਰਦਰਦੀ ਬਣਿਆ ਜ਼ਿਲਾ ਤਰਨਤਾਰਨ ਦਾ ਖ਼ਤਰਨਾਕ ਗੈਂਗਸਟਰ ਅੰਮ੍ਰਿਤਪਾਲ ਸਿੰਘ ਬਾਠ ਆਖਿਰਕਾਰ ਕੈਨੇਡਾ ਪੁਲਸ ਦੇ ਹੱਥੇ ਚੜ੍ਹ ਗਿਆ। ਕਰੀਬ 24 ਗੰਭੀਰ ਅਪਰਾਧਿਕ ਮਾਮਲਿਆਂ ਵਿਚ ਲੋੜੀਂਦੇ ਬਾਠ ਦੀ ਗ੍ਰਿਫ਼ਤਾਰੀ ਨੂੰ ਪੰਜਾਬ ਪੁਲਸ ਲਈ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

ਜਾਅਲੀ ਪਾਸਪੋਰਟ ਦੇ ਸਹਾਰੇ ਭਾਰਤ ਤੋਂ ਫਰਾਰ ਹੋ ਕੇ ਕੈਨੇਡਾ ਪੁੱਜੇ ਇਸ ਗੈਂਗਸਟਰ ਖ਼ ?ਲਾਫ਼ ਇੰਟਰਪੋਲ ਵੱਲੋਂ ਰੈਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਹੁਣ ਉਸ ਨੂੰ ਕੈਨੇਡਾ ਤੋਂ ਭਾਰਤ ਵਾਪਸ ਲਿਆ ਕੇ ਪੰਜਾਬ ਪੁਲਸ ਦੇ ਹਵਾਲੇ ਕਰਨ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਜ਼ਿਲਾ ਤਰਨਤਾਰਨ ਦੇ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪਿੰਡ ਮੀਆਂਪੁਰ ਨਿਵਾਸੀ ਅੰਮ੍ਰਿਤਪਾਲ ਸਿੰਘ ਬਾਠ ਖ਼ਿਲਾਫ਼ ਕਤਲ ਦੇ 3, ਇਰਾਦਾ ਕਤਲ ਦੇ 7 ਮਾਮਲਿਆਂ ਤੋਂ ਇਲਾਵਾ ਅਸਲਾ ਐਕਟ, ਫਿਰੌਤੀ ਮੰਗਣ ਸਮੇਤ ਕਰੀਬ 24 ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਵੱਖ-ਵੱਖ ਅਪਰਾਧਿਕ ਵਾਰਦਾਤਾਂ ਵਿਚ ਨਾਂ ਸਾਹਮਣੇ ਆਉਣ ਤੋਂ ਬਾਅਦ ਉਹ ਪੁਲਸ ਦੇ ਚੁੰਗਲ ਤੋਂ ਬਚਣ ਲਈ ਕਥਿਤ ਤੌਰ 'ਤੇ ਜਾਅਲੀ ਪਾਸਪੋਰਟ ਤਿਆਰ ਕਰਵਾ ਕੇ ਕੈਨੇਡਾ ਫਰਾਰ ਹੋ ਗਿਆ ਸੀ। ਉਸ ਦੀ ਭਾਲ ਲਈ ਪੰਜਾਬ ਪੁਲਸ ਲਗਾਤਾਰ ਕੇਂਦਰੀ ਜਾਂਚ ਏਜੰਸੀਆਂ ਦੇ ਸੰਪਰਕ 'ਚ ਸੀ।

ਮਿਲੀ ਜਾਣਕਾਰੀ ਅਨੁਸਾਰ ਕੈਨੇਡਾ ਦੇ ਸਰੀ ਸ਼ਹਿਰ 'ਚ ਸਥਾਨਕ ਪੁਲਸ ਵੱਲੋਂ ਸੜਕ 'ਤੇ ਨਸ਼ੇ ਦੀ ਹਾਲਤ ਵਿਚ ਵਾਹਨ ਚਲਾਉਣ ਵਾਲਿਆਂ ਦੀ ਜਾਂਚ ਲਈ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਬਾਠ ਦੀ ਗੱਡੀ ਨੂੰ ਜਾਂਚ ਲਈ ਰੋਕਿਆ ਗਿਆ। ਪੁਲਸ ਵੱਲੋਂ ਪੁੱਛਗਿੱਛ ਕਰਨ ਮੌਕੇ ਉਸ ਨੇ ਆਪਣੀ ਅਸਲ ਪਛਾਣ ਲੁਕਾਉਣ ਦੀ ਕੋਸ਼ਿਸ਼ ਕੀਤੀ ਪਰ ਦਸਤਾਵੇਜ਼ਾਂ ਅਤੇ ਪੁਲਸ ਰਿਕਾਰਡ ਦੀ ਡੂੰਘਾਈ ਨਾਲ ਜਾਂਚ ਕਰਨ ਉਪਰੰਤ ਉਸ ਦੀ ਅਸਲ ਪਛਾਣ ਸਾਹਮਣੇ ਆ ਗਈ ਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਕੇਂਦਰੀ ਮੰਤਰੀ ਪੁਰੀ ਦੀ ਅਗਵਾਈ ਹੇਠ ਭਾਜਪਾ ਵਲੋਂ 'ਇੰਡੀਆ' ਗੱਠਜੋੜ ਖ਼ਿਲਾਫ਼ ਰੋਸ ਮਾਰਚ



ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ ਨੇ ਪੱਛਮੀ ਦਿੱਲੀ ਦੇ ਹਰੀ ਨਗਰ ਇਲਾਕੇ 'ਚ ਕਾਂਗਰਸ ਤੇ 'ਇੰਡੀਆ' ਗਠਜੋੜ ਖ਼ਿਲਾਫ਼ ਇਕ ਰੋਸ ਮਾਰਚ ਕੱਢਿਆ। ਇਹ ਮਾਰਚ ਵਿਰੋਧੀ ਧਿਰ ਵਲੋਂ ਰਾਮਲੀਲ੍ਹਾ ਮੈਦਾਨ 'ਚ ਕੀਤੀ ਗਈ 'ਵੋਟ ਬਚਾਓ ਦੇਸ਼ ਬਚਾਓ' ਰੈਲੀ ਦੇ ਵਿਰੋਧ 'ਚ ਕੱਢਿਆ ਗਿਆ। ਭਾਜਪਾ ਨੇ ਇਸ ਰੈਲੀ ਦੀ ਤਰੀਕ 'ਤੇ ਸਖ਼ਤ ਇਤਰਾਜ਼ ਜਤਾਇਆ ਕਿਉਂਕਿ 1 ਨਵੰਬਰ 1984 ਨੂੰ ਦਿੱਲੀ 'ਚ ਸਿੱਖ ਕਤਲੇਆਮ ਦੀ ਸ਼ੁਰੂਆਤ ਹੋਈ ਸੀ। ਭਾਜਪਾ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਇਸ ਸੰਵੇਦਨਸ਼ੀਲ ਦਿਨ 'ਤੇ ਰੈਲੀ ਕਰਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ। ਇਸ ਵਿਰੋਧ ਮਾਰਚ ਦੀ ਅਗਵਾਈ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕੀਤੀ । ਉਨ੍ਹਾਂ ਨਾਲ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਦਿੱਲੀ ਭਾਜਪਾ ਪ੍ਰਧਾਨ ਹਰਸ਼ ਮਲਹੋਤਰਾ, ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐੱਚ. ਐੱਸ. ਫੂਲਕਾ ਸਮੇਤ ਕਈ ਸਿੱਖ ਆਗੂ ਤੇ ਪੀੜਤ ਪਰਿਵਾਰ ਸ਼ਾਮਿਲ ਹੋਏ। ਹਰਦੀਪ ਸਿੰਘ ਪੁਰੀ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1984 'ਚ ਸਿੱਖਾਂ ਵਿਰੁੱਧ ਹੋਈ ਹਿੰਸਾ ਕੋਈ ਅਚਾਨਕ ਭੜਕੇ ਦੰਗੇ ਨਹੀਂ ਸਨ ਬਲਕਿ ਇਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਕਤਲੇਆਮ ਤੇ ਮਨੁੱਖਤਾ ਖ਼ ?ਲਾਫ਼ ਅਪਰਾਧ ਸੀ। ਉਨ੍ਹਾਂ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਦਿੱਲੀ 'ਚ 2,733 ਸਿੱਖਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਜਾਣਬੁੱਝ ਕੇ 1 ਨਵੰਬਰ ਦਾ ਦਿਨ ਆਪਣੇ ਆਗੂ ਰਾਹੁਲ ਗਾਂਧੀ ਨੂੰ ਮੁੜ ਲਾਂਚ ਕਰਨ ਤੇ ਰੈਲੀ ਕਰਨ ਲਈ ਚੁਣਿਆ ਹੈ, ਜੋ ਕਿ 1984 ਦੇ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ਨੂੰ ਕੁਰੇਦਣ ਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੈ। ਮੁੱਖ ਮੰਤਰੀ ਰੇਖਾ ਗੁਪਤਾ, ਮੰਤਰੀ ਮਨਜਿੰਦਰ ਸਿੰਘ ਸਿਰਸਾ ਤੇ ਹੋਰ ਬੁਲਾਰਿਆਂ ਨੇ ਕਾਂਗਰਸ ਦੀ ਰੈਲੀ ਦੇ ਸਮੇਂ (ਟਾਈਮਿੰਗ) 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ 31 ਅਕਤੂਬਰ ਤੋਂ 3 ਨਵੰਬਰ ਦਾ ਸਮਾਂ ਸਿੱਖਾਂ ਦੇ ਜ਼ਖ਼ਮਾਂ ਨੂੰ ਯਾਦ ਕਰਨ ਦਾ ਦਿਨ ਹੈ, ਤੇ ਇਸੇ ਦਿਨ ਰੈਲੀ ਕਰਨਾ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਹੈ।

ਪੰਜਾਬ 'ਚ ਦੀਵਾਲੀ ਮਗਰੋਂ ਹੋ ਸਕਦੈ ਭਾਜਪਾ-ਅਕਾਲੀ ਦਲ ਗੱਠਜੋੜ ਦਾ ਐਲਾਨ; ਸੀਟਾਂ ਦੀ ਵੰਡ ਨੂੰ ਲੈ ਕੇ ਚਰਚਾ ਤੇਜ਼

ਭਾਜਪਾ ਦੇ ਹਿੱਸੇ ਆ ਸਕਦੀਆਂ ਹਨ 45 ਤੋਂ 50 ਸੀਟਾਂ; ਗੱਠਜੋੜ 'ਤੇ ਮੋਹਰ ਲਾਉਣ ਪ੍ਰਧਾਨ ਮੰਤਰੀ ਮੋਦੀ ਖ਼ੁਦ ਆ ਸਕਦੇ ਨੇ ਪੰਜਾਬ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦੀ ਸਰਕਾਰ ਬਣਨ ਬਾਰੇ ਲਗਾਤਾਰ ਦਿੱਤੇ ਗਏ ਜਨਤਕ ਬਿਆਨਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਸਿਆਸੀ ਸਮਝੌਤਾ ਸਿਰੇ ਚੜ੍ਹਨ ਦੇ ਠੋਸ ਸੰਕੇਤ ਮਿਲਣ ਲੱਗੇ ਹਨ। ਭਰੋਸੇਯੋਗ ਸੂਤਰਾਂ ਨੇ ਦੱਸਿਆ ਹੈ ਕਿ ਦੋਵਾਂ ਪੁਰਾਣੇ ਭਾਈਵਾਲਾਂ ਵਿਚਕਾਰ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਜਾਰੀ ਹੈ ਅਤੇ ਇਸ ਨੂੰ ਜਲਦ ਹੀ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ। ਸੂਤਰਾਂ ਮੁਤਾਬਕ ਇਸ ਗੱਠਜੋੜ ਦਾ ਰਸਮੀ ਐਲਾਨ ਦੀਵਾਲੀ ਤੋਂ ਬਾਅਦ ਕੀਤਾ ਜਾ ਸਕਦਾ ਹੈ।

ਸੀਟਾਂ ਦੀ ਸੰਭਾਵੀ ਵੰਡ ਬਾਰੇ ਪੁੱਛੇ ਜਾਣ 'ਤੇ ਸੂਤਰਾਂ ਨੇ ਸੰਕੇਤ ਦਿੱਤਾ ਕਿ ਗੱਲਬਾਤ ਤਹਿਤ ਭਾਜਪਾ ਦੇ ਹਿੱਸੇ 45 ਤੋਂ 50 ਸੀਟਾਂ ਆ ਸਕਦੀਆਂ ਹਨ, ਹਾਲਾਂਕਿ ਭਾਜਪਾ ਅਧਿਕਾਰਤ ਤੌਰ 'ਤੇ ਹਾਲੇ ਵੀ ਇਹੀ ਦਾਅਵਾ ਕਰ ਰਹੀ ਹੈ ਕਿ ਉਹ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਇਸ ਦੇ ਬਾਵਜੂਦ, ਪੰਜਾਬ ਵਿੱਚ ਐੱਨਡੀਏ ਸਰਕਾਰ ਬਣਾਉਣ ਬਾਰੇ ਅਮਿਤ ਸ਼ਾਹ ਦੇ ਵਾਰ-ਵਾਰ ਆ ਰਹੇ ਬਿਆਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਦੇ ਸਾਕਾਰਾਤਮਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇਕਲੌਤੀ ਅਜਿਹੀ ਧਿਰ ਰਹੀ ਹੈ ਜੋ ਲੰਮਾ ਸਮਾਂ ਐੱਨਡੀਏ ਦਾ ਹਿੱਸਾ ਰਹੀ, ਜਦੋਂ ਤੱਕ ਕਿ ਉਸ ਨੇ ਸਤੰਬਰ 2020 ਵਿੱਚ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਗੱਠਜੋੜ ਤੋਂ ਵੱਖ ਹੋਣ ਦਾ ਫ਼ੈਸਲਾ ਨਹੀਂ ਲਿਆ ਸੀ।

ਹਾਲਾਂਕਿ ਕੁਝ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਵੀ ਸੀ ਕਿ ਅਮਿਤ ਸ਼ਾਹ ਦੇ 'ਐੱਨਡੀਏ' ਦੇ ਹਵਾਲੇ ਵਿੱਚ ਅਕਾਲੀ ਦਲ ਪੁਨਰ-ਸੁਰਜੀਤ ਧੜਾ ਸ਼ਾਮਲ ਹੋ ਸਕਦਾ ਹੈ, ਪਰ ਮਾਮਲੇ ਦੀ ਡੂੰਘੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਹ ਬਾਗ਼ੀ ਧੜਾ ਅਜੇ ਚੋਣ ਕਮਿਸ਼ਨ ਕੋਲ ਰਜਿਸਟਰਡ ਜਥੇਬੰਦੀ ਨਹੀਂ ਹੈ ਅਤੇ ਨਾ ਹੀ ਇਸ ਕੋਲ ਕੋਈ ਚੋਣ ਨਿਸ਼ਾਨ ਹੈ। ਇਸ ਲਈ ਇਸ ਧੜੇ ਦੇ ਆਗੂਆਂ ਨੂੰ ਚੋਣ ਮੈਦਾਨ ਵਿੱਚ ਉਤਰਨ ਲਈ ਭਾਜਪਾ ਜਾਂ ਅਕਾਲੀ ਦਲ ਦੇ ਚੋਣ ਨਿਸ਼ਾਨ ਦੀ ਹੀ ਲੋੜ ਪਵੇਗੀ।

ਇਸ ਦੌਰਾਨ, ਅਕਾਲੀ ਦਲ ਅਤੇ ਭਾਜਪਾ ਦੇ ਮੁੜ ਇਕੱਠੇ ਹੋਣ ਬਾਰੇ ਪੁੱਛੇ ਜਾਣ 'ਤੇ ਇੱਕ ਸੀਨੀਅਰ ਭਾਜਪਾ ਆਗੂ ਨੇ ਪੁਸ਼ਟੀ ਕਰਦਿਆਂ ਕਿਹਾ, "ਗੱਠਜੋੜ ਨੂੰ ਲੈ ਕੇ ਹਾਂ-ਪੱਖੀ ਸੰਕੇਤ ਮਿਲ ਰਹੇ ਹਨ।" ਇਹ ਵੀ ਪਤਾ ਲੱਗਾ ਹੈ ਕਿ ਦੋਵਾਂ ਪਾਰਟੀਆਂ ਵਿਚਕਾਰ ਗੱਲਬਾਤ ਮੁਕੰਮਲ ਹੁੰਦਿਆਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਪੰਜਾਬ ਦੌਰੇ 'ਤੇ ਆ ਕੇ ਇਸ ਗੱਠਜੋੜ ਦਾ ਰਸਮੀ ਐਲਾਨ ਕਰ ਸਕਦੇ ਹਨ।

1984 ਦੇ ਸਿੱਖ ਕਤਲੇਆਮ ਦੀ ਵਰ੍ਹੇਗੰਢ 'ਤੇ ਰੈਲੀ ਕਰਕੇ ਕਾਂਗਰਸ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਛਿੜਕਿਆ ਲੂਣ : ਅਮਿਤ ਸ਼ਾਹ

ਕਿਹਾ, ਪੰਜਾਬ 'ਚ ਅਗਲੀਆਂ ਚੋਣਾਂ ਤੋਂ ਬਾਅਦ ਬਣੇਗੀ ਐਨ.ਡੀ.ਏ. ਦੀ ਸਰਕਾਰ



ਚੰਡੀਗੜ੍ਹ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 1984 ਦੇ ਸਿੱਖ ਕਤਲੇਆਮ ਦੀ ਵਰ੍ਹੇਗੰਢ ਮੌਕੇ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਕਾਂਗਰਸ ਵਲੋਂ ਕੀਤੀ ਗਈ ਰੈਲੀ ਨੂੰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਇਸ ਰਾਹੀਂ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ, ਇਸ ਦੇ ਬਾਵਜੂਦ ਕਾਂਗਰਸ ਨੇ ਇਸ ਦੁਖਦਾਈ ਘਟਨਾ ਦੀ ਵਰ੍ਹੇਗੰਢ ਵਾਲੇ ਦਿਨ ਰੈਲੀ ਕਰਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਆਪਣੀ ਚੰਡੀਗੜ੍ਹ ਫੇਰੀ ਦੌਰਾਨ ਸੈਕਟਰ-17 ਸਥਿਤ ਤਿਰੰਗਾ ਪਾਰਕ ਵਿਖੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ 1984 ਦੇ ਕਤਲੇਆਮ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ। ਉਨ੍ਹਾਂ ਦੇ ਪੁੱਤਰ ਰਾਹੁਲ ਗਾਂਧੀ ਨੇ ਉਸੇ ਕਤਲੇਆਮ ਦੀ ਵਰ੍ਹੇਗੰਢ ਮੌਕੇ ਰੈਲੀ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਭਾਜਪਾ ਵਲੋਂ ਪ੍ਰੈਸ ਕਾਨਫਰੰਸਾਂ ਅਤੇ ਪੱਤਰਾਂ ਰਾਹੀਂ ਕਾਂਗਰਸ ਨੂੰ ਰੈਲੀ ਦੀ ਤਰੀਕ ਬਦਲਣ ਦੀ ਅਪੀਲ ਕੀਤੀ ਗਈ ਸੀ, ਪਰ ਪਾਰਟੀ ਨੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਦੀਵਾਲੀ ਦੇ ਤਿਉਹਾਰ ਦੌਰਾਨ ਤਿੰਨ ਤੋਂ ਚਾਰ ਦਿਨਾਂ ਵਿਚ ਲਗਭਗ 25 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਹੁੰਦਾ ਹੈ। ਅਜਿਹੇ ਸਮੇਂ ਰੈਲੀ ਕਰਕੇ ਛੋਟੇ ਵਪਾਰੀਆਂ ਦੇ ਕਾਰੋਬਾਰ ਨੂੰ ਨੁਕਸਾਨ ਪਹੁੰਚਾਇਆ ਗਿਆ। ਉਨ੍ਹਾਂ ਦੱਸਿਆ ਕਿ ਵਪਾਰੀਆਂ ਨੇ ਤਿੰਨ ਪ੍ਰੈਸ ਕਾਨਫਰੰਸਾਂ ਰਾਹੀਂ ਆਪਣੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਸਨ, ਪਰ ਕਾਂਗਰਸ ਨੇ ਉਨ੍ਹਾਂ ਦੀ ਗੱਲ ਵੀ ਨਹੀਂ ਸੁਣੀ। ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਲਗਾਤਾਰ ਚੋਣਾਂ 'ਚ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਕਾਂਗਰਸ ਨੇ ਹੁਣ ਨਕਲੀ ਸੰਸਦ ਦਾ ਰਾਹ ਚੁਣ ਲਿਆ ਹੈ ਤੇ ਰਾਹੁਲ ਗਾਂਧੀ ਦੀ 'ਮੁਹੱਬਤ ਦੀ ਦੁਕਾਨ' ਤੋਂ ਲੋਕਾਂ ਨੂੰ ਸਿਰਫ਼ ਨਫ਼ਰਤ ਹੀ ਮਿਲ ਰਹੀ ਹੈ। ਸਮਾਗਮ ਵਿਚ ਪਹੁੰਚਣ 'ਤੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਕੇਂਦਰੀ ਗ੍ਰਹਿ ਮੰਤਰੀ ਦਾ ਸ਼ਾਲ ਅਤੇ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕਰਕੇ ਸਵਾਗਤ ਕੀਤਾ। ਇਹ ਸਨਮਾਨ ਚਿੰਨ੍ਹ ਚੰਡੀਗੜ੍ਹ ਦੇ ਆਰਟ ਕਾਲਜ ਦੇ ਵਿਦਿਆਰਥੀਆਂ ਵਲੋਂ ਤਿਆਰ ਕੀਤਾ ਗਿਆ ਸੀ। ਇਸ ਮੌਕੇ ਮੇਅਰ ਸੌਰਭ ਜੋਸ਼ੀ ਅਤੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੀ ਮੰਚ 'ਤੇ ਮੌਜੂਦ ਸਨ, ਜਦਕਿ ਚੰਡੀਗੜ੍ਹ ਦੇ ਮੁੱਖ ਸਕੱਤਰ ਐੱਚ. ਰਾਜੇਸ਼ ਪ੍ਰਸਾਦ ਨੇ ਸਵਾਗਤੀ ਭਾਸ਼ਣ ਦਿੱਤਾ।

ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼

ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(**ਲੜੀ**-23)


ਚੜ੍ਹਿਆ ਮਹੀਨਾ ਫ਼ੱਗਣ,
ਕਿ ਘੁੰਙਣੀਆਂ ਦਾ ਚੱਬਣ।
ਕਿ ਮੀਤੋ ਕੁੜੀਏ ਦਾਰੀਏ,
ਕਿ ਚੁੱਕ ਪਤੀਲੇ ਦਾ ਢੱਕਣ।
ਕਿ ਇਕੋ ਫ਼ੱਕਾ ਮਾਰੀਏ...
ਮਾਮੇ ਨੇ ਮਾਮੀ ਕੁੱਟੀ,
ਦੋ ਦਾਣਿਆਂ ਬਦਲੇ।
ਚਾਚੇ ਨੇ ਚਾਚੀ ਕੁੱਟੀ,
ਦੋ ਦਾਣਿਆਂ ਬਦਲੇ।
ਆਈਆਂ ਨੀ ਸੰਤੀਏ ਤੇਰੇ ਚਾਅ,
ਤੇੜ ਦੀ ਘੱਗਰੀ ਥੱਲੇ ਵਿਛਾ।
ਤੇੜ ਦੀ ਘੱਗਰੀ ਛੋਟੀ ਆ,
ਸੰਤੀ ਮਨ ਦੀ ਖੋਟੀ ਆ।
ਦੁੱਧ ਕੜ੍ਹੇਂਦਿਆ ਵੇ ਉੱਤੇ ਆਈ ਆ ਮਲਾਈ,

ਭਾਬੋ ਰਾਣੀਏ ਨੀ ਸਾਡੀ ਮੰਨ ਲਾ ਵਧਾਈ।
ਦੁੱਧ ਕੜੇਂਦਿਆ ਵੇ ਉੱਤੇ ਆਈ ਆ ਮਲਾਈ,
ਚਾਚੀ ਰਾਣੀਏਂ ਨੀ ਸਾਡੀ ਮੰਨ ਲਾ ਵਧਾਈ।
ਵਧਾਈਆਂ ਕਮਲਾ ਤੈਨੂੰ, ਵਧਾਈਆਂ ਲੈ।
ਜਣੇਂਦੇ ਨੂੰ ਬਣੇਂਦੇ ਨੂੰ, ਜੰਮਣ ਘੁੱਟੀ ਦੇਂਦੇ ਨੂੰ।
ਦਿਵਾਲੀ ਵਾਲੇ ਦਿਨ ਨੂੰ, ਵਸੋਏ ਵਾਲੀ ਰਾਤ ਨੂੰ।
ਜਿਨ ਰੱਖਿਆ ਕਮਲਾ ਨਾਂ, ਵਧਾਈਆਂ ਲੈ।
ਵਸੋਏ ਵਾਲੀ ਰਾਤ-ਵਿਸਾਖੀ ਵਾਲੀ ਰਾਤ

ਮੁੰਡੇ ਵਾਲੇ ਘਰ ਵਟਣਾ ਅਤੇ ਗੀਤ:

ਵਿਆਂਦੜ ਮੁੰਡੇ ਲਈ ਵੀ ਪਲਕਾ ਖੋਲ੍ਹਣ ਨੂੰ ਛੱਡ ਕੇ ਬਾਕੀ ਸਭ ਰਸਮਾਂ ਉਸੇ ਤਰ੍ਹਾਂ ਹੀ ਕੀਤੀਆਂ ਜਾਂਦੀਆਂ ਸਨ। ਪਹਿਲਾ ਮਾਈਆਂ ਸਵੇਰੇ ਲੱਗਦਾ ਸੀ ਅਤੇ ਦੂਜਾ ਮਾਈਆਂ ਦੂਜੇ ਦਿਨ ਸ਼ਾਮ ਨੂੰ ਨਾਨਕਿਆਂ ਵਲੋਂ ਲਗਾਇਆ ਜਾਂਦਾ ਸੀ। ਮੁੰਡੇ ਲਈ ਗਾਏ ਜਾਣ ਵਾਲੇ ਗੀਤਾਂ ਵਿਚਲੀ ਸ਼ਬਦਾਵਲੀ ਬਦਲ ਦਿੱਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ ਵੀ ਇਹ ਰਸਮ ਇਸ ਤਰ੍ਹਾਂ ਹੀ ਪ੍ਰਚੱਲਿਤ ਹੈ। ਪਰਦੇਸਾਂ ਵਿਚ ਜੇਕਰ ਨਾਨਕੇ ਕੋਲ ਨਾ ਹੋਣ ਤਾਂ ਇਹ ਮਾਈਆਂ ਕਿਸੇ ਨਜ਼ਦੀਕੀ ਦੋਸਤ ਦੇ ਘਰ ਵੀ ਲਗਾਇਆ ਜਾਂਦਾ ਹੈ।

ਵਾਹ! ਵਾਹ! ਕਟੋਰਾ ਵਟਣੇ ਦਾ।
ਜਿੰਦੜੀ ਕਟੋਰਾ ਵਟਣੇ ਦਾ।
ਵਾਹ! ਵਾਹ! ਮਲੇਂਦੀਆਂ ਦੋ ਜਣੀਆਂ।
ਜਿੰਦੜੀ ਮਲੇਂਦੀਆਂ ਦੋ ਜਣੀਆਂ।
ਵਾਹ ਵਾਹ ਕਟੋਰਾ ਵਟਣੇ ਦਾ,
ਜਿੰਦੜੀ ਕਟੋਰਾ ਵਟਣੇ ਦਾ।
ਗੋ-ਗੋ ਕਟੋਰਾ ਵਟਣੇ ਦਾ,
ਜਿੰਦੜੀ ਕਟੋਰਾ ਵਟਣੇ ਦਾ।
ਵਾਹ ਵਾਹ ਕਿ ਗੋ ਰਹੀਆਂ ਦੋ ਜਣੀਆਂ, ਜਿੰਦੜੀ ਕਿ ਗੋ ਰਹੀਆਂ ਦੋ ਜਣੀਆਂ।
ਵਾਹ ਵਾਹ ਮਲੇਂਦੀਆਂ ਦੋ ਜਣੀਆਂ, ਜਿੰਦੜੀ ਕਿ ਮਲੇਂਦੀਆਂ ਦੋ ਜਣੀਆਂ।
ਵਾਹ ਵਾਹ ਕਿ ਆਮ੍ਹੋ-ਸਾਮ੍ਹਣੀਆਂ,
ਜਿੰਦੜੀ ਕਿ ਆਮ੍ਹੋ-ਸਾਮ੍ਹਣੀਆਂ।
ਵਾਹ ਵਾਹ ਕਿ ਜੇਠ ਜਠਾਨੜੀਆਂ, ਜਿੰਦੜੀ ਕਿ ਜਠਾਨੜੀਆਂ,
ਵਾਹ ਵਾਹ ਕਿ ਦੇਰ ਦਰਾਨੜੀਆਂ, ਜਿੰਦੜੀ ਕਿ ਦੇਰ ਦਰਾਨੜੀਆਂ।
ਵਾਹ ਵਾਹ ਕਿ ਸਕੀਆਂ ਭੈਨੜੀਆਂ, ਜਿੰਦੜੀ ਕਿ ਸਕੀਆਂ ਭੈਨੜੀਆਂ।
ਵਾਹ ਵਾਹ ਕਿ ਮੁੱਠ ਕੁ ਵੰਡਾਂ ਦੀ, ਜਿੰਦੜੀ ਕਿ ਮੁੱਠ ਕੁ ਵੰਡਾਂ ਦੀ।
ਵਾਹ ਵਾਹ ਕਿ ਪ੍ਰੀਤੋ ਭੰਡਾਂ ਦੀ, ਜਿੰਦੜੀ ਕਿ ਪ੍ਰੀਤੋ ਭੰਡਾਂ ਦੀ।



ਵਾਹ ਵਾਹ ਕਿ ਮੁੱਠ ਕੁ ਦਾਨਿਆਂ ਦੀ, ਜਿੰਦੜੀ ਕਿ ਬਚਨੋ ਸਿਆਣਿਆਂ ਦੀ।
ਵਾਹ ਵਾਹ ਕਿ ਮੁੱਠ ਕੁ ਚੌਲਾਂ ਦੀ, ਜਿੰਦੜੀ ਕਿ ਮੁੱਠ ਕੁ ਚੌਲਾਂ ਦੀ।
ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ! ਵਾਹ! ਕਿ ਚਾਦਰ ਚਿੜੀਆਂ ਦੀ, ਜਿੰਦੜੀ ਕਿ ਚਾਦਰ ਚਿੜੀਆਂ ਦੀ।
ਵਾਹ! ਵਾਹ! ਕਿ ਰੌਣਕ ਕੁੜੀਆਂ ਦੀ, ਜਿੰਦੜੀ ਕਿ ਰੌਣਕ ਕੁੜੀਆਂ ਦੀ।
ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ,
ਮੇਰੇ ਹਰ ਜੀ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫ਼ੁੱਲਾਂ ਦਾ ਵਟਣਾ,
ਇਸ ਲਾੜੇ ਦੇ ਅੰਗ ਲਗਾਈਏ।
ਰਾ ਪੁਰ ਮਾਲਣ, ਰਾ ਪੁਰ ਤੇਲਣ,
ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ,
ਉਸ ਕੋਲੋਂ ਫ਼ੁੱਲ ਮੰਗਾਈਏ।
ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਨਾਨੀ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਮਾਂ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਮਾਸੀ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੂਆ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਦਾਦੀ ਸੁਹਾਗਣ ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੈਣ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।

ਇਸ ਤੋਂ ਬਾਅਦ ਮਾਂ ਵਿਆਂਦੜ ਮੁੰਡੇ ਦੇ ਮੂੰਹ ਵਿਚ ਘਿਓ-ਖੰਡ ਦੀਆਂ 7 ਬੁਰਕੀਆਂ (ਨਿਵਾਲੇ) ਪਾਉਂਦੀ ਸੀ। ਹੁਣ ਬੂੰਦੀ, ਲੱਡੂ ਜਾਂ ਬਰਫ਼ੀ ਖਿਲਾਈ ਜਾਂਦੀ ਹੈ। ਇਸ ਮੌਕੇ ਹਾਜ਼ਰ ਵਿਆਂਦੜ ਮੁੰਡੇ ਦੀਆਂ ਭਾਬੀਆਂ ਇਹ ਨਿਵਾਲੇ ਉਸਦੇ ਮੂੰਹ ਵਿੱਚ ਜਾਣ ਤੋਂ ਪਹਿਲਾਂ ਹੀ ਖੋਂਹਦੀਆਂ ਹਨ ਅਤੇ ਵਿਆਂਦੜ ਮੁੰਡਾ ਆਪਣਾ ਜ਼ੋਰ ਦਿਖਾਉਂਦਾ ਉਨ੍ਹਾਂ ਦੀਆਂ ਬਾਹਵਾਂ ਫੜ੍ਹਕੇ ਪੂਰੀ ਚਤੁਰਾਈ ਨਾਲ ਬੁਰਕੀ ਖਾਣ ਵਿੱਚ ਕਾਮਯਾਬ ਹੋ ਜਾਂਦਾ ਹੈ। ਮਾਂ ਵੀ ਦਿਓਰ-ਭਾਬੀਆਂ ਦੇ ਇਸ ਸ਼ੁਗਲ ਵਿਚ ਆਪਣੇ ਘੋੜੀ ਚੜ੍ਹਨ ਜਾ ਰਹੇ ਪੁੱਤ ਦਾ ਸਾਥ ਹੀ ਦਿੰਦੀ ਹੈ। ਬੁਰਕੀਆਂ ਖੋਂਹਦੇ ਵਕਤ ਇਹ ਰਸਮ ਬਹੁਤ ਰੌਚਿਕ ਹੋ ਜਾਂਦੀ ਹੈ। ਬੁਰਕੀਆਂ ਖੋਹਣ ਦਾ ਮੰਤਵ ਭਾਬੀਆਂ ਵਲੋਂ ਸਹੁਰੇ ਘਰ ਵਿਚ ਆਪਣੀ ਸਥਾਪਿਤ ਹੋਂਦ ਦਾ ਅਹਿਸਾਸ ਕਰਵਾਉਣਾ ਹੁੰਦਾ ਹੈ। ਸਹੁਰੇ ਘਰ ਵਿਚ ਦਰਾਣੀ ਤੋਂ ਪਹਿਲਾਂ ਆਪਣਾ ਹੱਕ ਜਤਾ ਕੇ ਦਿਉਰ ਨਾਲ ਹਾਸਾ-ਠੱਠਾ ਕਰਨਾ ਹੁੰਦਾ ਹੈ।

ਮਾਈਏਂ ਦੀ ਰਸਮ ਤੋਂ ਬਾਅਦ ਸਭ ਨੂੰ ਟਿੱਕੀਆਂ-ਘੁੰਙਣੀਆਂ ਆਦਿ ਦੇ ਕੇ ਤੋਰਿਆ ਜਾਂਦਾ ਸੀ। ਪਰਦੇਸਾਂ ਵਿਚ ਇਸ ਦੀ ਥਾਂ ਮਿਠਿਆਈਆਂ ਨੇ ਲੈ ਲਈ ਹੈ।

ਨਾਨਕਾ ਮੇਲ

ਹਰ ਮਨੁੱਖ ਦੀ ਜ਼ਿੰਦਗੀ ਵਿਚ ਨਾਨਕਿਆਂ ਦਾ ਵਿਸ਼ੇਸ਼ ਮਹੱਤਵ ਹੈ। ਦੁਨਿਆਵੀ ਰਿਸ਼ਤਿਆਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਖ਼ੂਨ ਦੇ ਰਿਸ਼ਤੇ ਅਤੇ ਮੂੰਹ-ਬੋਲੇ ਜਾਂ ਆਪ ਸਿਰਜੇ ਰਿਸ਼ਤੇ। ਨਾਨਕਿਆਂ ਦਾ ਰਿਸ਼ਤਾ ਉਹ ਰਿਸ਼ਤਾ ਹੈ, ਜੋ ਬੱਚੇ ਦੇ ਜਨਮ ਤੋਂ ਹੀ ਉਸ ਦੀ ਜ਼ਿੰਦਗੀ ਵਿਚ ਆਪਣੀ ਭੂਮਿਕਾ ਨਿਭਾਉਣਾ ਸ਼ੁਰੂ ਕਰ ਦਿੰਦਾ ਹੈ।

(ਚਲਦਾ)

'ਆਪ' ਇੱਕ ਡੁੱਬਦਾ ਜਹਾਜ਼; ਭਵਿੱਖ ਵਿੱਚ ਹੋਰ ਆਗੂ ਵੀ ਛੱਡਣਗੇ ਪਾਰਟੀ: ਪਰਗਟ ਸਿੰਘ

ਚੰਡੀਗੜ੍ਹ : ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਦੇ ਭਾਜਪਾ (BJP) ਵਿੱਚ ਸ਼ਾਮਲ ਹੋਣ ਤੋਂ ਬਾਅਦ, ਪੰਜਾਬ ਕਾਂਗਰਸ ਨੇ ਸੋਮਵਾਰ ਨੂੰ ਸੱਤਾਧਾਰੀ ਪਾਰਟੀ ਨੂੰ ਇੱਕ "ਡੁੱਬਦਾ ਹੋਇਆ ਜਹਾਜ਼" ਕਰਾਰ ਦਿੱਤਾ ਹੈ। ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ 'ਆਪ' ਦੇ ਹੋਰ ਆਗੂ ਵੀ ਪਾਰਟੀ ਛੱਡ ਦੇਣਗੇ।



ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ 'ਆਪ' ਦੀ ਤੁਲਨਾ "ਰੇਤ ਦੀ ਕੰਧ" ਨਾਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਜਿਵੇਂ ਹੀ ਇਸ ਕੰਧ ਦੀਆਂ ਕੁਝ ਇੱਟਾਂ ਢਿੱਲੀਆਂ ਹੋਣਗੀਆਂ, ਪੂਰੀ ਕੰਧ ਢਹਿ-ਢੇਰੀ ਹੋ ਜਾਵੇਗੀ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੂੰ ਸੋਮਵਾਰ ਉਸ ਵੇਲੇ ਵੱਡਾ ਝਟਕਾ ਲੱਗਾ, ਜਦੋਂ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ, ਸਨੌਰ ਤੋਂ ਵਿਧਾਇਕ ਪਠਾਣਮਾਜਰਾ ਅਤੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਿੱਲੀ ਵਿਖੇ ਭਾਜਪਾ ਵਿੱਚ ਸ਼ਾਮਲ ਹੋ ਗਏ। ਇਹ ਘਟਨਾਕ੍ਰਮ ਉਦੋਂ ਵਾਪਰਿਆ ਹੈ, ਜਦੋਂ ਕੁਝ ਦਿਨ ਪਹਿਲਾਂ ਹੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ 40 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਪੰਜਾਬ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਮਾਈਨਿੰਗ (Mining) ਅਤੇ ਹੋਰ ਸਰਗਰਮੀਆਂ ਨੂੰ ਲੈ ਕੇ ਸਵਾਲਾਂ ਦੇ ਘੇਰੇ ਵਿੱਚ ਆਏ ਆਗੂ ਹੁਣ ਭਾਜਪਾ ਵੱਲ ਜਾ ਰਹੇ ਹਨ। ਪਰਗਟ ਸਿੰਘ ਨੇ ਕਿਹਾ, 'ਜਿਹੜੇ ਲੋਕ ਸੱਤਾ ਵਿੱਚ ਰਹਿੰਦਿਆਂ ਲਗਪਗ ਪੰਜ ਸਾਲ ਤੱਕ ਪੰਜਾਬ ਦੇ ਮੁੱਦਿਆਂ 'ਤੇ ਚੁੱਪ ਰਹੇ, ਉਹ ਸਿਰਫ਼ ਸਿਆਸੀ ਪਾਰਟੀ ਬਦਲ ਕੇ ਆਪਣੀ ਜਵਾਬਦੇਹੀ ਤੋਂ ਬਚ ਨਹੀਂ ਸਕਦੇ।' ਉਨ੍ਹਾਂ ਦੋਸ਼ ਲਾਇਆ ਕਿ 'ਆਪ' ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਆਪਣਾ 'ਪੋਸਟਰ ਬੁਆਏ' ਤਾਂ ਬਣਾਇਆ, ਪਰ ਉਨ੍ਹਾਂ ਨੂੰ ਖੁੱਲ੍ਹ ਕੇ ਬੋਲਣ ਜਾਂ ਕੰਮ ਕਰਨ ਦੀ ਛੋਟ ਨਹੀਂ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਨੇ ਪੰਜਾਬ ਵਿੱਚ ਆਪਣਾ 'ਦਿੱਲੀ ਮਾਡਲ' ਲਾਗੂ ਕੀਤਾ, ਜਿਸ ਵਿੱਚ ਪੰਜਾਬੀਆਂ ਦੇ 'ਸਵੈ-ਮਾਣ' ਅਤੇ ਉਨ੍ਹਾਂ ਦੀ ਸਿਆਸੀ ਲੀਡਰਸ਼ਿਪ ਨੂੰ ਅਣਗੌਲਿਆ ਕਰ ਦਿੱਤਾ ਗਿਆ ਅਤੇ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ।

ਤਿੰਨ 'ਆਪ' ਵਿਧਾਇਕਾਂ ਨੇ ਭਾਜਪਾ ਦਾ ਪੱਲਾ ਫੜਿਆ

ਹਰਮੀਤ ਪਠਾਨਮਾਜਰਾ ਤੇ ਕੁੰਵਰ ਵਿਜੈ ਪ੍ਰਤਾਪ ਦਾ ਅਸਤੀਫ਼ਾ ਪ੍ਰਵਾਨ; 'ਆਪ' ਸਰਕਾਰ ਨੇ ਪੰਜਾਬ ਨੂੰ ਦਲਦਲ 'ਚ ਧੱਕਿਆ: ਪਠਾਨਮਾਜਰਾ; ਪੰਜਾਬ ਨੂੰ ਸਥਿਰ ਕਰਨ ਲਈ 'ਡਬਲ ਇੰਜਣ' ਸਰਕਾਰ ਦੀ ਲੋੜ: ਜੌੜਾਮਾਜਰਾ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ ਤਿੰਨ ਵਿਧਾਇਕਾਂ ਨੇ ਪਾਰਟੀ ਨਾਲ ਤੋੜ ਵਿਛੋੜੇ ਮਗਰੋਂ ਅੱਜ ਭਾਜਪਾ ਦਾ ਪੱਲਾ ਫੜ ਲਿਆ ਹੈ। ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਅਤੇ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਨਵੀਂ ਦਿੱਲੀ ਵਿੱਚ ਰਸਮੀ ਤੌਰ 'ਤੇ ਭਾਜਪਾ 'ਚ ਸ਼ਾਮਲ ਹੋ ਗਏ। ਇਸ ਮੌਕੇ ਪੰਜਾਬ ਭਾਜਪਾ ਦੇ ਇੰਚਾਰਜ ਸਤੀਸ਼ ਪੂਨੀਆ, ਸਹਿ ਇੰਚਾਰਜ ਵੀਰੇਂਦਰ ਸਚਦੇਵਾ ਅਤੇ ਸੂਬਾਈ ਪ੍ਰਧਾਨ ਕੇਵਲ ਸਿੰਘ ਢਿੱਲੋਂ ਭਾਜਪਾ ਹੈੱਡਕੁਆਰਟਰ ਉੱਤੇ ਮੌਜੂਦ ਸਨ। ਭਾਜਪਾ ਆਗੂਆਂ ਨੇ ਇਨ੍ਹਾਂ ਵਿਧਾਇਕਾਂ ਦਾ ਗੁਲਦਸਤੇ ਭੇਟ ਕਰ ਕੇ ਪਾਰਟੀ 'ਚ ਸਵਾਗਤ ਕੀਤਾ। ਇਸ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਵਿਧਾਇਕੀ ਤੋਂ ਅਸਤੀਫ਼ਾ ਦੇ ਦਿੱਤਾ ਸੀ; ਹਾਲਾਂਕਿ ਪਾਰਟੀ ਨੇ ਉਨ੍ਹਾਂ ਨੂੰ ਪਿਛਲੇ ਸਾਲ 29 ਜੂਨ ਨੂੰ ਮੁਅੱਤਲ ਕਰ ਦਿੱਤਾ ਸੀ।



ਵਿਧਾਇਕ ਪਠਾਨਮਾਜਰਾ ਨੇ ਪਾਰਟੀ ਅਤੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦਿੱਤਾ ਹੈ ਜਦੋਂ ਕਿ ਜੌੜਾਮਾਜਰਾ ਨੇ ਐਤਵਾਰ ਨੂੰ 'ਆਪ' ਦੀ ਮੁੱਢਲੀ ਮੈਂਬਰਸ਼ਿਪ ਤਿਆਗ ਦਿੱਤੀ ਸੀ। ਬਸੰਤੀ ਪੱਗਾਂ ਬੰਨ੍ਹਣ ਵਾਲੇ ਵਿਧਾਇਕ ਜੌੜਾਮਾਜਰਾ ਤੇ ਪਠਾਨਮਾਜਰਾ ਅੱਜ ਭਗਵੇਂ ਰੰਗ ਦੀਆਂ ਪੱਗਾਂ ਬੰਨ੍ਹ ਕੇ ਭਾਜਪਾ ਦਫ਼ਤਰ ਪੁੱਜੇ। ਪਠਾਨਮਾਜਰਾ ਨੇ ਭਾਜਪਾ ਦਾ ਲੜ ਫੜਨ ਮਗਰੋਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਨੂੰ ਦਲਦਲ 'ਚ ਧੱਕ ਦਿੱਤਾ ਹੈ ਜਦੋਂ ਕਿ ਉਹ 'ਉੱਭਰਦਾ ਪੰਜਾਬ' ਦੇਖਣਾ ਚਾਹੁੰਦੇ ਹਨ। ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਨੂੰ ਸਥਿਰ ਕਰਨ ਲਈ 'ਡਬਲ ਇੰਜਣ' ਸਰਕਾਰ ਨੂੰ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਪੰਜਾਬ 'ਚ ਗ਼ੈਰ-ਕਾਨੂੰਨੀ ਖਣਨ ਤੇ ਹੋਰ ਘਪਲਿਆਂ ਦੀ ਗੱਲ ਕੀਤੀ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪੰਜਾਬ ਦੇ ਮਾੜੇ ਹਾਲਾਤ 'ਤੇ ਉਂਗਲ ਰੱਖੀ। 'ਆਪ' ਨੇ ਹਲਕਾ ਸਮਾਣਾ ਤੇ ਸਨੌਰ ਤੋਂ ਕ੍ਰਮਵਾਰ ਸੁਰਜੀਤ ਸਿੰਘ ਰੱਖੜਾ ਤੇ ਰਣਜੋਧ ਸਿੰਘ ਹਡਾਣਾ ਨੂੰ ਨਵਾਂ ਇੰਚਾਰਜ ਲਗਾਇਆ ਸੀ, ਜਿਸ ਤੋਂ ਪਠਾਣਮਾਜਰਾ ਤੇ ਜੌੜਾਮਾਜਰਾ ਨਾਰਾਜ਼ ਸਨ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅਸਤੀਫ਼ਾ ਦੇਣ ਮੌਕੇ ਆਪਣੇ ਹਲਕੇ ਦੇ ਵੋਟਰਾਂ ਕੋਲ ਆਪਣਾ ਰਿਪੋਰਟ ਕਾਰਡ ਵੀ ਪੇਸ਼ ਕੀਤਾ। ਪੰਜਾਬ ਚੋਣਾਂ ਤੋਂ ਪਹਿਲਾਂ 'ਆਪ' ਛੱਡਣ ਵਾਲੇ ਵਿਧਾਇਕਾਂ ਦੀ ਗਿਣਤੀ ਹੁਣ ਚਾਰ ਹੋ ਗਈ ਹੈ। ਲੋਕ ਸਭਾ ਚੋਣਾ 2024 ਤੋਂ ਪਹਿਲਾਂ ਜਲੰਧਰ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਨੇ ਵੀ ਅਸਤੀਫ਼ਾ ਦੇ ਦਿੱਤਾ ਸੀ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

LAW OFFICES OF EMMANUEL ENYINWA

ESQ, Abogado

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



ਗੁਰਦੁਆਰਾ ਸੇਵਾਦਾਰਾਂ ਅਤੇ ਸਿੱਖ ਭਾਈਚਾਰੇ ਲਈ ਖ਼ਾਲਸਾ ਕਾਲਜ ਆਫ਼ ਅਮਰੀਕਾ ਵੱਲੋਂ ਮੁਫ਼ਤ ਅੰਗਰੇਜ਼ੀ ਸਿੱਖਿਆ ਦੀ ਇਤਿਹਾਸਕ ਪਹਿਲਕਦਮੀ

ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਪੀੜ੍ਹੀਆਂ ਦਰਮਿਆਨ ਤਾਲਮੇਲ ਵਧਾਉਣ ਲਈ ਜਨਵਰੀ 2027 ਤੋਂ ਸ਼ੁਰੂ ਹੋਣਗੀਆਂ ਵਿਸ਼ੇਸ਼ ਕਲਾਸਾਂ

ਅਮਰੀਕਾ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਪ੍ਰਬੰਧ ਨੂੰ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਹੋਰ ਸਮਰੱਥ ਬਣਾਉਣ ਵੱਲ ਇੱਕ ਵੱਡੀ ਅਤੇ ਦੂਰਅੰਦੇਸ਼ੀ ਪਹਿਲਕਦਮੀ ਕੀਤੀ ਗਈ ਹੈ। ਖ਼ਾਲਸਾ ਕਾਲਜ ਆਫ਼ ਅਮਰੀਕਾ ਦੇ ਪ੍ਰਧਾਨ ਡਾ. ਗੁਰਿੰਦਰ ਸਿੰਘ ਗਰੇਵਾਲ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਜਨਵਰੀ 2027 ਤੋਂ ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਲਈ 'ਅੰਗਰੇਜ਼ੀ ਐਜ਼ ਏ ਸੈਕਿੰਡ ਲੈਂਗੂਏਜ' (ESL) ਦਾ ਬਿਲਕੁਲ ਮੁਫ਼ਤ ਬਾਲਗ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਇਤਿਹਾਸਕ ਪ੍ਰੋਗਰਾਮ ਦਾ ਮੁੱਖ ਉਦੇਸ਼ ਸੇਵਾਦਾਰਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨਾ ਹੈ, ਤਾਂ ਜੋ ਉਹ ਨਵੀਂ ਪੀੜ੍ਹੀ ਨਾਲ ਬਿਹਤਰ ਢੰਗ ਨਾਲ ਗੱਲਬਾਤ ਕਰ ਸਕਣ, ਗ਼ੈਰ-ਸਿੱਖਾਂ ਨੂੰ ਗੁਰਮਤਿ ਤੇ ਸਿੱਖ ਸਿਧਾਂਤਾਂ ਬਾਰੇ ਜਾਣੂ ਕਰਵਾ ਸਕਣ ਅਤੇ ਅੰਗਰੇਜ਼ੀ ਸਾਹਿਤ ਨੂੰ ਆਸਾਨੀ ਨਾਲ ਪੜ੍ਹ ਤੇ ਸਮਝ ਸਕਣ।



ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਪ੍ਰਬੰਧਕੀ ਵੇਰਵੇ:

ਸੇਵਾਦਾਰਾਂ ਲਈ ਲਚਕਦਾਰ ਸਮਾਂ: ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਲਾਸਾਂ ਹਫ਼ਤੇ ਦੇ ਵਿਚਕਾਰਲੇ ਦਿਨਾਂ ਵਿੱਚ ਲਗਾਈਆਂ ਜਾਣਗੀਆਂ। ਹਰੇਕ ਕਲਾਸ ਲਗਭਗ ਦੋ ਘੰਟਿਆਂ ਦੀ ਹੋਵੇਗੀ ਅਤੇ ਸਮੈਸਟਰ ਪੂਰਾ ਕਰਨ 'ਤੇ ਸਿਖਿਆਰਥੀਆਂ ਨੂੰ ਦੋ ਕ੍ਰੈਡਿਟ ਪ੍ਰਦਾਨ ਕੀਤੇ ਜਾਣਗੇ।

ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੋਂ ਸਹਿਯੋਗ ਦੀ ਮੰਗ: ਕਾਲਜ ਪ੍ਰਸ਼ਾਸਨ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੱਕ ਢੁਕਵਾਂ ਕਮਰਾ, ਇੰਟਰਨੈੱਟ ਕੁਨੈਕਸ਼ਨ ਨਾਲ ਜੁੜਿਆ ਲੈਪਟਾਪ ਤੇ ਟੀਵੀ/ਪ੍ਰੋਜੈਕਟਰ ਅਤੇ ਗੂਗਲ ਮੀਟ (Google Meet) ਰਾਹੀਂ ਆਨਲਾਈਨ ਕਲਾਸ ਨਾਲ ਜੋੜਨ ਲਈ ਇੱਕ ਵਲੰਟੀਅਰ ਮੁਹੱਈਆ ਕਰਵਾਉਣ।

ਟਰੱਕ ਡਰਾਈਵਰਾਂ ਅਤੇ ਆਮ ਭਾਈਚਾਰੇ ਲਈ ਵਿਸ਼ੇਸ਼ ਮੌਕਾ: ਗੁਰਦੁਆਰਾ ਸੇਵਾਦਾਰਾਂ ਤੋਂ ਇਲਾਵਾ, ਭਾਈਚਾਰੇ ਦੇ ਹੋਰਨਾਂ ਮੈਂਬਰਾਂ—ਖ਼ਾਸ ਕਰਕੇ ਟਰੱਕ ਡਰਾਈਵਰਾਂ ਅਤੇ ਅੰਗਰੇਜ਼ੀ ਬੋਲਣ ਵਿੱਚ ਮੁਸ਼ਕਲ ਝੱਲ ਰਹੇ ਲੋਕਾਂ—ਲਈ ਸ਼ਨੀਵਾਰ ਸਵੇਰੇ ਮਾਤਰ 30 ਡਾਲਰ ਦੀ ਨਿਗੂਣੀ ਫੀਸ 'ਤੇ ਅੰਗਰੇਜ਼ੀ ਕਲਾਸਾਂ ਚਲਾਈਆਂ ਜਾਣਗੀਆਂ। ਇਹ ਸਿਖਿਆਰਥੀ ਗੁਰਦੁਆਰਾ ਸਾਹਿਬ ਜਾਂ ਆਪਸੀ ਸਹਿਮਤੀ ਨਾਲ ਕਿਸੇ ਦੇ ਘਰ ਇਕੱਠੇ ਹੋ ਕੇ ਕਲਾਸਾਂ ਵਿੱਚ ਸ਼ਾਮਲ ਹੋ ਸਕਦੇ ਹਨ।



ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਿਆ ਅਤੇ ਸੇਵਾ ਦੇ ਇਸ ਸੁਮੇਲ ਰਾਹੀਂ ਪੀੜ੍ਹੀਆਂ ਦਰਮਿਆਨ ਪਾੜੇ ਨੂੰ ਮਿਟਾਇਆ ਜਾ ਸਕਦਾ ਹੈ ਅਤੇ ਸਾਡੀਆਂ ਧਾਰਮਿਕ ਸੰਸਥਾਵਾਂ ਸਿੱਖ ਕੌਮ ਦੀ ਹੋਰ ਵੀ ਸੁਚੱਜੇ ਢੰਗ ਨਾਲ ਸੇਵਾ ਕਰਨ ਦੇ ਯੋਗ ਹੋਣਗੀਆਂ।

ਇਸ ਪ੍ਰੋਗਰਾਮ ਸੰਬੰਧੀ ਵਧੇਰੇ ਜਾਣਕਾਰੀ ਜਾਂ ਰਜਿਸਟ੍ਰੇਸ਼ਨ ਲਈ

ਡਾ. ਗੁਰਿੰਦਰ ਸਿੰਘ ਗਰੇਵਾਲ (MD)

ਨਾਲ ਫ਼ੋਨ ਨੰਬਰ 209-321-3771 ਜਾਂ

ਈਮੇਲ gurindersgrewal@hotmail.com 'ਤੇ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

ਸਿੱਖ ਨਸਲਕੁਸ਼ੀ-1984 ਖ਼ਿਲਾਫ਼ ਕੈਨੇਡਾ ਤੋਂ ਸ਼ੁਰੂ ਹੋਈ ਖ਼ੂਨਦਾਨ ਮੁਹਿੰਮ ਦੀ ਸੰਸਾਰ ਪੱਧਰ 'ਤੇ ਦੇਣ





ਸਿੱਖ ਕੌਮ ਵੱਲੋਂ ਨਵੰਬਰ ਮਹੀਨੇ ਦੁਨੀਆ ਭਰ ਵਿੱਚ ਸਿੱਖ ਨਸਲਕੁਸ਼ੀ-1984 ਖਿਲਾਫ਼ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟਾਵੇ ਕੀਤੇ ਜਾਂਦੇ ਹਨ। ਕੈਨੇਡਾ ਵਸਦੇ ਸਿੱਖਾਂ ਵੱਲੋਂ ਸਿੱਖ ਨਸਲਕੁਸ਼ੀ 1984 ਖ਼ਿਲਾਫ਼ ਖ਼ੂਨਦਾਨ ਮੁਹਿੰਮ ਰਾਹੀਂ ਜਾਗਰੂਕਤਾ ਫੈਲਾਈ ਜਾਂਦੀ ਹੈ। ਇਹਨੀਂ ਦਿਨੀਂ ਹਰ ਸਾਲ ਕੈਨੇਡਾ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ, ਲੋਕਾਂ ਦੀਆਂ ਜਾਨਾਂ ਬਚਾਉਂਦੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ।

ਸਿੱਖ ਨਸਲਕੁਸ਼ੀ-1984 ਦੇ ਜਬਰ ਨੂੰ ਯਾਦ ਕਰਦਿਆਂ ਕੈਨੇਡਾ ਵਿਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ, 28ਵੇਂ ਵਰ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਚੁੱਕੀ ਹੈ। ਇਸ ਮੁਹਿੰਮ ਨਾਲ ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਰਾਹੀਂ ਲੱਖਾਂ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ! ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ ਪਹਿਲੇ 25 ਸਾਲਾਂ ਵਿੱਚ 2 ਲੱਖ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਜ਼ ਲੇਕ, ਸਸਕੈਚਵਿਨ, ਵਿਕਟੋਰੀਆ ਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ, ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ। ਸੰਸਾਰ ਪੱਧਰ 'ਤੇ ਸਿੱਖਾਂ ਦਾ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 42 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਬਚਨ ;

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਭਾਵ 'ਨਾ ਡਰਨ ਅਤੇ ਨਾ ਡਰਾਉਣ ਅਤੇ ਜ਼ੁਲਮ ਖਿਲਾਫ਼ ਤੇ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਨੂੰ ਅੱਜ ਸੰਸਾਰ ਭਰ ਵਿੱਚ ਸਿੱਖ ਕੌਮ, ਖ਼ੂਨਦਾਨ ਰਾਹੀਂ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ



ਮੈਨੀਫੈਸਟੋ ਬਣਾ ਰਹੀ ਹੈ। ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ, ਕੇਵਲ ਸਿੱਖਾਂ ਲਈ ਇਨਸਾਫ਼ ਦਾ ਮੁੱਦਾ ਨਹੀਂ, ਬਲਕਿ ਦੁਨੀਆ ਭਰ ਵਿੱਚ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ, ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦਾ ਪ੍ਰਤੀਕ ਹੈ। ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਅੱਤਿਆਚਾਰ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।

ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਇਸ ਮੁਹਿੰਮ ਦੇ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦਾਨ ਕਰਕੇ ਜਾਨਾਂ ਬਚਾਉਣ ਵਿੱਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ, ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘੱਨੀਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਵੀ ਹੋਰਨਾਂ ਕੌਮਾਂ ਤੱਕ ਪਹੁੰਚਾਇਆ ਹੈ।

ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ, ਰੰਗ-ਨਸਲ ਤੇ ਜਾਤ-ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ, ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ। ਕੈਨੇਡਾ ਦੇ ਕਈ ਹਾਈਵੇਅ ਅਤੇ ਕੌਮੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ।ਬੇਗੁਨਾਹਾਂ ਦਾ ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦਾ ਸਾਹਮਣਾ ਕਰਨ ਵਾਲੇ ਸਿੱਖ, ਅੱਜ ਵੀ ਜਦੋਂ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ। ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ



ਸਮਰਪਿਤ ਕਾਰਜਾਂ ਦੀ ਸੂਚੀ 'ਚ, ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਸਯੰਕਤ ਰਾਸ਼ਟਰ 'ਚ ਜਦੋਂ ਕਿਤੇ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰਦੀ ਹੈ, ਤਾਂ ਉਦੋਂ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲੀ ਇੰਡੀਅਨ ਸਟੇਟ ਦੇ ਸ਼ੈਤਾਨੀ ਚਿਹਰੇ ਵੀ ਨੰਗੇ ਹੁੰਦੇ ਹਨ ਅਤੇ 42 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਦੀ ਅਸਲੀਅਤ ਵੀ ਜ਼ਾਹਰ ਹੁੰਦੀ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ। ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ, ਸਿੱਖ ਕੌਮ ਦੀ 'ਸਰਬੱਤ ਦੇ ਭਲੇ ਦੀ ਅਰਦਾਸ' ਦੇ ਭਾਵ ਅਰਥ ਕੌਮਾਂਤਰੀ ਮੰਚ 'ਤੇ ਉਜਾਗਰ ਹੋ ਕਰ ਹਨ।

ਅੰਤ ਵਿੱਚ ਮੈਂ ਇਹ ਲਿਖਤ ਸਿੱਖ ਕੌਮ ਦੇ ਖ਼ੂਨਦਾਨ ਮੁਹਿੰਮ ਦੇ ਮਹਾਨ ਸੇਵਾਦਾਰ ਭਾਈ ਸੁਨੀਲ ਕੁਮਾਰ ਜੀ ਦੇ ਸ਼ਬਦਾਂ ਨਾਲ ਸਮਾਪਤ ਕਰਦਾ ਹਾਂ, ਜੋ ਇਸ ਵਰ੍ਹੇ ਸਰੀਰਕ ਤੌਰ ਤੇ ਚਾਹੇ ਸਾਨੂੰ ਵਿਛੋੜਾ ਦੇ ਗਏ, ਪਰ ਪ੍ਰੇਰਨਾ ਰੂਪ ਵਿੱਚ ਸਦਾ ਹੀ ਸਾਡੇ ਨਾਲ ਹਨ। ਭਾਈ ਸੁਨੀਲ ਕੁਮਾਰ ਸਦਾ ਹੀ ਇਉਂ ਸੱਦਾ ਦਿੰਦੇ ਸਨ 'ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।'

1984riots ਦੀ ਬਰਸੀ ਮੌਕੇ ਭਾਜਪਾ ਵੱਲੋਂ ਮਾਰਚ

ਰਾਹੁਲ ਗਾਂਧੀ ਨੂੰ ਮੁਆਫ਼ੀ ਮੰਗਣ ਲਈ ਕਿਹਾ; ਕਾਂਗਰਸ ਦੀ ਰੈਲੀ ਦੇ ਸਮੇਂ 'ਤੇ ਸਵਾਲ ਚੁੱਕੇ

ਨਵੀਂ ਦਿੱਲੀ : ਭਾਜਪਾ ਨੇ ਪੱਛਮੀ ਦਿੱਲੀ ਦੇ ਹਰੀ ਨਗਰ ਵਿੱਚ ਰੋਸ ਮਾਰਚ ਕਰ ਕੇ 1984 ਦੇ ਸਿੱਖ-ਵਿਰੋਧੀ ਕਤਲੇਆਮ ਲਈ ਕਾਂਗਰਸ ਅਤੇ ਇਸ ਦੇ ਆਗੂ ਰਾਹੁਲ ਗਾਂਧੀ ਤੋਂ ਮੁਆਫ਼ੀ ਦੀ ਮੰਗ ਕੀਤੀ। ਰੋਸ ਮਾਰਚ ਦੀ ਅਗਵਾਈ ਕਰਦਿਆਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ 1984 'ਚ ਸਿੱਖਾਂ ਵਿਰੁੱਧ ਹੋਈ ਹਿੰਸਾ 'ਸੋਚੀ-ਸਮਝੀ' ਸਾਜ਼ਿਸ਼ ਤਹਿਤ ਕੀਤਾ ਗਿਆ ਕਤਲੇਆਮ ਸੀ, ਨਾ ਕਿ ਕੋਈ ਦੰਗਾ ਜਾਂ ਅਚਾਨਕ ਵਾਪਰੀ ਘਟਨਾ ਸੀ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਭਾਜਪਾ ਦੇ ਸੂਬਾ ਪ੍ਰਧਾਨ ਹਰਸ਼ ਮਲਹੋਤਰਾ, ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਆਗੂਆਂ ਨੇ ਵੀ ਇਸ ਰੋਸ ਮਾਰਚ ਵਿੱਚ ਹਿੱਸਾ ਲਿਆ।

ਸਿੱਖਾਂ ਦੀ ਬਹੁਗਿਣਤੀ ਵਾਲੇ ਇਲਾਕੇ ਹਰੀ ਨਗਰ ਤੋਂ ਤਿਲਕ ਨਗਰ ਇਲਾਕਿਆਂ ਵੱਲ ਮਾਰਚ ਕਰ ਰਹੇ ਵਿਖਾਵਾਕਾਰੀਆਂ ਨੇ ਕਾਂਗਰਸ ਅਤੇ ਰਾਹੁਲ ਗਾਂਧੀ ਵਿਰੁੱਧ ਨਾਅਰੇ ਮਾਰੇ ਅਤੇ 1984 ਵਿੱਚ ਸਿੱਖਾਂ ਦੇ ਕਤਲੇਆਮ ਲਈ ਉਨ੍ਹਾਂ ਵੱਲੋਂ ਮੁਆਫ਼ੀ ਮੰਗੇ ਜਾਣ ਦੀ ਮੰਗ ਕੀਤੀ। ਮਾਰਚ ਤੋਂ ਪਹਿਲਾਂ ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਪੁਰੀ ਨੇ ਯਾਦ ਕੀਤਾ ਕਿ ਉਹ 1984 ਵਿੱਚ ਜਨੇਵਾ ਵਿੱਚ ਸਨ ਜਦੋਂ ਹਿੰਸਾ ਸ਼ੁਰੂ ਹੋਈ ਸੀ ਅਤੇ ਕਿਵੇਂ ਉਨ੍ਹਾਂ ਦੇ ਹਿੰਦੂ ਦੋਸਤਾਂ ਨੇ ਦਿੱਲੀ ਵਿੱਚ ਰਹਿ ਰਹੇ ਉਸ ਦੇ ਮਾਪਿਆਂ ਦੀ ਰਾਖੀ ਕੀਤੀ ਸੀ।

ਦਿੱਲੀ ਦੀ ਮੁੱਖ ਮੰਤਰੀ ਗੁਪਤਾ ਨੇ ਯਾਦ ਕੀਤਾ ਕਿ ਕਿਵੇਂ ਹਿੰਸਾ ਦੌਰਾਨ ਇੱਕ ਸਿੱਖ ਗੁਆਂਢੀ ਨੇ ਉਨ੍ਹਾਂ ਦੇ ਮਾਪਿਆਂ ਦੇ ਘਰ ਪਨਾਹ ਲਈ ਸੀ। ਇਸ ਹਿੰਸਾ ਕਾਰਨ ਲੱਖਾਂ ਸਿੱਖਾਂ ਨੂੰ ਆਪਣੀ ਜਾਨ ਬਚਾਉਣ ਲਈ ਕੇਸ ਕਟਵਾਉਣ ਲਈ ਮਜਬੂਰ ਹੋਣਾ ਪਿਆ ਸੀ। ਮਾਰਚ ਨੂੰ ਮਨਜਿੰਦਰ ਸਿੰਘ ਸਿਰਸਾ ਨੇ ਵੀ ਸੰਬੋਧਨ ਕੀਤਾ। ਮੁਜ਼ਾਹਰੇ ਵਿੱਚ ਸ਼ਾਮਲ ਹੋਰ ਬੁਲਾਰਿਆਂ ਨੇ ਰਾਮਲੀਲਾ ਮੈਦਾਨ ਵਿੱਚ ਕਾਂਗਰਸ ਦੀ ਰੈਲੀ ਦੇ ਸਮੇਂ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਨੇ 1 ਨਵੰਬਰ ਨੂੰ ਰੈਲੀ ਕਰਨ ਲਈ ਕਾਂਗਰਸ ਦੀ ਸਖ਼ਤ ਆਲੋਚਨਾ ਕੀਤੀ।



1984 ਸਿੱਖ ਨਸਲਕੁਸ਼ੀ ਦੇ 42 ਸਾਲ


ਰਾਜਧਾਨੀ 'ਚ ਗੂੰਜੀ ਇਨਸਾਫ਼ ਦੀ ਲਲਕਾਰ; 'ਦ ਸਿੱਖ ਫ਼ੋਰਮ' ਦੇ ਕੌਮੀ ਮੰਚ ਤੋਂ ਜਾਤੀਵਾਦੀ ਨਿਜ਼ਾਮ ਖ਼ਿਲਾਫ਼ ਦ੍ਰਵਿੜ-ਬਹੁਜਨ-ਸਿੱਖ ਸਾਂਝ ਦਾ ਇਤਿਹਾਸਕ ਐਲਾਨ













ਨਵੀਂ ਦਿੱਲੀ (ਵਿਸ਼ੇਸ਼ ਪ੍ਰਤੀਨਿਧ) : ਨਵੰਬਰ 1984 ਦੀ ਯੋਜਨਾਬੱਧ ਸਿੱਖ ਨਸਲਕੁਸ਼ੀ ਦੇ 42ਵੇਂ ਵਰ੍ਹੇ ਮੌਕੇ ਦੇਸ਼ ਦੀ ਰਾਜਧਾਨੀ ਵਿੱਚ ਕਾਨੂੰਨ ਦੇ ਇਕਬਾਲ, ਖ਼ੁਰਦੀਆਂ ਜਮਹੂਰੀ ਸੰਸਥਾਵਾਂ ਅਤੇ ਘੱਟ-ਗਿਣਤੀਆਂ ਦੇ ਨਾਗਰਿਕ ਹੱਕਾਂ ਨੂੰ ਲੈ ਕੇ ਇੱਕ ਇਤਿਹਾਸਕ ਕੌਮੀ ਮੰਥਨ ਹੋਇਆ। 'ਦ ਸਿੱਖ ਫ਼ੋਰਮ' (The Sikh Forum) ਵੱਲੋਂ ਆਯੋਜਿਤ ਉੱਚ-ਪੱਧਰੀ ਰਾਸ਼ਟਰੀ ਸਿੰਪੋਜ਼ੀਅਮ ਵਿੱਚ ਦੇਸ਼ ਦੇ ਸਿਰਕੱਢ ਕਾਨੂੰਨਦਾਨਾਂ, ਸਮਾਜ ਸ਼ਾਸਤਰੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਕਜੁੱਟ ਹੋ ਕੇ ਗਰਜਦਿਆਂ ਕਿਹਾ ਕਿ ਚਾਰ ਦਹਾਕਿਆਂ ਮਗਰੋਂ ਵੀ ਨਿਆਂ ਦਾ ਨਾ ਮਿਲਣਾ ਭਾਰਤੀ ਲੋਕਤੰਤਰ ਅਤੇ ਨਿਆਂਪਾਲਿਕਾ ਦੇ ਮੱਥੇ 'ਤੇ ਕਦੇ ਨਾ ਮਿਟਣ ਵਾਲਾ ਦਾਗ਼ ਹੈ।

ਸਮਾਗਮ ਦੀ ਸ਼ੁਰੂਆਤ 'ਪੰਜਾਬ ਰੰਗਮੰਚ ਪਟਿਆਲਾ' ਦੇ ਕਲਾਕਾਰਾਂ ਵੱਲੋਂ ਨਵੰਬਰ 1984 ਦੇ ਖ਼ੂਨੀ ਕਹਿਰ, ਉੱਜੜੀਆਂ ਕੁੱਲੀਆਂ ਅਤੇ ਵਿਧਵਾਵਾਂ ਦੇ ਸੰਤਾਪ ਨੂੰ ਬਿਆਨ ਕਰਦੇ ਇੱਕ ਦਰਦਨਾਕ ਨਾਟਕ ਨਾਲ ਹੋਈ, ਜਿਸ ਨੇ ਹਾਲ ਵਿੱਚ ਬੈਠੇ ਸੈਂਕੜੇ ਬੁੱਧੀਜੀਵੀਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

ਮੁੱਖ ਵੇਰਵੇ: ਕੌਮੀ ਸਿੰਪੋਜ਼ੀਅਮ ਇੱਕ ਨਜ਼ਰ 'ਚ

ਸਮਾਗਮ ਦਾ ਵਿਸ਼ਾ : 1984 ਸਿੱਖ ਨਸਲਕੁਸ਼ੀ ਦੇ 42 ਵਰ੍ਹੇ: ਸੰਵਿਧਾਨਕ ਨੈਤਿਕਤਾ, ਕਾਨੂੰਨ ਦਾ ਰਾਜ ਅਤੇ ਨਾਗਰਿਕ ਅਧਿਕਾਰ

ਆਯੋਜਕ : ਦ ਸਿੱਖ ਫ਼ੋਰਮ (The Sikh Forum), ਨਵੀਂ ਦਿੱਲੀ

ਪ੍ਰਮੁੱਖ ਸ਼ਖ਼ਸੀਅਤਾਂ : ਜਸਟਿਸ ਤਲਵੰਤ ਸਿੰਘ, ਐਡਵੋਕੇਟ ਜੀਵਨ ਸਿੰਘ (ਜਯਾਨੰਦ ਸੇਨ ਮੁਥੂ), ਫ਼ਰਾਹ ਨਕਵੀ, ਪ੍ਰੋ. ਸੁਰਿੰਦਰ ਸਿੰਘ ਜੋਧਕਾ

ਸੱਭਿਆਚਾਰਕ ਆਗਾਜ਼ ਪੰਜਾਬ : ਰੰਗਮੰਚ ਪਟਿਆਲਾ ਵੱਲੋਂ 1984 ਦੇ ਕਹਿਰ 'ਤੇ ਆਧਾਰਿਤ ਲਾਈਵ ਨਾਟਕ

ਕੇਂਦਰੀ ਏਜੰਡਾ : ਨਿਆਂਇਕ ਜਵਾਬਦੇਹੀ, ਦ੍ਰਵਿੜ-ਸਿੱਖ-ਬਹੁਜਨ ਏਕਤਾ, ਬਹੁਗਿਣਤੀਵਾਦ ਦਾ ਟਾਕਰਾ ਅਤੇ ਪੀੜਤ ਪਰਿਵਾਰਾਂ ਦੀ ਪੁਨਰਵਾਸ ਸਹਾਇਤਾ

ਐਡਵੋਕੇਟ ਜੀਵਨ ਸਿੰਘ (ਜਯਾਨੰਦ ਸੇਨ ਮੁਥੂ) ਦਾ ਗਰਜਵਾਂ ਸੰਬੋਧਨ: 'ਅਸੀਂ 95' ਹਾਂ, ਘੱਟ-ਗਿਣਤੀ ਨਹੀਂ"

ਤਮਿਲਨਾਡੂ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬਹੁਜਨ-ਦ੍ਰਾਵਿੜ ਚਿੰਤਕ ਅਤੇ ਮਦਰਾਸ ਹਾਈ ਕੋਰਟ ਦੇ ਨਾਮਵਰ ਵਕੀਲ ਐਡਵੋਕੇਟ ਜੀਵਨ ਸਿੰਘ (ਜਯਾਨੰਦ ਸੇਨ ਮੁਥੂ) ਨੇ ਪੇਰੀਯਾਰ ਦੀ ਸਮਾਜਿਕ ਨਿਆਂ ਕ੍ਰਾਂਤੀ ਅਤੇ ਬਾਬੂ ਕਾਂਸ਼ੀ ਰਾਮ ਦੇ ਬਹੁਜਨ ਫਲਸਫੇ ਦੇ ਹਵਾਲੇ ਨਾਲ ਦਿੱਲੀ ਦੇ ਸੱਤਾਧਾਰੀ ਢਾਂਚੇ ਨੂੰ ਬੇਪੜਦ ਕੀਤਾ:

ਤਮਿਲਨਾਡੂ ਵਿੱਚ ਇੱਕ ਵੀ ਸਿੱਖ ਦਾ ਨੁਕਸਾਨ ਨਹੀਂ ਹੋਇਆ:

ਐਡਵੋਕੇਟ ਜੀਵਨ ਸਿੰਘ ਨੇ ਇਤਿਹਾਸਕ ਤੱਥ ਰੱਖਦਿਆਂ ਕਿਹਾ ਕਿ ਜਦੋਂ 1984 ਵਿੱਚ ਸਮੁੱਚੇ ਉੱਤਰੀ ਭਾਰਤ ਅੰਦਰ ਹਕੂਮਤ ਦੀ ਸਿੱਧੀ ਸ਼ਹਿ ਹੇਠ ਸਿੱਖਾਂ ਦੇ ਗਲਾਂ ਵਿੱਚ ਬਲਦੇ ਟਾਇਰ ਪਾਏ ਜਾ ਰਹੇ ਸਨ, ਉਦੋਂ ਪੂਰੇ ਭਾਰਤ ਵਿੱਚ ਤਮਿਲਨਾਡੂ ਇਕੱਲਾ ਅਜਿਹਾ ਸੂਬਾ ਸੀ ਜਿੱਥੇ ਕਿਸੇ ਇੱਕ ਵੀ ਸਿੱਖ ਦਾ ਵਾਲ ਵਿੰਗਾ ਨਹੀਂ ਹੋਇਆ ਅਤੇ ਨਾ ਹੀ ਕਿਸੇ ਜਾਇਦਾਦ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਪੇਰੀਯਾਰ ਦੀ ਸਵੈ-ਮਾਣ, ਜਾਤੀ-ਮੁਕਤ ਸਮਾਜ ਅਤੇ ਮਨੁੱਖੀ ਬਰਾਬਰੀ ਵਾਲੀ ਸੋਚ ਦਾ ਪ੍ਰਤੱਖ ਨਤੀਜਾ ਸੀ।

ਰਾਜੀਵ ਗਾਂਧੀ ਦੇ ਤੁਗ਼ਲਕੀ ਬਿਆਨ ਦੇ ਪਰਖਚੇ:

ਤਤਕਾਲੀ ਪ੍ਰਧਾਨ ਮੰਤਰੀ ਦੇ ਬਿਆਨ—'ਜਦੋਂ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ'—ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਦਰੱਖ਼ਤ ਡਿੱਗਣ 'ਤੇ ਧਰਤੀ ਦਾ ਹਿੱਲਣਾ ਕੁਦਰਤ ਦਾ ਨਿਯਮ ਹੋ ਸਕਦਾ ਹੈ, ਪਰ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਹਜ਼ਾਰਾਂ ਨਿਹੱਥੇ ਸਿੱਖਾਂ ਦਾ ਕਤਲੇਆਮ ਕਰਨਾ ਕੁਦਰਤੀ ਵਰਤਾਰਾ ਨਹੀਂ, ਸਗੋਂ ਰਾਜ-ਪ੍ਰਸਤ ਨਸਲਕੁਸ਼ੀ ਸੀ ਜਿਸ ਨੂੰ ਕਿਸੇ ਵੀ ਦਲੀਲ ਨਾਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਸ਼ਹੀਦ ਊਧਮ ਸਿੰਘ ਦੀ ਰਵਾਇਤ ਅਤੇ ਸਿੱਖ ਅਣਖ:

ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸਿੱਖ ਕੌਮ ਨੇ ਕਦੇ ਵੀ ਜ਼ਾਲਮਾਂ ਦੇ ਤਖ਼ਤ ਅੱਗੇ ਝੁਕਣਾ ਜਾਂ ਇਨਸਾਫ਼ ਦੀ ਭੀਖ ਮੰਗਣਾ ਨਹੀਂ ਸਿੱਖਿਆ। ਸਿੱਖ ਆਪਣੇ ਰਵਾਇਤੀ ਅਸੂਲਾਂ 'ਤੇ ਪਹਿਰਾ ਦੇ ਕੇ ਆਪ ਨਿਆਂ ਸਥਾਪਿਤ ਕਰਨਾ ਜਾਣਦੇ ਹਨ ਅਤੇ ਸ਼ਹੀਦ ਊਧਮ ਸਿੰਘ ਇਸ ਦੀ ਸਦੀਵੀ ਮਿਸਾਲ ਹਨ।

ਦੇਸ਼ ਦੇ ਅੰਨ-ਦਾਤੇ 'ਤੇ ਵੱਖਵਾਦ ਦਾ ਠੱਪਾ ਬਰਦਾਸ਼ਤ ਨਹੀਂ:

ਆਜ਼ਾਦੀ ਸੰਗਰਾਮ ਵਿੱਚ 80 ਫ਼ੀਸਦੀ ਤੋਂ ਵੱਧ ਫ਼ਾਂਸੀਆਂ ਦੇ ਰੱਸੇ ਚੁੰਮਣ, ਸਰਹੱਦਾਂ ਦੀ ਰਾਖੀ ਕਰਨ ਅਤੇ ਦੇਸ਼ ਦੇ ਖ਼ਾਲੀ ਅੰਨ ਭੰਡਾਰ ਭਰਨ ਵਾਲੀ ਮਹਾਨ ਸਿੱਖ ਕੌਮ ਨੂੰ ਇਨਸਾਫ਼ ਦੇਣ ਦੀ ਬਜਾਏ ਨਫ਼ਰਤੀ ਲੇਬਲ ਲਗਾ ਕੇ ਬਦਨਾਮ ਕਰਨ ਦੀ ਸਰਕਾਰੀ ਨੀਤੀ ਦੀ ਉਨ੍ਹਾਂ ਕਰੜੀ ਆਲੋਚਨਾ ਕੀਤੀ।

ਸਿਆਸੀ ਬਰਾਬਰੀ ਦਾ ਫ਼ਾਰਮੂਲਾ:

ਮਾਨਯੋਗ ਕਾਂਸ਼ੀ ਰਾਮ ਜੀ ਦੇ ਕਥਨ ਨੂੰ ਦੁਹਰਾਉਂਦਿਆਂ ਉਨ੍ਹਾਂ ਐਲਾਨ ਕੀਤਾ ਕਿ ਸਿੱਖ, ਦਲਿਤ, ਪੱਛੜੇ ਅਤੇ ਮੂਲ-ਨਿਵਾਸੀ ਕੋਈ ਕਮਜ਼ੋਰ ਘੱਟ-ਗਿਣਤੀ ਨਹੀਂ, ਸਗੋਂ ਇਸ ਦੇਸ਼ ਦੀ 95 ਫ਼ੀਸਦੀ ਬਹੁਗਿਣਤੀ ਤਾਕਤ ਹਨ। ਉਨ੍ਹਾਂ ਸੱਦਾ ਦਿੱਤਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨਾਲ ਖਹਿਣ ਦੀ ਬਜਾਏ ਇਸ ਪੂਰੇ ਜਾਤੀਵਾਦੀ ਅਤੇ ਨਫ਼ਰਤੀ ਨਿਜ਼ਾਮ ਨੂੰ ਲੋਕਤੰਤਰੀ ਤੇ ਸਿਆਸੀ ਤਾਕਤ ("Power only destroys power") ਨਾਲ ਹਰਾਉਣਾ ਪਵੇਗਾ।

ਪੈਨਲ ਚਰਚਾ: ਸੰਵਿਧਾਨਕ ਨੈਤਿਕਤਾ ਅਤੇ ਨਾਗਰਿਕ ਹੱਕਾਂ 'ਤੇ ਚਿੰਤਾ

ਜਸਟਿਸ ਤਲਵੰਤ ਸਿੰਘ (ਸਾਬਕਾ ਜੱਜ, ਦਿੱਲੀ ਹਾਈ ਕੋਰਟ):

ਚਰਚਾ ਦੀ ਅਗਵਾਈ ਕਰਦਿਆਂ ਜਸਟਿਸ ਤਲਵੰਤ ਸਿੰਘ ਨੇ ਆਖਿਆ ਕਿ ਅਸਲ ਲੋਕਤੰਤਰ ਸਿਰਫ਼ ਸਿਰ ਗਿਣਨ ਜਾਂ ਬਹੁਮਤ ਦੇ ਦਬਦਬੇ ਦਾ ਨਾਂ ਨਹੀਂ, ਸਗੋਂ ਕਾਨੂੰਨ ਦੇ ਸ਼ਾਸਨ ਅਤੇ ਸੰਵਿਧਾਨਕ ਨੈਤਿਕਤਾ ਦਾ ਨਾਂ ਹੈ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦੀ ਨਿਆਂ ਪ੍ਰਣਾਲੀ 42 ਸਾਲ ਬੀਤ ਜਾਣ 'ਤੇ ਵੀ ਪੀੜਤਾਂ ਨੂੰ ਇਨਸਾਫ਼ ਦੇਣ ਵਿੱਚ ਅਸਫ਼ਲ ਸਾਬਤ ਹੁੰਦੀ ਹੈ, ਤਾਂ ਇਹ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਦੀ ਕਾਰਜਪ੍ਰਣਾਲੀ ਅਤੇ ਨਿਰਪੱਖਤਾ 'ਤੇ ਵੱਡਾ ਪ੍ਰਸ਼ਨ-ਚਿੰਨ੍ਹ ਖੜ੍ਹਾ ਕਰਦਾ ਹੈ।

ਫ਼ਰਾਹ ਨਕਵੀ (ਉੱਘੀ ਲੇਖਿਕਾ ਤੇ ਮਨੁੱਖੀ ਅਧਿਕਾਰ ਕਾਰਕੁਨ):

ਫ਼ਰਾਹ ਨਕਵੀ ਨੇ ਮੌਜੂਦਾ ਹਾਲਾਤਾਂ 'ਤੇ ਚੋਟ ਕਰਦਿਆਂ ਕਿਹਾ ਕਿ ਅੱਜ ਮੁਲਕ ਅੰਦਰ ਅਸਹਿਮਤੀ ਅਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਬੁਨਿਆਦੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਇਤਿਹਾਸਕ ਕਿਸਾਨ ਅੰਦੋਲਨ ਦਾ ਹਵਾਲਾ ਦਿੰਦਿਆਂ ਉਨ੍ਹਾਂ ਚੇਤਾਵਨੀ ਦਿੱਤੀ ਕਿ ਘੱਟ-ਗਿਣਤੀਆਂ 'ਤੇ ਬਹੁਗਿਣਤੀਵਾਦੀ ਸੋਚ ਥੋਪਣਾ ਦੇਸ਼ ਦੇ ਸੰਘੀ ਢਾਂਚੇ ਨੂੰ ਤਬਾਹ ਕਰ ਦੇਵੇਗਾ। ਉਨ੍ਹਾਂ ਜ਼ੋਰ ਦਿੱਤਾ ਕਿ ਅਸਲ ਦੇਸ਼ਭਗਤੀ ਕਿਸੇ ਹਕੂਮਤ ਅੱਗੇ ਸਿਰ ਝੁਕਾਉਣ ਵਿੱਚ ਨਹੀਂ, ਸਗੋਂ ਸੰਵਿਧਾਨ ਦੇ ਮੁੱਲਾਂ ਦੀ ਰਾਖੀ ਲਈ ਡਟਣ ਵਿੱਚ ਹੈ।

ਪ੍ਰੋ. ਜੋਧਕਾ ਦਾ ਸਨਮਾਨ ਅਤੇ ਨਵੇਂ ਪ੍ਰੋਜੈਕਟਾਂ ਦਾ ਐਲਾਨ

ਪ੍ਰੋ. ਜੋਧਕਾ ਨੇ ਕਿਹਾ ਕਿ ਸਿੱਖ ਕੌਮ ਨੇ ਆਪਣੀ ਅਣਥੱਕ ਮਿਹਨਤ ਅਤੇ 'ਚੜ੍ਹਦੀ ਕਲਾ' ਦੇ ਬਲਬੂਤੇ 1984 ਦੇ ਦਰਦ ਵਿੱਚੋਂ ਉੱਭਰ ਕੇ ਵਿਸ਼ਵ ਪੱਧਰ 'ਤੇ ਮੱਲਾਂ ਮਾਰੀਆਂ ਹਨ, ਪਰ ਭਾਰਤੀ ਪ੍ਰਸ਼ਾਸਨਿਕ ਢਾਂਚੇ ਵਿੱਚ ਸੰਸਥਾਗਤ ਜਵਾਬਦੇਹੀ ਲਗਾਤਾਰ ਡਿੱਗੀ ਹੈ। ਇਤਿਹਾਸ ਦੇ ਕਾਲੇ ਪੰਨਿਆਂ ਨੂੰ ਯਾਦ ਰੱਖਣਾ ਕਿਸੇ ਬਦਲੇ ਦੀ ਭਾਵਨਾ ਲਈ ਨਹੀਂ, ਸਗੋਂ ਭਵਿੱਖ ਵਿੱਚ ਅਜਿਹੀਆਂ ਸਰਕਾਰੀ ਬੇਇਨਸਾਫ਼ੀਆਂ ਦੇ ਦੁਹਰਾਅ ਨੂੰ ਰੋਕਣ ਲਈ ਅਤਿ ਜ਼ਰੂਰੀ ਹੈ।

ਪੀੜਤ ਪਰਿਵਾਰਾਂ ਦੀ ਬਾਂਹ ਫੜਨ ਲਈ ਨਵੇਂ ਪ੍ਰੋਜੈਕਟਾਂ ਦਾ ਐਲਾਨ

'ਦ ਸਿੱਖ ਫ਼ੋਰਮ' ਦੇ ਪ੍ਰਬੰਧਕਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਪਿਛਲੇ 42 ਸਾਲਾਂ ਤੋਂ ਪੀੜਤ ਪਰਿਵਾਰਾਂ ਦੀ ਮੁਫ਼ਤ ਕਾਨੂੰਨੀ ਪੈਰਵਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਵਜ਼ੀਫ਼ੇ ਨਿਰੰਤਰ ਜਾਰੀ ਹਨ।

ਇਸ ਮੌਕੇ ਫ਼ੋਰਮ ਵੱਲੋਂ ਨੌਜਵਾਨ ਪੀੜ੍ਹੀ ਨੂੰ ਆਧੁਨਿਕ ਵਿੱਦਿਆ, ਡਿਜੀਟਲ ਹੁਨਰ, ਉੱਦਮ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣ ਲਈ ਨਵੇਂ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕਰਨ ਦਾ ਰਸਮੀ ਐਲਾਨ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਨਵੰਬਰ 1984 ਦੇ ਸਮੂਹ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਹੋਣਹਾਰ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ੇ ਤਕਸੀਮ ਕੀਤੇ ਗਏ।







ਦ੍ਰਵਿੜ-ਸਿੱਖ ਏਕਤਾ ਅਤੇ ਨਵੰਬਰ 1984 ਦੀ ਨਸਲਕੁਸ਼ੀ

ਬਹੁਜਨ ਦ੍ਰਵਿੜ ਪਾਰਟੀ ਵੱਲੋਂ ਸੱਤਾ ਦੇ ਜਾਤੀਵਾਦੀ ਕੇਂਦਰੀਕਰਨ ਖ਼ਿਲਾਫ਼ ਸਾਂਝੇ ਰਾਜਨੀਤਿਕ ਬਦਲ ਦਾ ਸੱਦਾ













ਨਵੀਂ ਦਿੱਲੀ : ਬਹੁਜਨ ਦ੍ਰਵਿੜ ਪਾਰਟੀ (BDP) ਦੇ ਕੌਮੀ ਪ੍ਰਧਾਨ ਜੀਵਨ ਸਿੰਘ ਤਮਿਲ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ 42ਵੀਂ ਵਰ੍ਹੇਗੰਢ ਮੌਕੇ ਇੱਕ ਵਿਸ਼ੇਸ਼ ਇਕੱਠ ਨੂੰ ਸੰਬੋਧਨ ਕਰਦਿਆਂ ਇਸ ਤ੍ਰਾਸਦੀ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੀ ਇੱਕ ਪੂਰਵ-ਨਿਯੋਜਿਤ ਅਤੇ ਰਾਜ-ਪ੍ਰਸਤ ਨਸਲਕੁਸ਼ੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਦੰਗੇ ਨਹੀਂ ਸਨ, ਸਗੋਂ ਸੱਤਾ, ਪ੍ਰਸ਼ਾਸਨ ਅਤੇ ਨਿਆਂਪਾਲਿਕਾ ਦੇ ਜਾਤੀਵਾਦੀ ਗੱਠਜੋੜ ਵੱਲੋਂ ਇੱਕ ਖ਼ਾਸ ਘੱਟ-ਗਿਣਤੀ ਭਾਈਚਾਰੇ ਵਿਰੁੱਧ ਵਿੱਢਿਆ ਗਿਆ ਯੋਜਨਾਬੱਧ ਹਮਲਾ ਸੀ।

ਮੁੱਖ ਵਿਚਾਰਧਾਰਕ ਪਹਿਲੂ: ਭਾਸ਼ਣ ਦਾ ਸੰਖੇਪ

ਦ੍ਰਵਿੜ-ਸਿੱਖ ਵਿਚਾਰਧਾਰਕ ਸਾਂਝ : ਪੇਰੀਆਰ ਦੇ ਸਮਾਜਿਕ ਨਿਆਂ, ਬਾਬੂ ਕਾਂਸ਼ੀ ਰਾਮ ਦੀ ਬਹੁਜਨ ਚੇਤਨਾ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਫਲਸਫੇ ਦਾ ਇਤਿਹਾਸਕ ਸੁਮੇਲ।

ਨਸਲਕੁਸ਼ੀ 'ਤੇ ਰਾਜਨੀਤਿਕ ਪਰਦਾ : ਦਿੱਲੀ ਪੁਲਿਸ ਵੱਲੋਂ ਸਾਦੇ ਕੱਪੜਿਆਂ ਵਿੱਚ ਲਾਸ਼ਾਂ ਖੁਰਦ-ਬੁਰਦ ਕਰਨ, ਬਿਨਾਂ ਐੱਫ.ਆਈ.ਆਰ. ਜਾਂਚ ਰੋਕਣ ਅਤੇ 9 ਜਾਂਚ ਕਮਿਸ਼ਨਾਂ (ਸਮੇਤ ਨਾਨਾਵਤੀ ਕਮਿਸ਼ਨ) ਰਾਹੀਂ ਅਸਲ ਦੋਸ਼ੀਆਂ ਨੂੰ ਕਾਨੂੰਨੀ ਛੋਟ ਦੇਣ ਦੀ ਤਿੱਖੀ ਆਲੋਚਨਾ।

ਸੱਤਾ ਦਾ ਬ੍ਰਾਹਮਣਵਾਦੀ ਕੇਂਦਰੀਕਰਨ : 1984 ਦੌਰਾਨ ਚੀਫ਼ ਜਸਟਿਸ ਵਾਈ.ਵੀ. ਚੰਦਰਚੂੜ, ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਅਤੇ ਕੈਬਨਿਟ ਸਕੱਤਰ ਸੀ.ਆਰ. ਕ੍ਰਿਸ਼ਨਸਵਾਮੀ ਰਾਓ ਵਰਗੇ ਪ੍ਰਮੁੱਖ ਅਹੁਦਿਆਂ 'ਤੇ ਕੇਂਦਰਿਤ ਸ਼ਕਤੀ ਵੱਲੋਂ ਘੱਟ-ਗਿਣਤੀਆਂ ਦੇ ਹੱਕਾਂ ਨੂੰ ਦਰੜਨ ਦਾ ਵਿਸ਼ਲੇਸ਼ਣ।

ਹਾਸ਼ੀਏ 'ਤੇ ਧੱਕੇ ਵਰਗਾਂ 'ਤੇ ਦੋਸ਼ ਮੜ੍ਹਨਾ : ਅਸਲ ਸਿਆਸੀ ਸਰਪ੍ਰਸਤੀ ਨੂੰ ਛੁਪਾਉਣ ਲਈ ਅਨੁਸੂਚਿਤ ਜਾਤੀਆਂ (SC) ਸਿਰ ਦੋਸ਼ ਮੜ੍ਹਨ ਦੀ ਸਾਜ਼ਿਸ਼; ਇਸ ਦੀ ਤੁਲਨਾ ਤਮਿਲਨਾਡੂ ਦੇ ਕੋਡਿਯਾਨਕੁਲਮ ਕਾਂਡ ਅਤੇ ਮਣੀਪੁਰ ਦੇ ਕੁਕੀ ਭਾਈਚਾਰੇ ਦੇ ਹਾਲਾਤਾਂ ਨਾਲ।

ਬੇਅੰਤ ਸਿੰਘ ਤੇ ਸਤਵੰਤ ਸਿੰਘ ਦਾ ਕਦਮ 'ਆਪ੍ਰੇਸ਼ਨ ਸ਼ਾਂਤੀ' ਦੇ ਸੰਦਰਭ ਵਿੱਚ ਇੱਕ ਹੋਰ ਵੱਡੀ ਤ੍ਰਾਸਦੀ ਨੂੰ ਠੱਲ੍ਹ ਪਾਉਣ ਅਤੇ ਜ਼ੁਲਮ ਖ਼ਿਲਾਫ਼ ਸਿੱਖੀ ਰਵਾਇਤ ਅਧੀਨ ਚੁੱਕਿਆ ਗਿਆ ਇਤਿਹਾਸਕ ਕਦਮ।

ਸਿਆਸੀ ਸਿਧਾਂਤ ਅਤੇ 'ਬੇਗਮਪੁਰਾ ਖ਼ਾਲਸਾ ਰਾਜ'

ਬਾਬੂ ਕਾਂਸ਼ੀ ਰਾਮ ਦੇ ਫਾਰਮੂਲੇ ਤਹਿਤ ਕੇਵਲ ਵਿਅਕਤੀ ਵਿਸ਼ੇਸ਼ ਨਾਲ ਟਕਰਾਅ ਦੀ ਥਾਂ ਪੂਰੇ ਜਾਤੀਵਾਦੀ ਢਾਂਚੇ ਨੂੰ ਰਾਜਨੀਤਿਕ ਤਾਕਤ ਰਾਹੀਂ ਬਦਲਣ ਦੀ ਅਪੀਲ।

ਇਤਿਹਾਸਕ ਪੜਚੋਲ ਅਤੇ ਸਿਆਸੀ ਵਿਸ਼ਲੇਸ਼ਣ

1. ਪੇਰੀਆਰ ਦਾ ਸਮਾਜਿਕ ਨਿਆਂ ਬਨਾਮ ਦਿੱਲੀ ਦਾ ਤੰਤਰ

ਜੀਵਨ ਸਿੰਘ ਤਮਿਲ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ 1984 ਵਿੱਚ ਉੱਤਰੀ ਭਾਰਤ ਅੰਦਰ ਸਰਕਾਰੀ ਸ਼ਹਿ ਹੇਠ ਸਿੱਖਾਂ ਦਾ ਕਤਲੇਆਮ ਚੱਲ ਰਿਹਾ ਸੀ, ਤਾਂ ਤਮਿਲਨਾਡੂ ਦੀ ਧਰਤੀ 'ਤੇ ਇੱਕ ਵੀ ਸਿੱਖ ਦਾ ਨੁਕਸਾਨ ਨਹੀਂ ਹੋਇਆ। ਇਸ ਦਾ ਮੁੱਖ ਕਾਰਨ ਪੇਰੀਆਰ ਵੱਲੋਂ ਸਥਾਪਿਤ ਕੀਤਾ ਗਿਆ ਸਮਾਜਿਕ ਨਿਆਂ ਅਤੇ ਆਤਮ-ਸਨਮਾਨ (Self-Respect) ਦਾ ਅੰਦੋਲਨ ਸੀ, ਜਿਸ ਨੇ ਦੱਖਣ ਵਿੱਚ ਫ਼ਿਰਕੂ ਵੰਡੀਆਂ ਨੂੰ ਪੈਰ ਨਹੀਂ ਪਸਾਰਨ ਦਿੱਤੇ। ਦੂਜੇ ਪਾਸੇ, ਦਿੱਲੀ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਦੇ 'ਵੱਡੇ ਰੁੱਖ' ਵਾਲੇ ਬਿਆਨ ਨੇ ਸਰਕਾਰੀ ਬੇਰੁਖ਼ੀ ਅਤੇ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਵਾਲੀ ਮਾਨਸਿਕਤਾ ਦੀ ਪੁਸ਼ਟੀ ਕੀਤੀ।

2. ਹਾਸ਼ੀਏ 'ਤੇ ਧੱਕੇ ਵਰਗਾਂ ਨੂੰ ਢਾਲ ਬਣਾਉਣ ਦੀ ਚਾਲ

ਭਾਸ਼ਣਕਾਰ ਨੇ ਦੋਸ਼ ਲਾਇਆ ਕਿ 1984 ਦੀ ਨਸਲਕੁਸ਼ੀ ਦੌਰਾਨ ਉੱਚ-ਪੱਧਰੀ ਸਿਆਸੀ ਅਤੇ ਪੁਲਿਸੀਆ ਸਾਜ਼ਿਸ਼ ਨੂੰ ਲੁਕਾਉਣ ਲਈ ਦਲਿਤਾਂ ਅਤੇ ਅਨੁਸੂਚਿਤ ਜਾਤੀਆਂ ਨੂੰ ਦੰਗਿਆਂ ਦੇ ਦੋਸ਼ੀ ਵਜੋਂ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਉਹੀ ਪੁਰਾਣੀ ਚਾਲ ਹੈ ਜਿਸ ਤਹਿਤ ਸੱਤਾਧਾਰੀ ਧਿਰਾਂ ਪੀੜਤਾਂ ਅਤੇ ਕਮਜ਼ੋਰ ਵਰਗਾਂ ਨੂੰ ਆਪਸ ਵਿੱਚ ਲੜਾਉਂਦੀਆਂ ਹਨ, ਜਿਵੇਂ ਕਿ ਤਮਿਲਨਾਡੂ ਦੇ ਕੋਡਿਯਾਨਕੁਲਮ ਵਿੱਚ ਦਲਿਤਾਂ 'ਤੇ ਪੁਲਿਸ ਹਿੰਸਾ ਜਾਂ ਮਣੀਪੁਰ ਅੰਦਰ ਕੁਕੀ ਭਾਈਚਾਰੇ ਨਾਲ ਵਾਪਰ ਰਿਹਾ ਹੈ।

3. 'ਨੀਚਾ ਅੰਦਰਿ ਨੀਚ ਜਾਤਿ' ਅਤੇ ਸਾਂਝਾ ਰਾਜਸੀ ਏਜੰਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂਵਾਕ—'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥'—ਦਾ ਹਵਾਲਾ ਦਿੰਦਿਆਂ ਜੀਵਨ ਸਿੰਘ ਤਮਿਲ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਹਮੇਸ਼ਾ ਹਾਸ਼ੀਏ 'ਤੇ ਧੱਕੇ ਲੋਕਾਂ ਨਾਲ ਖੜ੍ਹਨ ਦਾ ਰਾਹ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਬਾਬੂ ਕਾਂਸ਼ੀ ਰਾਮ ਦੇ "Power only destroy the power" ਦੇ ਸਿਧਾਂਤ ਅਨੁਸਾਰ 95% ਬਹੁਜਨ, ਦ੍ਰਵਿੜ, ਸਿੱਖ ਅਤੇ ਹੋਰ ਘੱਟ-ਗਿਣਤੀਆਂ ਨੂੰ ਇਕੱਠੇ ਹੋ ਕੇ ਸਿਆਸੀ ਤਾਕਤ ਹਾਸਲ ਕਰਨੀ ਪਵੇਗੀ ਤਾਂ ਜੋ ਬਰਾਬਰੀ 'ਤੇ ਆਧਾਰਿਤ 'ਬੇਗਮਪੁਰਾ ਖ਼ਾਲਸਾ ਰਾਜ' ਦਾ ਸੰਕਲਪ ਸਾਕਾਰ ਹੋ ਸਕੇ।

1984 ਸਿੱਖ ਨਸਲਕੁਸ਼ੀ ਦੀ ਰੂਹ ਕੰਬਾਊ ਗਵਾਹੀ: ਇੱਕੋ ਪਰਿਵਾਰ ਦੇ 17 ਜੀਅ ਕਤਲ

ਬੁਰਕਾ ਪਾ ਕੇ ਬਚੀ ਹਰਵਿੰਦਰ ਸਿੰਘ ਦੀ ਜਾਨ, 42 ਸਾਲਾਂ ਬਾਅਦ ਵੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ

ਨਵੀਂ ਦਿੱਲੀ (ਵਿਸ਼ੇਸ਼ ਰਿਪੋਰਟ): ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਜ਼ਖ਼ਮ ਚਾਰ ਦਹਾਕੇ ਬੀਤ ਜਾਣ ਮਗਰੋਂ ਵੀ ਅੱਲੇ ਹਨ। ਦਿੱਲੀ ਦੀਆਂ ਗਲੀਆਂ ਵਿੱਚ ਉਸ ਵੇਲੇ ਵਹਿਸ਼ੀ ਭੀੜ ਵੱਲੋਂ ਕੀਤੇ ਗਏ ਕਤਲੋਗ਼ਾਰਤ ਦੀ ਇੱਕ ਅਜਿਹੀ ਰੂਹ ਕੰਬਾਊ ਗਵਾਹੀ ਸਾਹਮਣੇ ਆਈ ਹੈ, ਜਿਸ ਨੇ ਮਨੁੱਖੀ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੀੜਤ ਹਰਵਿੰਦਰ ਸਿੰਘ ਨੇ ਆਪਣੇ ਪਿੰਡੇ 'ਤੇ ਹੰਢਾਏ ਕਹਿਰ ਦਾ ਖ਼ੁਲਾਸਾ ਕਰਦਿਆਂ ਦੱਸਿਆ ਕਿ 1 ਨਵੰਬਰ 1984 ਨੂੰ ਵਹਿਸ਼ੀ ਹਮਲਾਵਰਾਂ ਨੇ ਉਨ੍ਹਾਂ ਦੇ ਪਰਿਵਾਰ ਦੇ 17 ਜੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ, ਜਿਨ੍ਹਾਂ ਵਿੱਚ ਉਨ੍ਹਾਂ ਦੀ ਉਹ ਭੈਣ ਵੀ ਸ਼ਾਮਲ ਸੀ ਜੋ ਇੰਗਲੈਂਡ ਤੋਂ ਭਰਾਵਾਂ ਨੂੰ ਰੱਖੜੀ ਬੰਨ੍ਹਣ ਆਈ ਹੋਈ ਸੀ।

ਮੁੱਖ ਵੇਰਵੇ: ਹਰਵਿੰਦਰ ਸਿੰਘ ਦੇ ਪਰਿਵਾਰ ਦਾ ਨੁਕਸਾਨ

ਘਟਨਾ ਦੀ ਮਿਤੀ : 1 ਨਵੰਬਰ 1984

ਘਟਨਾ ਸਥਾਨ : ਦਿੱਲੀ

ਪੀੜਤ ਗਵਾਹ : ਹਰਵਿੰਦਰ ਸਿੰਘ (1984 ਵੇਲੇ ਉਮਰ: 13 ਸਾਲ, ਮੌਜੂਦਾ ਉਮਰ: 55 ਸਾਲ)

ਕੁੱਲ ਸ਼ਹੀਦ ਹੋਏ ਪਰਿਵਾਰਕ ਜੀਅ : 17 ਜੀਅ

ਸ਼ਹੀਦਾਂ ਦਾ ਵੇਰਵਾ : ਪਿਤਾ, 4 ਵੱਡੇ ਭਰਾ, 3 ਭਾਬੀਆਂ, 4 ਭਤੀਜੀਆਂ, 3 ਭਤੀਜੇ, 1 ਭੈਣ ਅਤੇ 1 ਭਣੇਵੀਂ

ਵਿਸ਼ੇਸ਼ ਦੁਖਾਂਤ : ਇੰਗਲੈਂਡ (ਹੀਥਰੋ ਏਅਰਪੋਰਟ) ਤੋਂ ਰੱਖੜੀ ਬੰਨ੍ਹਣ ਆਈ ਭੈਣ ਤੇ ਉਸ ਦੀ ਬੱਚੀ ਵੀ ਕਤਲ

ਬਚਾਅ ਦਾ ਜ਼ਰੀਆ : ਇੱਕ ਮੁਸਲਿਮ ਔਰਤ ਵੱਲੋਂ ਪੱਗ ਉਤਾਰ ਕੇ ਬੁਰਕਾ ਪੁਆ ਕੇ ਬਚਾਈ ਜਾਨ

ਵੀਡੀਓ ਗਵਾਹੀ: ਵਹਿਸ਼ੀ ਭੀੜ ਦੇ ਨਾਅਰੇ ਅਤੇ ਖ਼ੂਨੀ ਮੰਜ਼ਰ

ਹਰਵਿੰਦਰ ਸਿੰਘ ਨੇ ਵੀਡੀਓ ਇੰਟਰਵਿਊ ਦੌਰਾਨ ਉਸ ਕਾਲੇ ਦਿਨ ਦੀ ਦਾਸਤਾਨ ਬਿਆਨ ਕਰਦਿਆਂ ਦੱਸਿਆ:

ਲੋਹੇ ਦੇ ਸਰੀਏ ਅਤੇ ਨਫ਼ਰਤੀ ਨਾਅਰੇਬਾਜ਼ੀ:

ਕਤਲ ਕਰਨ ਵਾਲੀ ਭੀੜ ਬਾਹਰੋਂ ਲਿਆਂਦੀ ਗਈ ਸੀ, ਜਿਨ੍ਹਾਂ ਦੇ ਹੱਥਾਂ ਵਿੱਚ ਲੋਹੇ ਦੇ ਸਰੀਏ ਅਤੇ ਮਾਰੂ ਹਥਿਆਰ ਸਨ। ਉਹ ਪੂਰੀ ਦਿੱਲੀ ਵਿੱਚ ਨਫ਼ਰਤੀ ਨਾਅਰੇ ਲਾ ਰਹੇ ਸਨ—'ਦੁੱਕੀ-ਤਿੱਕੀ ਖਹਿਣ ਨਹੀਂ ਦੇਂਗੇ, ਸਿਰ ਪੇ ਪਗੜੀ ਰਹਿਣ ਨਹੀਂ ਦੇਂਗੇ। ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ, ਜਬ ਤਕ ਸੂਰਜ-ਚਾਂਦ ਰਹੇਗਾ ਇੰਦਰਾ ਤੇਰਾ ਨਾਮ ਰਹੇਗਾ।'

ਮੁਸਲਿਮ ਔਰਤ ਵੱਲੋਂ ਮਨੁੱਖਤਾ ਦੀ ਮਿਸਾਲ:

ਜਦੋਂ ਇਹ ਕਹਿਰ ਵਰਤਿਆ, ਉਦੋਂ 13 ਸਾਲਾਂ ਦੇ ਹਰਵਿੰਦਰ ਸਿੰਘ ਕਿਸੇ ਕੰਮ ਲਈ ਇੱਕ ਮੁਸਲਿਮ ਪਰਿਵਾਰ ਦੇ ਘਰ ਪੈਸੇ ਲੈਣ ਗਏ ਹੋਏ ਸਨ। ਚੌਥੀ ਮੰਜ਼ਿਲ ਤੋਂ ਜਦੋਂ ਉਸ ਮੁਸਲਿਮ ਔਰਤ ਨੇ ਹੇਠਾਂ ਸਰਦਾਰਾਂ ਨੂੰ ਬੇਰਹਿਮੀ ਨਾਲ ਮਾਰਦੇ ਦੇਖਿਆ, ਤਾਂ



ਉਸ ਨੇ ਤੁਰੰਤ ਹਰਵਿੰਦਰ ਸਿੰਘ ਦੇ ਸਿਰ ਤੋਂ ਦਸਤਾਰ ਉਤਾਰ ਕੇ ਉਸ ਨੂੰ ਬੁਰਕਾ ਪੁਆ ਦਿੱਤਾ। ਇਸ ਨੇਕਦਿਲ ਔਰਤ ਦੀ ਹਿੰਮਤ ਸਦਕਾ ਹੀ ਉਹ ਵਹਿਸ਼ੀ ਭੀੜ ਦੀ ਨਜ਼ਰ ਤੋਂ ਬਚ ਕੇ ਨਿਕਲ ਸਕੇ।

ਘਰ ਪਰਤਣ 'ਤੇ ਲਾਸ਼ਾਂ ਦੇ ਢੇਰ:

ਜਦੋਂ ਹਰਵਿੰਦਰ ਸਿੰਘ ਕਿਸੇ ਤਰ੍ਹਾਂ ਜਾਨ ਬਚਾ ਕੇ ਆਪਣੇ ਘਰ ਪਹੁੰਚੇ, ਤਾਂ ਘਰ ਅੰਦਰ ਹਰ ਪਾਸੇ ਖ਼ੂਨ ਅਤੇ ਲਾਸ਼ਾਂ ਖਿੱਲਰੀਆਂ ਪਈਆਂ ਸਨ। ਉਨ੍ਹਾਂ ਦੇ ਚਾਰੇ ਭਰਾਵਾਂ, ਤਿੰਨ ਭਰਜਾਈਆਂ, ਮਾਸੂਮ ਬੱਚਿਆਂ, ਪਿਤਾ ਅਤੇ ਇੰਗਲੈਂਡ ਤੋਂ ਆਈ ਭੈਣ ਦੀਆਂ ਲਾਸ਼ਾਂ ਵੇਖ ਕੇ ਉਨ੍ਹਾਂ ਦਾ ਬਚਪਨ ਸਦਾ ਲਈ ਉੱਜੜ ਗਿਆ।

42 ਸਾਲਾਂ ਦਾ ਬੇਸਹਾਰਾ ਜੀਵਨ ਅਤੇ ਅਣਸੁਲਝਿਆ ਨਿਆਂ

ਹਰਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਜਦੋਂ ਇਹ ਭਿਆਨਕ ਹਾਦਸਾ ਵਾਪਰਿਆ, ਉਸ ਵੇਲੇ ਉਨ੍ਹਾਂ ਦੀ ਉਮਰ ਮਹਿਜ਼ 13 ਸਾਲ ਸੀ। ਅੱਜ 55 ਸਾਲ ਦੀ ਉਮਰ ਵਿੱਚ ਵੀ ਉਹ ਇਕੱਲੇ ਅਤੇ ਬੇਸਹਾਰਾ ਜ਼ਿੰਦਗੀ ਜਿਊਣ ਲਈ ਮਜਬੂਰ ਹਨ:

ਘਰ-ਬਾਰ ਤੋਂ ਵਾਂਝੀ ਜ਼ਿੰਦਗੀ: ਪਰਿਵਾਰ ਖ਼ਤਮ ਹੋ ਜਾਣ ਮਗਰੋਂ ਉਨ੍ਹਾਂ ਦਾ ਨਾ ਕੋਈ ਵਿਆਹ ਹੋ ਸਕਿਆ ਅਤੇ ਨਾ ਹੀ ਕੋਈ ਘਰ-ਕੁੱਲਾ ਵੱਸ ਸਕਿਆ। ਰਿਸ਼ਤਿਆਂ ਦੇ ਨਾਂ 'ਤੇ ਸਿਰਫ਼ ਧੋਖੇ ਅਤੇ ਲੁੱਟ ਮਿਲੀ।

ਦੋ ਡੰਗ ਦੀ ਰੋਟੀ ਲਈ ਜੱਦੋਜਹਿਦ: ਉਹ ਅੱਜ ਵੀ ਰੋਜ਼ੀ-ਰੋਟੀ ਲਈ ਭਾਗੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਕਈ ਵਾਰ ਨੇਕਦਿਲ ਲੋਕ ਉਨ੍ਹਾਂ ਨੂੰ ਰੋਟੀ ਛਕਾ ਦਿੰਦੇ ਹਨ ਅਤੇ ਕਈ ਵਾਰ ਉਹ ਦਿਹਾੜੀ-ਮਿਹਨਤ ਕਰਕੇ ਗੁਜ਼ਾਰਾ ਕਰਦੇ ਹਨ।

ਹਰਵਿੰਦਰ ਸਿੰਘ ਦੀ ਇਹ ਦਰਦਨਾਕ ਗਵਾਹੀ ਸਾਬਤ ਕਰਦੀ ਹੈ ਕਿ ਨਵੰਬਰ 1984 ਦੀ ਨਸਲਕੁਸ਼ੀ ਸਿਰਫ਼ ਇਤਿਹਾਸ ਦੇ ਅੰਕੜੇ ਨਹੀਂ, ਸਗੋਂ ਜਿਊਂਦੀਆਂ-ਜਾਗਦੀਆਂ ਰੂਹਾਂ ਦੇ ਉਹ ਜ਼ਖ਼ਮ ਹਨ ਜਿਨ੍ਹਾਂ ਨੂੰ ਚਾਰ ਦਹਾਕਿਆਂ ਬਾਅਦ ਵੀ ਕੋਈ ਮਲ੍ਹਮ ਜਾਂ ਸਰਕਾਰੀ ਇਨਸਾਫ਼ ਨਸੀਬ ਨਹੀਂ ਹੋਇਆ।

ਕੈਨੇਡਾ ਦੇ ਸਿੱਖ ਨੌਜਵਾਨ ਸਰਬਰਾਜ ਸਿੰਘ ਕਾਹਲੋਂ ਨੇ ਮੀਡੀਆ ਖੇਤਰ ਵਿੱਚ ਉੱਚ ਪੱਧਰੀ 'ਵੈਬਸਟਰ ਐਵਾਰਡ' ਜਿੱਤਿਆ

ਕਾਹਲੋਂ ਦੀ ਰਿਪੋਰਟ ਨੇ ਸਥਾਨਕ ਸਰਕਾਰ ਨੂੰ ਨੀਤੀ ਬਦਲਣ ਲਈ ਕੀਤਾ ਸੀ ਮਜਬੂਰ







ਦੋ ਨਵੰਬਰ ਨੂੰ ਸਰਬਰਾਜ ਸਿੰਘ ਕਾਹਲੋਂ ਨੂੰ ਅਵਾਰਡ ਮਿਲਣ ਅਤੇ ਉਹਨਾਂ ਵੱਲੋਂ ਸੰਬੋਧਨ ਕਰਨ ਦੀਆਂ ਤਸਵੀਰਾਂ।

ਡਾ. ਗੁਰਵਿੰਦਰ ਸਿੰਘ ਧਾਲੀਵਾਲ

ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ ਦੇ ਹੋਣਹਾਰ ਮੈਂਬਰ ਅਤੇ ਓਮਨੀ ਟੈਲੀਵਿਜ਼ਨ ਦੇ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਨੇ ਕੈਨੇਡਾ ਦੇ ਮੀਡੀਆ ਖੇਤਰ 'ਮਲਟੀਕਲਚਰਲ ਜਰਨਲਿਜ਼ਮ' ਵਿਚ ਵੱਕਾਰੀ 'ਵੈਬਸਟਰ ਅਵਾਰਡ' ਜਿੱਤਿਆ ਹੈ। ਇਹ ਅਵਾਰਡ ਉਹਨਾਂ ਨੂੰ ਦੋ ਨਵੰਬਰ ਨੂੰ ਵੈਨਕੂਵਰ 'ਚ ਹੋਏ ਵੱਡੇ ਸਮਾਗਮ ਦੌਰਾਨ ਦਿੱਤਾ ਗਿਆ। ਇਹ ਕੈਨੇਡਾ ਦੇ ਪੰਜਾਬੀ ਮੀਡੀਏ ਲਈ ਮਾਣ ਵਾਲੀ ਗੱਲ ਹੈ। ਸਰਬਰਾਜ ਸਿੰਘ ਕਾਹਲੋਂ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪਿੰਡ ਖਾਨੋਵਾਲ ਦੇ ਜੰਮਪਲ ਹਨ, ਜਿਹੜੇ ਵਿਦਿਆਰਥੀ ਵਜੋਂ 19 ਕੁ ਸਾਲ ਦੀ ਉਮਰ 'ਚ ਕੈਨੇਡਾ ਆਏ ਅਤੇ ਇੱਥੇ ਕਮਿਊਨੀਕੇਸ਼ਨ ਦੇ ਖੇਤਰ ਵਿੱਚ ਡਿਗਰੀ ਹਾਸਲ ਕੀਤੀ। ਉਹਨਾਂ ਵੱਖ-ਵੱਖ ਮੀਡੀਆ ਕੇਂਦਰਾਂ 'ਚ ਕੰਮ ਕੀਤਾ ਅਤੇ ਅੱਜ ਕੱਲ ਓਮਨੀ ਨਿਊਜ਼ ਦੇ ਰਿਪੋਰਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਨੌਜਵਾਨ ਸਰਬਰਾਜ ਸਿੰਘ ਕਾਹਲੋਂ ਪਿਛਲੇ ਕਾਫੀ ਸਮੇਂ ਤੋਂ, ਬੀਸੀ ਦੇ ਪੰਜਾਬੀ ਮੀਡੀਆ ਕਰਮੀਆਂ ਦੀ ਸਾਂਝੀ ਸੰਸਥਾ 'ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ' ਦੇ ਸਰਗਰਮ ਮੈਂਬਰ ਹਨ। ਉਹਨਾਂ ਨੂੰ ਬਹੁ ਭਾਸ਼ਾਈ ਸੱਭਿਆਚਾਰ ਸ਼੍ਰੇਣੀ ਵਿੱਚ ਅਵਾਰਡ ਲਈ ਇੱਕ ਅਜਿਹੀ ਰਿਪੋਰਟ ਲਈ ਮਿਲਿਆ ਹੈ, ਜੋ ਰਿਪੋਰਟ ਫਿਰੌਤੀਆਂ ਦੇ ਦਿਨਾਂ ਵਿੱਚ ਪੀੜਤਾਂ ਲਈ ਰਾਹਤ ਰਹੀ। ਦਰਅਸਲ ਕੈਨੇਡਾ ਵਿੱਚ ਫ਼ਿਰੌਤੀਆਂ ਦੇ ਦੌਰ 'ਚ ਵੈਨਕੂਵਰ ਦੇ ਪੰਜਾਬੀ ਕਾਰੋਬਾਰੀਆਂ ਨੂੰ ਬਲੌਕ ਕੀਤੇ ਜਾਂ ਅਣਪਛਾਤੇ ਨੰਬਰਾਂ ਤੋਂ ਕਾਲਾਂ ਆਉਂਦੀਆਂ ਸਨ, ਜਿਸ ਕਾਰਨ ਉਹਨਾਂ ਅੰਦਰ ਕਾਫੀ ਭੈਅ ਸੀ। ਉਧਰੋਂ ਵੈਨਕੂਵਰ ਸਿਟੀ ਦੀਆਂ, ਇੰਸਪੈਕਸ਼ਨ ਅਤੇ ਹੋਰਨਾਂ ਖੇਤਰਾਂ ਨਾਲ ਸਬੰਧਿਤ ਫੋਨ ਕਾਲਾਂ ਵੀ ਬਲੌਕ ਨੰਬਰਾਂ ਤੋਂ ਆ ਰਹੀਆਂ ਸਨ, ਜੋ ਗੰਭੀਰ ਸਮੱਸਿਆ ਬਣ ਗਈ ਸੀ। ਅਜਿਹੀ ਚਿੰਤਾ ਸਰਬਰਾਜ ਸਿੰਘ ਕਾਹਲੋਂ ਨੇ ਆਪਣੀ ਵਿਸ਼ੇਸ਼ ਖਬਰ ਰਾਹੀਂ ਜ਼ਾਹਰ ਕੀਤੀ ਅਤੇ ਸਿਟੀ ਆਫ ਵੈਨਕੂਵਰ ਦੇ ਧਿਆਨ 'ਚ ਇਹ ਮੁੱਦਾ ਲਿਆਂਦਾ। ਪਹਿਲਾਂ ਤੋਂ ਚਲੇ ਆ ਰਹੇ ਤਰੀਕੇ ਨੂੰ ਵੈਨਕੂਵਰ ਸਿਟੀ ਨੇ ਬਦਲਦਿਆਂ, ਫੋਨ ਕਾਲਾਂ ਬਲੌਕ ਨੰਬਰਾਂ ਤੋਂ ਕਰਨੀਆਂ ਬੰਦ ਕੀਤੀਆਂ, ਜਿਸ ਨਾਲ ਚਿੰਤਾਗ੍ਰਸਤ ਪੰਜਾਬੀਆਂ ਨੂੰ ਰਾਹਤ ਮਿਲੀ।

ਮੀਡੀਆ ਖੇਤਰ ਵਿੱਚ ਇਹ ਵੱਡੀ ਪ੍ਰਾਪਤੀ ਹੋਈ ਕਿ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਦੀ ਖ਼ਬਰ ਰੰਗ ਲਿਆਈ ਅਤੇ ਸਥਾਨਕ ਸਰਕਾਰ ਨੂੰ ਆਪਣੇ ਤੌਰ-ਤਰੀਕੇ ਬਦਲਣ ਲਈ ਮਜਬੂਰ ਹੋਣਾ ਪਿਆ। ਭਵਿੱਖ ਵਿੱਚ, ਕੈਨੇਡਾ ਦੇ ਹੋਰਨਾ ਸ਼ਹਿਰਾਂ ਦੀਆਂ ਸਥਾਨ ਸਰਕਾਰਾਂ ਦੇ ਵਿਭਾਗਾਂ ਦੀਆਂ ਬਲੌਕ ਨੰਬਰ ਦੀਆਂ ਕਾਲਾਂ ਵਿੱਚ ਵੀ, ਜੇਕਰ ਕੋਈ ਸੋਧ ਹੁੰਦੀ ਹੈ, ਤਾਂ ਯਕੀਨਨ ਇਸ ਦਾ ਸਿਹਰਾ ਵੀ ਪੱਤਰਕਾਰ ਸਰਬਰਾਜ ਸਿੰਘ ਕਾਹਲੋਂ ਦੀ ਮੁਢਲੇ ਮੀਡੀਆ ਯਤਨਾਂ ਦੇ ਸਿਰ ਬੱਝਦਾ ਹੈ। ਓਮਨੀ ਟੀਵੀ ਦੀ ਰਿਪੋਰਟ ਅਤੇ ਪੰਜਾਬੀ ਪ੍ਰੈਸ ਕਲੱਬ ਦੇ ਮੈਂਬਰ ਸਰਬਰਾਜ ਸਿੰਘ ਕਾਹਲੋਂ ਨੂੰ Excellence in Multilingual Journalism (ਬਹੁ-ਭਾਸ਼ਾਈ ਪੱਤਰਕਾਰੀ ਵਿੱਚ) ਸ਼੍ਰੇਣੀ ਵਿੱਚ ਵੱਕਾਰੀ ਵੈੱਬਸਟਰ ਅਵਾਰਡ (Webster Award) ਦੀ ਨਾਮਜ਼ਦਗੀ ਜਿਤਾਉਣ ਵਾਲੀ ਟੀਮ ਦੇ ਮੈਂਬਰਾਂ; ਐਲਨ ਚੈੱਕ (Alan Chek), ਕ੍ਰਿਸਟਨ ਜੌਹਨਸਨ (Kristen Johnson), ਅਤੇ ਸੋਨੀਆ ਕਾਲੜਾ (Sonia Kalra) ਦੇ ਨਾਲ, ਸ਼ਾਨਦਾਰ ਰਿਪੋਰਟ "Vancouver Builders' Extortion Fears Leads to Policy Change" ਲਈ ਸਾਂਝੇ ਰੂਪ ਮੁਬਾਰਕਾਂ ਹਨ। ਇਸ ਟੀਮ ਨੇ ਪਰਦੇ ਦੇ ਪਿੱਛੇ ਰਹਿ ਕੇ, ਸਰਬਰਾਜ ਸਿੰਘ ਕਾਹਲੋਂ ਦੀ ਖੋਜ ਭਰਪੂਰ ਰਿਪੋਰਟ ਨੂੰ ਓਮਨੀ ਟੀਵੀ 'ਤੇ ਮੰਚ 'ਤੇ ਮਾਣ ਦਵਾਇਆ ਹੈ। ਉਨ੍ਹਾਂ ਦੀ ਸਾਂਝੀ ਮਿਹਨਤ ਅਤੇ ਪ੍ਰਭਾਵਸ਼ਾਲੀ ਪੱਤਰਕਾਰੀ ਨੇ, ਵੱਡਾ ਅਤੇ ਸਾਰਥਕ ਬਦਲਾਅ ਲਿਆਂਦਾ ਹੈ। ਇਹ ਮਾਣ-ਸਨਮਾਨ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ, ਜੋ ਹੋਰਨਾਂ ਨਵੇਂ ਅਤੇ ਉਭਰਦੇ ਪੱਤਰਕਾਰਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ।

ਕੈਲੀਫੋਰਨੀਆ ਦੇ 41ਵੇਂ ਗਵਰਨਰ ਚੁਣੇ ਗਏ ਜ਼ੇਵੀਅਰ ਬੇਸੇਰਾ

ਜਿੱਤ ਦੇ ਭਾਸ਼ਣ 'ਚ ਇਮੀਗ੍ਰੈਂਟ ਹੱਕਾਂ ਅਤੇ ਸੰਵਿਧਾਨਕ ਸੁਰੱਖਿਆ ਨੂੰ ਲੈ ਕੇ ਵੱਡਾ ਐਲਾਨ

ਸੈਕਰਾਮੈਂਟੋ (ਕੈਲੀਫੋਰਨੀਆ) : 3 ਨਵੰਬਰ 2026 ਨੂੰ ਹੋਈਆਂ ਗਵਰਨਰ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੇਵੀਅਰ ਬੇਸੇਰਾ (Xavier Becerra) ਨੇ ਰਿਪਬਲਿਕਨ ਉਮੀਦਵਾਰ ਸਟੀਵ ਹਿਲਟਨ (Steve Hilton) ਨੂੰ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਆਪਣੀ ਜਿੱਤ ਤੋਂ ਬਾਅਦ ਦਿੱਤੇ ਗਏ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਬੇਸੇਰਾ ਨੇ ਸੂਬੇ ਦੇ ਇਮੀਗ੍ਰੈਂਟ ਭਾਈਚਾਰੇ, ਕਿਫਾਇਤੀ ਜੀਵਨ ਪੱਧਰ ਅਤੇ ਨਾਗਰਿਕ ਹੱਕਾਂ ਦੀ ਰਾਖੀ ਨੂੰ ਲੈ ਕੇ ਸਖ਼ਤ ਅਤੇ ਦ੍ਰਿੜ੍ਹ ਰੁਖ਼ ਜ਼ਾਹਿਰ ਕੀਤਾ।

'ਕੈਲੀਫੋਰਨੀਆ ਦਾ ਸੁਪਨਾ ਅਣ-ਡਿਪੋਰਟੇਬਲ ਹੈ'

ਫੈਡਰਲ ਪੱਧਰ ਦੀਆਂ ਦੇਸ਼ ਨਿਕਾਲਾ (deportation) ਨੀਤੀਆਂ ਅਤੇ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਪਰਿਵਾਰਾਂ ਨੂੰ ਹੌਸਲਾ ਦਿੰਦਿਆਂ ਬੇਸੇਰਾ ਨੇ ਆਪਣੇ ਭਾਸ਼ਣ ਵਿੱਚ ਕਿਹਾ: "The California Dream cannot be caged, compromised, or revoked. It belongs to all of us—and it is utterly undeportable."

(ਕੈਲੀਫੋਰਨੀਆ ਦਾ ਸੁਪਨਾ ਪਿੰਜਰੇ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ, ਇਸ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ ਅਤੇ ਨਾ ਹੀ ਇਸ ਨੂੰ ਰੱਦ ਕੀਤਾ ਜਾ ਸਕਦਾ ਹੈ। ਇਹ ਸਾਡੇ ਸਾਰਿਆਂ ਦਾ ਹੈ—ਅਤੇ ਇਸ ਨੂੰ ਕਿਸੇ ਵੀ ਹਾਲਤ ਵਿੱਚ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ।)

ਉਹਨਾਂ ਸਪੱਸ਼ਟ ਕੀਤਾ ਕਿ ਕੈਲੀਫੋਰਨੀਆ ਦਾ ਵਿਕਾਸ ਮਾਡਲ 'ਸਾਰਿਆਂ ਲਈ ਸਾਂਝਾ' ਅਤੇ 'ਗੈਰ-ਸਮਝੌਤਾਯੋਗ' ਹੈ।

ਇਮੀਗ੍ਰੇਸ਼ਨ ਅਤੇ ਨਾਗਰਿਕ ਹੱਕਾਂ ਬਾਰੇ ਮੁੱਖ ਫੈਸਲੇ

ਮੈਡੀ-ਕੈਲ (Medi-Cal) ਦੀ ਸੁਰੱਖਿਆ: ਬਿਨਾਂ ਦਸਤਾਵੇਜ਼ਾਂ (undocumented) ਵਾਲੇ ਪਰਿਵਾਰਾਂ ਸਮੇਤ ਹਰ ਵਸਨੀਕ ਲਈ ਰਾਜ ਦੇ ਸਿਹਤ ਪ੍ਰੋਗਰਾਮ ਮੈਡੀ-ਕੈਲ ਦੀ ਕਵਰੇਜ ਜਾਰੀ ਰੱਖੀ ਜਾਵੇਗੀ। ਹਾਲ ਹੀ ਵਿੱਚ ਲਗਾਈਆਂ ਗਈਆਂ ਕਵਰੇਜ ਪਾਬੰਦੀਆਂ ਨੂੰ ਵਾਪਸ ਲੈਣ ਦੇ ਯਤਨ ਕੀਤੇ ਜਾਣਗੇ।

ਫੈਡਰਲ ਏਜੰਸੀਆਂ 'ਤੇ ਨਜ਼ਰਸਾਨੀ ("Police the Immigration Police"): ਬੇਸੇਰਾ ਨੇ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਵੀ ਫੈਡਰਲ ਏਜੰਸੀ ਜਾਂ ਅਧਿਕਾਰੀ ਨੇ ਕਾਨੂੰਨ ਦੀਆਂ ਹੱਦਾਂ ਟੱਪ ਕੇ ਪਰਿਵਾਰਾਂ ਦੇ ਸੰਵਿਧਾਨਕ ਅਧਿਕਾਰਾਂ ਦਾ ਘਾਣ ਕੀਤਾ, ਤਾਂ ਸੂਬਾ ਸਰਕਾਰ ਅਦਾਲਤਾਂ ਵਿੱਚ ਮੁਕੱਦਮੇ ਦਾਇਰ ਕਰਨ ਤੋਂ ਪਿੱਛੇ ਨਹੀਂ ਹਟੇਗੀ।

ਸੈਂਕਚੂਰੀ ਸਟੇਟ (SB 54) ਦੀ ਮਜ਼ਬੂਤੀ: ਸੂਬੇ ਦੇ ਸਰੋਤਾਂ ਜਾਂ ਸਥਾਨਕ ਪੁਲਿਸ ਨੂੰ ਫੈਡਰਲ ਡਿਪੋਰਟੇਸ਼ਨ ਮੁਹਿੰਮਾਂ ਲਈ ਨਹੀਂ ਵਰਤਿਆ ਜਾਵੇਗਾ, ਜਦਕਿ ਗੰਭੀਰ ਅਪਰਾਧਿਕ ਮਾਮਲਿਆਂ ਨੂੰ ਨਿਰਧਾਰਿਤ ਕਾਨੂੰਨੀ ਨਿਯਮਾਂ ਤਹਿਤ ਨਜਿੱਠਿਆ ਜਾਵੇਗਾ।

ਕਾਨੂੰਨੀ ਸੁਰੱਖਿਆ: DACA/Dreamers ਨੌਜਵਾਨਾਂ ਅਤੇ ਇਮੀਗ੍ਰੈਂਟ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਸੂਬਾਈ ਕਾਨੂੰਨੀ ਤੰਤਰ ਦੀ ਪੂਰੀ ਵਰਤੋਂ ਕੀਤੀ ਜਾਵੇਗੀ।

'ਨਵਾਂ ਯੁੱਗ': ਨਤੀਜਾਮੁਖੀ ਸਰਕਾਰ ਅਤੇ ਵਿਭਿੰਨਤਾ ਦੀ ਸ਼ਕਤੀ

ਬੇਸੇਰਾ ਨੇ ਸੂਬੇ ਦੀ ਆਰਥਿਕਤਾ ਅਤੇ ਆਮ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ ਨਾਲ ਜੁੜੇ ਕਈ ਜ਼ਮੀਨੀ ਮੁੱਦੇ ਉਭਾਰੇ:



ਕਿਫਾਇਤੀ ਕੈਲੀਫੋਰਨੀਆ: ਮਹਿੰਗਾਈ ਦੇ ਦੌਰ ਵਿੱਚ ਪ੍ਰਸ਼ਾਸਨ ਦਾ ਟੀਚਾ ਹੋਵੇਗਾ—'ਅਜਿਹਾ ਕੈਲੀਫੋਰਨੀਆ ਮੁਹੱਈਆ ਕਰਵਾਉਣਾ ਜਿਸਦਾ ਖ਼ਰਚਾ ਅਸੀਂ ਚੁੱਕ ਸਕੀਏ, ਅਤੇ ਅਜਿਹੇ ਕੈਲੀਫੋਰਨੀਆ ਦੀ ਰਾਖੀ ਕਰਨਾ ਜਿਸ ਨੂੰ ਗਵਾਉਣਾ ਸਾਨੂੰ ਮਨਜ਼ੂਰ ਨਹੀਂ।'

ਜ਼ਮੀਨੀ ਪ੍ਰਸ਼ਾਸਨ: ਲੋਕ ਚਮਤਕਾਰ ਨਹੀਂ, ਕੰਮ ਚਾਹੁੰਦੇ ਹਨ। ਸਾਫ਼ ਸੜਕਾਂ, ਸੁਰੱਖਿਅਤ ਸਕੂਲ, ਬੁਨਿਆਦੀ ਢਾਂਚਾ ਅਤੇ ਸਮੇਂ ਸਿਰ ਲੋਕ ਸੇਵਾਵਾਂ ਪਹਿਲ ਹੋਣਗੀਆਂ।

ਵਿਭਿੰਨਤਾ ਬਣੀ ਸੁਪਰਪਾਵਰ: ਸਮਾਜ ਵਿੱਚ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਨੂੰ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਵਿਭਿੰਨਤਾ ਸਾਡੀ ਕਮਜ਼ੋਰੀ ਨਹੀਂ, ਸਗੋਂ ਸਾਡੀ 'ਸੁਪਰਪਾਵਰ' ਹੈ।

ਮੁਹੰਮਦ ਅਲੀ ਮਾਨਸਿਕਤਾ ਅਤੇ 'Ganas': ਸਪੈਨਿਸ਼ ਸ਼ਬਦ 'Ganas' (ਦ੍ਰਿੜ੍ਹ ਇਰਾਦਾ) ਅਤੇ ਬਾਕਸਰ ਮੁਹੰਮਦ ਅਲੀ ਦੀ ਦ੍ਰਿੜ੍ਹਤਾ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਕੈਲੀਫੋਰਨੀਆ ਨੂੰ ਨਾ ਤਾਂ ਖ਼ਰੀਦਿਆ ਜਾ ਸਕਦਾ ਹੈ ਅਤੇ ਨਾ ਹੀ ਡਰਾਇਆ ਜਾ ਸਕਦਾ ਹੈ।

ਸਮਾਂ/ਕਾਰਜਕਾਲ Xavier Becerra.docx	ਪ੍ਰਮੁੱਖ ਅਹੁਦਾ Xavier Becerra.docx	ਮੁੱਖ ਜ਼ਿੰਮੇਵਾਰੀ ਅਤੇ ਕੰਮ Xavier Becerra.docx
1987 - 1990	ਡਿਪਟੀ ਅਟਾਰਨੀ ਜਨਰਲ (ਕੈਲੀਫੋਰਨੀਆ)	ਜਸਟਿਸ ਵਿਭਾਗ ਵਿੱਚ ਸਿਵਲ ਰਾਈਟਸ ਅਤੇ ਕਾਨੂੰਨੀ ਮਾਮਲਿਆਂ ਦੀ ਪੈਰਵੀ।
1990 - 1992	ਕੈਲੀਫੋਰਨੀਆ ਸਟੇਟ ਅਸੈਂਬਲੀ ਮੈਂਬਰ	ਲਾਸ ਏਂਜਲਸ ਖੇਤਰ (59ਵਾਂ ਜ਼ਿਲ੍ਹਾ) ਦੀ ਨੁਮਾਇੰਦਗੀ।
1993 - 2017	ਯੂ.ਐੱਸ. ਕਾਂਗਰਸਮੈਨ (ਪ੍ਰਤੀਨਿਧੀ ਸਭਾ)	ਲਗਾਤਾਰ 24 ਸਾਲ ਕਾਂਗਰਸ ਮੈਂਬਰ, ਹਾਊਸ ਡੈਮੋਕ੍ਰੇਟਿਕ ਕਾਕਸ ਦੇ ਚੇਅਰਮੈਨ।
2017 - 2021	ਅਟਾਰਨੀ ਜਨਰਲ (ਕੈਲੀਫੋਰਨੀਆ)	ਹੈਲਥ ਕੇਅਰ (ACA), ਵਾਤਾਵਰਨ ਅਤੇ DACA ਦੇ ਹੱਕ ਵਿੱਚ ਦਰਜਨਾਂ ਫੈਡਰਲ ਮੁਕੱਦਮਿਆਂ ਦੀ ਅਗਵਾਈ।
2021 - 2025	ਅਮਰੀਕੀ ਸਿਹਤ ਮੰਤਰੀ (U.S. HHS Secretary)	ਰਾਸ਼ਟਰਪਤੀ ਬਾਈਡਨ ਪ੍ਰਸ਼ਾਸਨ ਵਿੱਚ ਕੋਵਿਡ ਟੀਕਾਕਰਨ ਅਤੇ ਦਵਾਈਆਂ ਦੀਆਂ ਕੀਮਤਾਂ ਘਟਾਉਣ ਦੇ ਪ੍ਰੋਗਰਾਮਾਂ ਦੀ ਅਗਵਾਈ।

ਸਾਢੇ ਤਿੰਨ ਦਹਾਕਿਆਂ ਦਾ ਵਿਧਾਨਕ ਤੇ ਪ੍ਰਸ਼ਾਸਕੀ ਤਜ਼ਰਬਾ

ਸੈਕਰਾਮੈਂਟੋ ਵਿੱਚ ਇੱਕ ਮੈਕਸੀਕਨ-ਅਮਰੀਕਨ ਯੂਨੀਅਨ ਮਜ਼ਦੂਰ ਪਰਿਵਾਰ ਵਿੱਚ ਜਨਮੇ ਜ਼ੇਵੀਅਰ ਬੇਸੇਰਾ ਆਪਣੇ ਖਾਨਦਾਨ ਵਿੱਚੋਂ ਪਹਿਲੀ ਚਾਰ-ਸਾਲਾ ਯੂਨੀਵਰਸਿਟੀ ਡਿਗਰੀ ਹਾਸਲ ਕਰਨ ਵਾਲੇ ਸ਼ਖ਼ਸ ਹਨ। ਉਹਨਾਂ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਬੈਚਲਰ ਅਤੇ ਸਟੈਨਫੋਰਡ ਲਾਅ ਸਕੂਲ ਤੋਂ ਕਾਨੂੰਨ ਦੀ ਡਿਗਰੀ (J.D.) ਹਾਸਲ ਕੀਤੀ।

ਸੱਤਾ ਤਬਾਦਲਾ ਅਤੇ ਅਗਲੇ ਕਦਮ

ਸਹੁੰ ਚੁੱਕ ਸਮਾਗਮ: ਕੈਲੀਫੋਰਨੀਆ ਦੇ ਸੰਵਿਧਾਨ ਤਹਿਤ ਜ਼ੇਵੀਅਰ ਬੇਸੇਰਾ 4 ਜਨਵਰੀ 2027 ਨੂੰ ਸੂਬੇ ਦੇ 41ਵੇਂ ਗਵਰਨਰ ਵਜੋਂ ਸਹੁੰ ਚੁੱਕਣਗੇ ਅਤੇ ਮੌਜੂਦਾ ਗਵਰਨਰ ਗੇਵਿਨ ਨਿਊਸਮ ਦੀ ਥਾਂ ਲੈਣਗੇ।

ਪ੍ਰਸ਼ਾਸਕੀ ਟ੍ਰਾਂਜ਼ੀਸ਼ਨ: ਅਗਲੇ ਦੋ ਮਹੀਨਿਆਂ ਵਿੱਚ ਇੱਕ ਰਸਮੀ ਟ੍ਰਾਂਜ਼ੀਸ਼ਨ ਟੀਮ ਬਣਾਈ ਜਾਵੇਗੀ ਜੋ ਬਜਟ, ਕੈਬਨਿਟ ਸਕੱਤਰਾਂ ਅਤੇ ਨੀਤੀ ਸਲਾਹਕਾਰਾਂ ਦੀ ਨਿਯੁਕਤੀ ਪ੍ਰਕਿਰਿਆ ਪੂਰੀ ਕਰੇਗੀ।

ਸਾਲਾਨਾ ਬਜਟ ਪ੍ਰਸਤਾਵ: ਸੰਵਿਧਾਨਕ ਜ਼ਰੂਰਤਾਂ ਅਨੁਸਾਰ 10 ਜਨਵਰੀ ਤੱਕ ਨਵਾਂ ਸਾਲਾਨਾ ਬਜਟ ਪੇਸ਼ ਕੀਤਾ ਜਾਵੇਗਾ, ਜਿਸ ਵਿੱਚ ਮਹਿੰਗਾਈ, ਸਿਹਤ ਸਹੂਲਤਾਂ ਅਤੇ ਰਿਹਾਇਸ਼ੀ ਲਾਗਤਾਂ ਮੁੱਖ ਤਰਜੀਹ ਹੋਣਗੀਆਂ।

ਦਸਤਾਰ ਦੀ ਬੇਅਦਬੀ, ਸਹਿਮਿਆ ਬਚਪਨ ਅਤੇ ਕਾਨੂੰਨ ਦਾ ਇਕਬਾਲ: ਸ਼ਾਹਜਹਾਂਪੁਰ ਕਾਂਡ ਨੇ ਝੰਜੋੜੀ ਸੰਵਿਧਾਨਕ ਜ਼ਮੀਰ

ਕਿਸੇ ਵੀ ਜਮਹੂਰੀ ਨਿਜ਼ਾਮ ਦੀ ਅਸਲ ਪਰਖ ਇਸ ਗੱਲ ਤੋਂ ਨਹੀਂ ਮਿਣੀ ਜਾਂਦੀ ਕਿ ਸੱਤਾ ਦੇ ਗਲਿਆਰਿਆਂ ਵਿੱਚ ਬਹੁਗਿਣਤੀ ਕਿੰਨੀ ਬੇਫ਼ਿਕਰ ਵਿਚਰਦੀ ਹੈ, ਸਗੋਂ ਇਸ ਪੁਖ਼ਤਾ ਕਸੌਟੀ ਤੋਂ ਹੁੰਦੀ ਹੈ ਕਿ ਉਸ ਮੁਲਕ ਦੀ ਘੱਟ-ਗਿਣਤੀ ਦਾ ਸਭ ਤੋਂ ਨਿਆਣਾ ਬੱਚਾ ਆਪਣੀ ਧਾਰਮਿਕ ਪਛਾਣ ਨਾਲ ਗਲੀਆਂ-ਬਾਜ਼ਾਰਾਂ ਵਿੱਚ ਕਿੰਨਾ ਮਹਿਫ਼ੂਜ਼ ਹੈ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਜ਼ਿਲ੍ਹੇ ਅਧੀਨ ਪੈਂਦੇ ਕਸਬਾ ਤਿਲਹਰ ਦੇ ਵਾਸੀ ਸਰਦਾਰ ਹਰਪਿੰਦਰ ਸਿੰਘ ਦੇ 15 ਸਾਲਾ ਨਾਬਾਲਗ਼ ਪੁੱਤਰ ਨਾਲ ਥਾਣਾ ਕੋਤਵਾਲੀ ਖੇਤਰ ਵਿੱਚ ਜੋ ਅਣਮਨੁੱਖੀ ਕਾਰਾ ਵਾਪਰਿਆ, ਉਸ ਨੇ ਨਾ ਸਿਰਫ਼ ਪੂਰੇ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਹਨ, ਸਗੋਂ ਸੂਬੇ ਅੰਦਰ 'ਕਾਨੂੰਨ ਦੇ ਰਾਜ' ਅਤੇ ਅਪਰਾਧੀਆਂ ਵਿਰੁੱਧ ਜ਼ੀਰੋ-ਟਾਲਰੈਂਸ ਦੇ ਪ੍ਰਸ਼ਾਸਨਿਕ ਦਾਅਵਿਆਂ ਦੇ ਪਰਖਚੇ ਉਡਾ ਦਿੱਤੇ ਹਨ।

15 ਸ਼ਰਾਰਤੀ ਅਨਸਰਾਂ ਵੱਲੋਂ ਇਕੱਠੇ ਹੋ ਕੇ ਇੱਕ ਨਿਹੱਥੇ ਮਾਸੂਮ ਬੱਚੇ ਨੂੰ ਘੇਰਨਾ, ਉਸ ਦੀ ਦਸਤਾਰ ਪੈਰਾਂ ਵਿੱਚ ਰੋਲਣੀ, ਜੁੱਤੀਆਂ ਨਾਲ ਅੰਨ੍ਹੇਵਾਹ ਤਸ਼ੱਦਦ ਢਾਹੁਣਾ ਅਤੇ ਰੱਸੀ ਨਾਲ ਗਲ਼ ਨੂੰ ਘੁੱਟ ਕੇ ਮੌਤ ਦੇ ਘਾਟ ਉਤਾਰਨ ਦੀ ਕੋਸ਼ਿਸ਼ ਕਰਨਾ ਕੋਈ ਆਮ ਮੁਹੱਲੇ ਦੀ ਖਹਿਬਾਜ਼ੀ ਜਾਂ ਬੱਚਿਆਂ ਦੀ ਆਪਸੀ ਤਕਰਾਰ ਨਹੀਂ ਹੈ। ਇਹ ਸਿੱਧੇ ਤੌਰ 'ਤੇ ਨਫ਼ਰਤੀ ਮਾਨਸਿਕਤਾ ਤੋਂ ਉਪਜਿਆ ਇੱਕ ਸੰਗੀਨ ਅਤੇ ਸਾਜ਼ਿਸ਼ੀ ਜੁਰਮ ਹੈ, ਜਿਸ ਦਾ ਮੁੱਖ ਨਿਸ਼ਾਨਾ ਬੱਚੇ ਦੇ ਸਿਰ 'ਤੇ ਸਜੀ ਉਹ ਦਸਤਾਰ ਸੀ ਜੋ ਦਸਾਂ ਪਾਤਸ਼ਾਹੀਆਂ ਵੱਲੋਂ ਬਖ਼ਸ਼ੀ ਅਣਖ, ਆਜ਼ਾਦੀ, ਇੱਜ਼ਤ ਅਤੇ ਬਰਾਬਰੀ ਦਾ ਸਰਵਉੱਚ ਪ੍ਰਤੀਕ ਹੈ।

ਜ਼ਮੀਨੀ ਹਕੀਕਤ ਅਤੇ ਪੁਲਿਸ ਦੀ ਸ਼ੱਕੀ ਭੂਮਿਕਾ

ਇਸ ਦਿਲ ਕੰਬਾਊ ਘਟਨਾ ਵਿੱਚ ਹਮਲਾਵਰਾਂ ਦੀ ਦਰਿੰਦਗੀ ਜਿੰਨੀ ਨਿੰਦਣਯੋਗ ਹੈ, ਉਸ ਤੋਂ ਕਿਤੇ ਵੱਧ ਚਿੰਤਾਜਨਕ ਪਹਿਲੂ ਸਥਾਨਕ ਪੁਲਿਸ ਪ੍ਰਸ਼ਾਸਨ ਦਾ ਗ਼ੈਰ-ਜ਼ਿੰਮੇਵਾਰਾਨਾ ਅਤੇ ਪੱਖਪਾਤੀ ਰਵੱਈਆ ਹੈ। ਪੀੜਤ ਪਰਿਵਾਰ ਦੇ ਬਿਆਨਾਂ ਨੇ ਜਾਂਚ ਪ੍ਰਣਾਲੀ ਦੇ ਅੰਦਰੂਨੀ ਨੁਕਸਾਂ ਨੂੰ ਨੰਗਾ ਕਰ ਦਿੱਤਾ ਹੈ:

ਜਦੋਂ ਵੀ ਘੱਟ-ਗਿਣਤੀਆਂ ਖ਼ਿਲਾਫ਼ ਅਜਿਹੀ ਸੰਗੀਨ ਹਿੰਸਾ ਹੁੰਦੀ ਹੈ, ਤਾਂ ਪੁਲਿਸ ਵੱਲੋਂ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਜਾਂ ਹਲਕੀਆਂ ਧਾਰਾਵਾਂ ਵਿੱਚ ਸਮੇਟਣ ਦਾ ਰੁਝਾਨ ਦੋਸ਼ੀਆਂ ਦੇ ਹੌਸਲੇ ਬੁਲੰਦ ਕਰਦਾ ਹੈ। ਜੇਕਰ ਉੱਤਰ ਪ੍ਰਦੇਸ਼ ਰਾਜ ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਅਤੇ ਯੂ.ਪੀ. ਸਿੱਖ ਗੁਰਦੁਆਰਾ ਤਾਲਮੇਲ ਕਮੇਟੀ ਦੇ ਚੇਅਰਮੈਨ ਸਰਦਾਰ ਪਰਵਿੰਦਰ ਸਿੰਘ ਇਸ ਮਾਮਲੇ ਦਾ ਨੋਟਿਸ ਨਾ ਲੈਂਦੇ, ਤਾਂ ਸ਼ਾਇਦ ਪੀੜਤ ਬੱਚੇ ਦੀ ਦਰਦਭਰੀ ਪੁਕਾਰ ਥਾਣੇ ਦੇ ਰਿਕਾਰਡ ਰੂਮ ਵਿੱਚ ਹੀ ਦਫ਼ਨ ਹੋ ਜਾਂਦੀ।

'ਦਸਤਾਰ' ਸਿਰਫ਼ ਲਿਬਾਸ ਨਹੀਂ, ਰੂਹ ਦਾ ਅੰਗ ਅਤੇ ਸੰਵਿਧਾਨਕ ਹੱਕ ਹੈ

ਭਾਰਤੀ ਸੰਵਿਧਾਨ ਦੀ ਧਾਰਾ 25 ਹਰ ਨਾਗਰਿਕ ਨੂੰ ਆਪਣੇ ਅਕੀਦੇ ਅਤੇ ਧਾਰਮਿਕ ਚਿੰਨ੍ਹਾਂ ਦੀ ਪਾਲਣਾ ਕਰਨ ਦੀ ਗਾਰੰਟੀ ਦਿੰਦੀ ਹੈ। ਇੱਕ ਸਿੱਖ ਲਈ ਦਸਤਾਰ ਸਿਰਫ਼ ਸਿਰ ਢਕਣ ਵਾਲਾ ਕੱਪੜਾ ਨਹੀਂ, ਸਗੋਂ ਉਸ ਦੇ ਸੀਸ ਅਤੇ ਆਤਮਾ ਦਾ ਅਟੁੱਟ ਅੰਗ ਹੈ। ਜਦੋਂ ਕਿਸੇ ਸਿੱਖ ਦੀ ਦਸਤਾਰ ਸੜਕ 'ਤੇ ਲਾਹੀ ਜਾਂਦੀ ਹੈ, ਤਾਂ ਇਹ ਸਿਰਫ਼ ਇੱਕ ਵਿਅਕਤੀ ਦਾ ਅਪਮਾਨ ਨਹੀਂ ਹੁੰਦਾ, ਸਗੋਂ ਇਹ ਉਸ ਸਮੁੱਚੀ ਕੌਮ ਦੀ ਆਣ-ਸ਼ਾਨ 'ਤੇ ਹਮਲਾ ਹੁੰਦਾ ਹੈ ਜਿਸ ਨੇ ਮੁਲਕ ਦੀਆਂ ਸਰਹੱਦਾਂ, ਖ਼ੁਰਾਕੀ ਸੁਰੱਖਿਆ ਅਤੇ ਆਜ਼ਾਦੀ ਦੇ ਸੰਗਰਾਮ ਵਿੱਚ ਸਭ ਤੋਂ ਵੱਧ ਖ਼ੂਨ ਵਹਾਇਆ ਹੈ।

ਉੱਤਰ ਪ੍ਰਦੇਸ਼ ਦੇ ਤਰਾਈ ਖੇਤਰ—ਸ਼ਾਹਜਹਾਂਪੁਰ, ਪੀਲੀਭੀਤ ਅਤੇ ਲਖੀਮਪੁਰ ਖੀਰੀ—ਵਿੱਚ ਸਿੱਖਾਂ ਨੇ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਬੰਜਰ ਜ਼ਮੀਨਾਂ ਨੂੰ ਸਰਸਬਜ਼ ਬਣਾਇਆ। ਪਰ ਪਿਛਲੇ ਕੁਝ ਵਰ੍ਹਿਆਂ ਤੋਂ ਇਸ ਖਿੱਤੇ ਵਿੱਚ ਸਿੱਖ ਕਿਸਾਨਾਂ ਅਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਘਟਨਾਵਾਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਅਜਿਹੀ ਗੰਭੀਰ ਗੁੰਡਾਗਰਦੀ ਨੂੰ ਅਕਸਰ 'ਆਪਸੀ ਝਗੜਾ' ਗਰਦਾਨ ਕੇ ਠੰਢੇ ਬਸਤੇ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਕਿ ਘੱਟ-ਗਿਣਤੀ ਭਾਈਚਾਰੇ ਅੰਦਰ ਡੂੰਘੀ ਬੇਗ਼ਾਨਗੀ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ।

ਸ਼ਾਸਨ ਦੀ ਪਰਖ ਅਤੇ ਤੁਰੰਤ ਲੋੜੀਂਦੇ ਕਦਮ

ਉੱਤਰ ਪ੍ਰਦੇਸ਼ ਸਰਕਾਰ ਅਕਸਰ ਕਾਨੂੰਨ ਦੇ ਇਕਬਾਲ ਅਤੇ ਅਪਰਾਧੀਆਂ ਨੂੰ ਸਬਕ ਸਿਖਾਉਣ ਦੇ ਦਾਅਵੇ ਕਰਦੀ ਹੈ। ਪਰ ਸ਼ਾਹਜਹਾਂਪੁਰ ਦੀ ਘਟਨਾ ਇਸ ਦਾਅਵੇ ਦੀ ਸਭ ਤੋਂ ਸਖ਼ਤ ਅਜ਼ਮਾਇਸ਼ ਹੈ। ਇਸ ਮਾਮਲੇ ਵਿੱਚ ਕਾਨੂੰਨੀ ਇਨਸਾਫ਼ ਯਕੀਨੀ ਬਣਾਉਣ ਲਈ ਤਿੰਨ ਠੋਸ ਕਦਮ ਫ਼ੌਰੀ ਤੌਰ 'ਤੇ ਚੁੱਕੇ ਜਾਣੇ ਲਾਜ਼ਮੀ ਹਨ:

1. ਧਾਰਾ 307 ਅਤੇ ਧਾਰਮਿਕ ਬੇਅਦਬੀ ਤਹਿਤ ਕਾਰਵਾਈ: ਮਾਮਲੇ ਵਿੱਚ ਸ਼ਾਮਲ ਸਾਰੇ 15 ਹਮਲਾਵਰਾਂ ਦੀ ਤੁਰੰਤ ਸ਼ਨਾਖ਼ਤ ਕਰਕੇ ਕਤਲ ਦੀ ਕੋਸ਼ਿਸ਼ (ਧਾਰਾ 307) ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੀਆਂ ਗ਼ੈਰ-ਜ਼ਮਾਨਤੀ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਜਾਵੇ।

2. ਲਾਪਰਵਾਹ ਪੁਲਿਸ ਅਧਿਕਾਰੀਆਂ 'ਤੇ ਸ਼ਿਕੰਜਾ: ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਸ਼ੁਰੂਆਤੀ ਜਾਂਚ ਵਿੱਚ ਅਣਗਹਿਲੀ ਵਰਤੀ ਅਤੇ ਪਰਿਵਾਰ 'ਤੇ ਕੇਸ ਹਲਕਾ ਕਰਨ ਲਈ ਦਬਾਅ ਪਾਇਆ, ਉਨ੍ਹਾਂ ਵਿਰੁੱਧ ਵਿਭਾਗੀ ਜਾਂਚ ਬਿਠਾ ਕੇ ਸਖ਼ਤ ਕਾਰਵਾਈ ਕੀਤੀ ਜਾਵੇ।

3. ਸਮਾਜਿਕ ਤੇ ਮਨੋਵਿਗਿਆਨਕ ਸੁਰੱਖਿਆ: ਪੀੜਤ ਨਾਬਾਲਗ਼ ਅਤੇ ਉਸ ਦੇ ਪਰਿਵਾਰ ਨੂੰ ਢੁਕਵੀਂ ਸੁਰੱਖਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਬੱਚੇ ਦੇ ਜ਼ਿਹਨ ਵਿੱਚੋਂ ਦਹਿਸ਼ਤ ਦਾ ਮਾਹੌਲ ਦੂਰ ਹੋ ਸਕੇ ਅਤੇ ਉਹ ਨਿਡਰ ਹੋ ਕੇ ਆਪਣਾ ਜੀਵਨ ਜਿਊ ਸਕੇ।

ਜੇਕਰ ਸਮਾਜ ਵਿੱਚ ਨਫ਼ਰਤੀ ਹਮਲਿਆਂ ਅਤੇ ਗੁੰਡਾਗਰਦੀ ਨੂੰ ਸਿਆਸੀ ਜਾਂ ਪ੍ਰਸ਼ਾਸਨਿਕ ਢਿੱਲ ਮਿਲਦੀ ਰਹੀ, ਤਾਂ ਇਸ ਦਾ ਖ਼ਮਿਆਜ਼ਾ ਸਮੁੱਚੇ ਭਾਈਚਾਰਕ ਤਾਣੇ-ਬਾਣੇ ਨੂੰ ਭੁਗਤਣਾ ਪਵੇਗਾ। ਦਸਤਾਰ ਦੇ ਗੌਰਵ ਦੀ ਰਾਖੀ ਕਰਨਾ ਸਿਰਫ਼ ਸਿੱਖ ਭਾਈਚਾਰੇ ਦਾ ਹੀ ਨਹੀਂ, ਸਗੋਂ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੀ ਮਰਿਆਦਾ ਨੂੰ ਬਚਾਉਣ ਦਾ ਸਭ ਤੋਂ ਵੱਡਾ ਇਮਤਿਹਾਨ ਹੈ।

ਪਹਿਲੂ	ਜ਼ਮੀਨੀ ਸਥਿਤੀ	ਪੈਦਾ ਹੋਇਆ ਸੰਵਿਧਾਨਕ ਸਵਾਲ
ਜੁਰਮ ਦਾ ਸਰੂਪ	15 ਵਿਅਕਤੀਆਂ ਵੱਲੋਂ ਘੇਰਾਬੰਦੀ, ਦਸਤਾਰ ਦੀ ਬੇਅਦਬੀ, ਗਰਦਨ 'ਤੇ ਰੱਸੀ ਦੇ ਡੂੰਘੇ ਨਿਸ਼ਾਨ	ਕੀ ਇਹ ਸਿੱਧੇ ਤੌਰ 'ਤੇ ਕਤਲ ਦੀ ਕੋਸ਼ਿਸ਼ (ਧਾਰਾ 307) ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਸੰਗੀਨ ਕੇਸ ਨਹੀਂ?
ਥਾਣਾ ਪੱਧਰੀ ਰਵੱਈਆ	ਤੱਥਾਂ ਨੂੰ ਤੋੜ-ਮਰੋੜ ਕੇ ਹਲਕੀਆਂ ਧਾਰਾਵਾਂ ਹੇਠ ਐੱਫ.ਆਈ.ਆਰ. ਦਰਜ ਕਰਵਾਉਣ ਲਈ ਪਰਿਵਾਰ 'ਤੇ ਦਬਾਅ	ਕੀ ਪੁਲਿਸ ਗੰਭੀਰ ਅਪਰਾਧਾਂ ਨੂੰ ਦਬਾ ਕੇ ਅੰਕੜਿਆਂ ਦੀ ਖੇਡ ਵਿੱਚ ਅਪਰਾਧੀਆਂ ਦੀ ਢਾਲ ਬਣ ਰਹੀ ਹੈ?
ਕਮਿਸ਼ਨ ਦੀ ਦਖ਼ਲਅੰਦਾਜ਼ੀ	ਯੂ.ਪੀ. ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਸਰਦਾਰ ਪਰਵਿੰਦਰ ਸਿੰਘ ਵੱਲੋਂ ਐੱਸ.ਪੀ. ਨੂੰ ਸਖ਼ਤ ਨਿਰਦੇਸ਼	ਕੀ ਸੂਬੇ ਵਿੱਚ ਉੱਚ-ਪੱਧਰੀ ਦਖ਼ਲ ਤੋਂ ਬਿਨਾਂ ਇੱਕ ਆਮ ਘੱਟ-ਗਿਣਤੀ ਪਰਿਵਾਰ ਨੂੰ ਇਨਸਾਫ਼ ਮਿਲਣਾ ਅਸੰਭਵ ਹੋ ਚੁੱਕਾ ਹੈ?

15 ਸਾਲਾ ਸਿੱਖ ਨਾਬਾਲਗ਼ ਦੀ ਕੁੱਟਮਾਰ ਅਤੇ ਦਸਤਾਰ ਦੀ ਬੇਅਦਬੀ ਮਾਮਲੇ ਦਾ ਉੱਤਰ ਪ੍ਰਦੇਸ਼ ਘੱਟ-ਗਿਣਤੀ ਕਮਿਸ਼ਨ ਵੱਲੋਂ ਸਖ਼ਤ ਨੋਟਿਸ; ਐੱਸ.ਪੀ. ਨੂੰ ਸਖ਼ਤ ਕਾਰਵਾਈ ਦੇ ਹੁਕਮ



ਸ਼ਾਹਜਹਾਂਪੁਰ (ਉੱਤਰ ਪ੍ਰਦੇਸ਼): ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਜ਼ਿਲ੍ਹੇ ਵਿੱਚ ਇੱਕ 15 ਸਾਲਾ ਸਿੱਖ ਨਾਬਾਲਗ਼ ਲੜਕੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ, ਉਸ ਦੀ ਦਸਤਾਰ ਉਤਾਰ ਕੇ ਬੇਅਦਬੀ ਕਰਨ, ਜੁੱਤੀਆਂ ਨਾਲ ਮਾਰਨ ਅਤੇ ਗਲਾ ਘੁੱਟ ਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਉੱਤਰ ਪ੍ਰਦੇਸ਼ ਰਾਜ ਘੱਟ-ਗਿਣਤੀ ਕਮਿਸ਼ਨ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਸ਼ਾਹਜਹਾਂਪੁਰ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ।

ਮੁੱਖ ਵੇਰਵੇ: ਸ਼ਾਹਜਹਾਂਪੁਰ ਘਟਨਾ

ਸਥਾਨ : ਥਾਣਾ ਕੋਤਵਾਲੀ ਖੇਤਰ, ਸ਼ਾਹਜਹਾਂਪੁਰ (ਉੱਤਰ ਪ੍ਰਦੇਸ਼)

ਪੀੜਤ : 15 ਸਾਲਾ ਸਿੱਖ ਨਾਬਾਲਗ਼ (ਸਰਦਾਰ ਹਰਪਿੰਦਰ ਸਿੰਘ ਦਾ ਸਪੁੱਤਰ, ਵਾਸੀ ਤਿਲਹਰ)

ਹਮਲਾਵਰ ਲਗਭਗ 15 ਸ਼ਰਾਰਤੀ ਅਨਸਰ/ਨੌਜਵਾਨ

ਜੁਰਮ ਦਾ ਸਰੂਪ : ਜਾਨਲੇਵਾ ਹਮਲਾ, ਦਸਤਾਰ ਲਾਹੁਣਾ (ਬੇਅਦਬੀ), ਜੁੱਤੀਆਂ ਨਾਲ ਕੁੱਟਮਾਰ, ਗਲਾ ਘੁੱਟਣ ਦੀ ਕੋਸ਼ਿਸ਼

ਨੋਟਿਸ ਕਰਤਾ : ਸਰਦਾਰ ਪਰਵਿੰਦਰ ਸਿੰਘ (ਮੈਂਬਰ, ਯੂ.ਪੀ. ਰਾਜ ਘੱਟ-ਗਿਣਤੀ ਕਮਿਸ਼ਨ ਅਤੇ ਚੇਅਰਮੈਨ, ਯੂ.ਪੀ. ਸਿੱਖ ਗੁਰਦੁਆਰਾ ਤਾਲਮੇਲ ਕਮੇਟੀ)

ਪ੍ਰਸ਼ਾਸਨਿਕ ਕਾਰਵਾਈ : ਪੁਲਿਸ ਸੁਪਰਡੈਂਟ (SP), ਸ਼ਾਹਜਹਾਂਪੁਰ ਨੂੰ ਤੁਰੰਤ ਸਖ਼ਤ ਧਾਰਾਵਾਂ ਤਹਿਤ ਕਾਰਵਾਈ ਦੇ ਨਿਰਦੇਸ਼

ਪਰਿਵਾਰ ਦੇ ਗੰਭੀਰ ਦੋਸ਼ ਅਤੇ ਪੁਲਿਸ ਜਾਂਚ 'ਤੇ ਸਵਾਲ

ਤਿਲਹਰ ਨਿਵਾਸੀ ਸਰਦਾਰ ਹਰਪਿੰਦਰ ਸਿੰਘ ਦੇ ਪੀੜਤ ਪਰਿਵਾਰ ਨਾਲ ਰਾਬਤਾ ਕਾਇਮ ਕਰਨ ਤੋਂ ਬਾਅਦ ਕਮਿਸ਼ਨ ਦੇ ਧਿਆਨ ਵਿੱਚ ਕਈ ਗੰਭੀਰ ਤੱਥ ਆਏ ਹਨ:

ਸਾਜ਼ਿਸ਼ ਤਹਿਤ ਜਾਨਲੇਵਾ ਹਮਲਾ: ਪੀੜਤ ਪਰਿਵਾਰ ਨੇ ਦੱਸਿਆ ਕਿ ਲਗਭਗ 15 ਨੌਜਵਾਨਾਂ ਨੇ ਇਕੱਠੇ ਹੋ ਕੇ ਨਾਬਾਲਗ਼ 'ਤੇ ਪੂਰੀ ਸਾਜ਼ਿਸ਼ ਨਾਲ ਜਾਨਲੇਵਾ ਹਮਲਾ ਕੀਤਾ। ਉਸ ਦੀ ਦਸਤਾਰ ਉਤਾਰ ਕੇ ਰੋਲ ਦਿੱਤੀ ਗਈ, ਜੁੱਤੀਆਂ ਨਾਲ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ ਅਤੇ ਰੱਸੀ ਨਾਲ ਗਲ਼ ਨੂੰ ਘੁੱਟ ਕੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਪੀੜਤ ਲੜਕੇ ਦੀ ਗਰਦਨ 'ਤੇ ਰੱਸੀ ਦੇ ਡੂੰਘੇ ਨਿਸ਼ਾਨ ਮੌਜੂਦ ਹਨ।

ਧਾਰਾਵਾਂ ਹਲਕੀਆਂ ਕਰਨ ਦਾ ਦੋਸ਼: ਪਰਿਵਾਰ ਨੇ ਦੋਸ਼ ਲਾਇਆ ਕਿ ਸ਼ੁਰੂਆਤੀ ਪੁਲਿਸ ਜਾਂਚ ਦੌਰਾਨ ਘਟਨਾ ਦੀ ਅਸਲ ਗੰਭੀਰਤਾ ਨੂੰ ਦਰਜ ਨਹੀਂ ਕੀਤਾ ਗਿਆ ਅਤੇ ਮਾਮਲੇ ਨੂੰ ਹਲਕਾ ਕਰਨ ਲਈ ਮੁਕਾਬਲਤਨ ਘੱਟ ਗੰਭੀਰ ਧਾਰਾਵਾਂ ਤਹਿਤ ਐੱਫ.ਆਈ.ਆਰ. (FIR) ਦਰਜ ਕਰਵਾਉਣ ਲਈ ਪਰਿਵਾਰ 'ਤੇ ਦਬਾਅ ਬਣਾਇਆ ਗਿਆ।

ਘੱਟ-ਗਿਣਤੀ ਕਮਿਸ਼ਨ ਦਾ ਸਖ਼ਤ ਰੁਖ਼

ਯੂ.ਪੀ. ਰਾਜ ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਅਤੇ ਯੂ.ਪੀ. ਸਿੱਖ ਗੁਰਦੁਆਰਾ ਤਾਲਮੇਲ ਕਮੇਟੀ ਦੇ ਚੇਅਰਮੈਨ ਸਰਦਾਰ ਪਰਵਿੰਦਰ ਸਿੰਘ ਨੇ ਖ਼ੁਦ ਪੀੜਤ ਪਰਿਵਾਰ ਨਾਲ ਗੱਲਬਾਤ ਕਰਕੇ ਸਾਰੀ ਘਟਨਾ ਦੀ ਵਿਸਥਾਰਪੂਰਵਕ ਜਾਣਕਾਰੀ ਲਈ:

1. ਐੱਸ.ਪੀ. ਸ਼ਾਹਜਹਾਂਪੁਰ ਨੂੰ ਹਦਾਇਤਾਂ: ਉਨ੍ਹਾਂ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਨਾਲ ਸਿੱਧੀ ਗੱਲਬਾਤ ਕਰਕੇ ਨਿਰਦੇਸ਼ ਦਿੱਤੇ ਕਿ ਨਾਬਾਲਗ਼ ਸਿੱਖ ਬੱਚੇ 'ਤੇ ਹੋਏ ਇਸ ਜ਼ੁਲਮ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਵਿਰੁੱਧ ਬਿਨਾਂ ਕਿਸੇ ਢਿੱਲ-ਮੱਠ ਦੇ ਸਖ਼ਤ ਕਾਰਵਾਈ ਕੀਤੀ ਜਾਵੇ। ਐੱਸ.ਪੀ. ਨੇ ਭਰੋਸਾ ਦਿੱਤਾ ਹੈ ਕਿ ਮਾਮਲੇ ਵਿੱਚ ਪੁਖ਼ਤਾ ਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ।

2. ਇਨਸਾਫ਼ ਦੀ ਗਾਰੰਟੀ: ਸਰਦਾਰ ਪਰਵਿੰਦਰ ਸਿੰਘ ਨੇ ਪੀੜਤ ਪਰਿਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਕਮਿਸ਼ਨ ਇਸ ਕੇਸ ਦੀ ਲਗਾਤਾਰ ਪੈਰਵਾਈ ਕਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਹਮਲਾ ਬੇਹੱਦ ਸੰਵੇਦਨਸ਼ੀਲ ਤੇ ਗੰਭੀਰ ਹੈ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

‘ਜ਼ਖ਼ਮ 84 ਦੇ’ ਸੰਮੇਲਨ ’ਚ 42 ਸਾਲ ਤੋਂ ਇਨਸਾਫ਼ ਨੂੰ ਉਡੀਕਦੇ ਪੀੜਤਾਂ ਦਾ ਛਲਕਿਆ ਦਰਦ

• ਸਿੱਖ ਕਤਲੇਆਮ ਤੇ ਚਿੱਟਾ ਪੰਜਾਬ ਦੀ ਰੂਹ ’ਤੇ ਡੂੰਘੇ ਜ਼ਖ਼ਮ : ਰਵੀ ਸ਼ੰਕਰ ਪ੍ਰਸਾਦ

• ਕਾਨੂੰਨੀ ਲੜਾਈ ਵਿਚ ਫੂਲਕਾ ਦੇ ਯੋਗਦਾਨ ਦੀ ਕੀਤੀ ਸ਼ਲਾਘਾ, ਨਿਆਂ ਮਿਲਣ ਤੱਕ ਲੜਾਈ ਜਾਰੀ ਰਹੇਗੀ : ਆਰ. ਪੀ. ਸਿੰਘ








ਚੰਡੀਗੜ੍ਹ : 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਜਾਰੀ ਸੰਘਰਸ਼ ਦੀ ਦਾਸਤਾਨ ਨੂੰ ਮੁੜ ਉਭਾਰਦਿਆਂ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵਲੋਂ ਇਕ ਰੋਜ਼ਾ ਸੰਮੇਲਨ ‘ਜ਼ਖ਼ਮ 84 ਦੇ’ ਕਰਵਾਇਆ। ਸੰਮੇਲਨ ਦੌਰਾਨ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਆਪਣੇ ਨਾਲ ਵਾਪਰੀਆਂ ਦਰਦਨਾਕ ਘਟਨਾਵਾਂ ਸਾਂਝੀਆਂ ਕੀਤੀਆਂ, ਜਦਕਿ ਭਾਜਪਾ ਦੇ ਕੌਮੀ ਅਤੇ ਸੂਬਾਈ ਆਗੂਆਂ ਨੇ ਇਨਸਾਫ਼ ਦੀ ਲੜਾਈ ਅਤੇ ਕਤਲੇਆਮ ਲਈ ਕਾਂਗਰਸ ਦੀ ਜਵਾਬਦੇਹੀ ਦੇ ਮੁੱਦੇ ’ਤੇ ਵਿਚਾਰ ਪ੍ਰਗਟ ਕੀਤੇ। ਸੰਮੇਲਨ ਵਿਚ ਸਾਬਕਾ ਕੇਂਦਰੀ ਮੰਤਰੀ ਅਤੇ ਲੋਕ ਸਭਾ ਮੈਂਬਰ ਰਵੀ ਸ਼ੰਕਰ ਪ੍ਰਸਾਦ, ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ, ਸੂਬਾ ਇੰਚਾਰਜ ਡਾ. ਸਤੀਸ਼ ਪੂਨੀਆ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਡਵੋਕੇਟ ਐਚ.ਐਸ. ਫੂਲਕਾ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਸੂਬਾ ਪ੍ਰਧਾਨ ਵਿਜੇ ਸਾਂਪਲਾ, ਸਾਬਕਾ ਜਸਟਿਸ ਐਸ. ਐਨ. ਢੀਂਗਰਾ, ਸਾਬਕਾ ਸੂਬਾ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ, ਸਾਬਕਾ ਲੋਕ ਸਭਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਆਰ.ਪੀ. ਸਿੰਘ ਅਤੇ ਹੋਰ ਆਗੂਆਂ ਨੇ ਸ਼ਮੂਲੀਅਤ ਕੀਤੀ। 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਨੂੰ ਇਨਸਾਫ਼ ਸਫ਼ਾ 3 ਦੀ ਬਾਕੀ ਦਿਵਾਉਣ ਦੀ ਮੰਗ ਨੂੰ ਉਭਾਰਨ ਲਈ ਕਰਵਾਏ ਗਏ ਸੰਮੇਲਨ ਦੀ ਸ਼ੁਰੂਆਤ ਪੀੜਤਾਂ ਦੀ ਆਤਮਿਕ ਸ਼ਾਂਤੀ ਤੇ ਇਨਸਾਫ਼ ਦੀ ਲੜਾਈ ਦੀ ਕਾਮਯਾਬੀ ਲਈ ਅਰਦਾਸ ਨਾਲ ਹੋਈ । ਇਸ ਮੌਕੇ ਰਵੀ ਸ਼ੰਕਰ ਪ੍ਰਸਾਦ, ਕੇਵਲ ਸਿੰਘ ਢਿੱਲੋਂ ਤੇ ਡਾ. ਸਤੀਸ਼ ਪੂਨੀਆ ਨੇ ਨਵੰਬਰ 1984 ਦੀਆਂ ਘਟਨਾਵਾਂ ਨੂੰ ਦਰਸਾਉਂਦੀ ਵਿਸ਼ੇਸ਼ ਇਤਿਹਾਸਕ ਫੋਟੋ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਲੜਾਈ ਅਜੇ ਅਧੂਰੀ ਹੈ। ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ ਤੋਂ ਸਵਾਲ ਕੀਤਾ ਕਿ ਉਹ ਆਪਣੇ ਪਿਤਾ ਰਾਜੀਵ ਗਾਂਧੀ ਦੇ 19 ਨਵੰਬਰ 1984 ਦੇ ਵਿਵਾਦਤ ਬਿਆਨ ਬਾਰੇ ਕੀ ਰੁਖ਼ ਰੱਖਦੇ ਹਨ ਅਤੇ ਕਾਂਗਰਸ ਨੇ ਅੱਜ ਤੱਕ ਦੇਸ਼ ਤੋਂ ਮੁਆਫ਼ੀ ਕਿਉਂ ਨਹੀਂ ਮੰਗੀ। ਉਨ੍ਹਾਂ ਪੀੜਤਾਂ ਲਈ ਸੀਨੀਅਰ ਵਕੀਲ ਐਚ.ਐਸ. ਫੂਲਕਾ ਵਲੋਂ ਕੀਤੀ ਲੰਮੀ ਕਾਨੂੰਨੀ ਲੜਾਈ ਦੀ ਸ਼ਲਾਘਾ ਵੀ ਕੀਤੀ। ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਐਸ.ਐਨ. ਢੀਂਗਰਾ ਨੇ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਪ੍ਰਕਿਰਿਆ ਵਿਚ ਗੰਭੀਰ ਖਾਮੀਆਂ ਉਜਾਗਰ ਕੀਤੀਆਂ। ਉਨ੍ਹਾਂ ਦੱਸਿਆ ਕਿ 200 ਤੋਂ ਵੱਧ ਵੱਖ-ਵੱਖ ਮਾਮਲਿਆਂ ਨੂੰ ਇਕ ਐੱਫ.ਆਈ.ਆਰ. ਵਿਚ ਜੋੜ ਕੇ ਦਸ ਸਾਲ ਤੱਕ ਖੋਲ੍ਹਿਆ ਨਹੀਂ ਗਿਆ। ਉਨ੍ਹਾਂ ਇਸ ਨੂੰ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਦਾ ਕਾਲਾ ਅਧਿਆਇ ਦੱਸਦਿਆਂ ਕਿਹਾ ਕਿ ਜਾਂਚ ਵਿਚ ਦੇਰੀ, ਪੁਲਿਸ ਦੀਆਂ ਖਾਮੀਆਂ ਅਤੇ ਮਾਮਲਿਆਂ ਨੂੰ ਬੰਦ ਕਰਨ ਦੇ ਤਰੀਕਿਆਂ ਨੇ ਪੀੜਤਾਂ ਨੂੰ ਇਨਸਾਫ਼ ਮਿਲਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ। ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਪੀੜਤ ਪਰਿਵਾਰਾਂ ਦੇ ਜ਼ਖ਼ਮ ਅਜੇ ਵੀ ਤਾਜ਼ਾ ਹਨ। ਉਨ੍ਹਾਂ ਕਾਂਗਰਸ ’ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਇਆ ਅਤੇ ਪੀੜਤਾਂ ਲਈ ਇਨਸਾਫ਼ ਦੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ। ਸੰਮੇਲਨ ਦੇ ਇਕ ਵਿਸ਼ੇਸ਼ ਸੈਸ਼ਨ ਵਿਚ ਨਿਰਪ੍ਰੀਤ ਕੌਰ, ਸਤਪਾਲ ਕੌਰ, ਦਰਸ਼ਨ ਕੌਰ, ਸੋਨੀਆ ਕੌਰ ਤੇ ਜਗਸ਼ੇਰ ਸਿੰਘ ਸਮੇਤ ਹੋਰ ਪੀੜਤਾਂ ਨੇ ਆਪਣੇ ਦਰਦਨਾਕ ਤਜ਼ਰਬੇ ਸਾਂਝੇ ਕੀਤੇ। ਨਿਰਪ੍ਰੀਤ ਕੌਰ ਨੇ ਦੱਸਿਆ ਕਿ ਕਤਲੇਆਮ ਸਮੇਂ ਉਹ 16 ਸਾਲਾਂ ਦੀ ਸੀ ਤੇ ਭੀੜ ਨੇ ਉਨ੍ਹਾਂ ਦੇ ਪਰਿਵਾਰ ’ਤੇ ਹਮਲਾ ਕਰਕੇ ਘਰ ਅਤੇ ਟਰੱਕ ਨੂੰ ਅੱਗ ਲਗਾ ਦਿੱਤੀ ਸੀ। ਉਨ੍ਹਾਂ ਸੱਜਣ ਕੁਮਾਰ ’ਤੇ ਭੀੜ ਨੂੰ ਭੜਕਾਉਣ ਦੇ ਦੋਸ਼ ਵੀ ਲਗਾਏ। ਸਤਪਾਲ ਕੌਰ ਨੇ ਦੱਸਿਆ ਕਿ ਉਨ੍ਹਾਂ ਦੀਆਂ ਚਾਰ ਭੈਣਾਂ ਨੂੰ ਬਚਾਉਣ ਲਈ ਗੁਆਂਢੀਆਂ ਨੇ ਮੰਜੇ ਹੇਠ ਲੁਕਾਇਆ ਸੀ ਤੇ ਬਾਅਦ ਵਿਚ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਗਸ਼ੇਰ ਸਿੰਘ ਨੇ ਵੀ ਹਿੰਸਾ ਦੌਰਾਨ ਇਕ ਹਿੰਦੂ ਪਰਿਵਾਰ ਵਲੋਂ ਦਿੱਤੀ ਪਨਾਹ ਅਤੇ ਲੋਕਾਂ ਨੂੰ ਬਚਾਉਣ ਦੀਆਂ ਘਟਨਾਵਾਂ ਬਿਆਨ ਕੀਤੀਆਂ। ਅੰਤ ਵਿਚ ਪੀੜਤਾਂ ਨੇ ਰਾਹੁਲ ਗਾਂਧੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ 1984 ਦੇ ਕਤਲੇਆਮ ਦੀ ਸੱਚਾਈ ਤੇ ਜ਼ਿੰਮੇਵਾਰ ਲੋਕਾਂ ਦੀ ਭੂਮਿਕਾ ਬਾਰੇ ਜਨਤਕ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਸਾਰੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਨਹੀਂ ਮਿਲਦੀਆਂ, ਉਦੋਂ ਤੱਕ ਇਨਸਾਫ਼ ਦੀ ਲੜਾਈ ਜਾਰੀ ਰਹੇਗੀ। ਇਸ ਮੌਕੇ ਮਨਜੀਤ ਸਿੰਘ ਰਾਏ, ਸੂਬਾ ਮੀਤ ਪ੍ਰਧਾਨ ਡਾ ਸੁਭਾਸ਼ ਸ਼ਰਮਾ, ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਨੀ, ਸਾਬਕਾ ਵਿਧਾਇਕ ਦਿਨੇਸ਼ ਬੱਬੂ, ਰਾਜੇਸ਼ ਬਾਘਾ, ਸੂਬਾ ਜਨਰਲ ਸਕੱਤਰ ਅਨਿਲ ਸਰੀਨ ਰਜਨੀਸ਼ ਧੀਮਾਨ, ਰਣਜੀਤ ਸਿੰਘ ਗਿੱਲ, ਸੂਬਾ ਮੀਡੀਆ ਮੁਖੀ ਵਿਨੀਤ ਜੋਸ਼ੀ, ਸੂਬਾ ਮੀਡੀਆ ਸਹਿ ਮੁਖੀ ਪ੍ਰਿਤਪਾਲ ਸਿੰਘ ਬਲੀਏਵਾਲ, ਪਰਮਪਾਲ ਕੌਰ ਮਲੂਕਾ, ਸੂਬਾ ਸਕੱਤਰ ਚਰਨਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ ਚੀਮਾ, ਸੌਰਭ ਕਪੂਰ, ਪ੍ਰਣਵ ਮਿਸ਼ਰਾ, ਐਡਵੋਕੇਟ ਐਨ ਕੇ ਵਰਮਾ, ਚੰਡੀਗੜ੍ਹ ਭਾਜਪਾ ਦੇ ਸੂਬਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ, ਚੰਡੀਗੜ੍ਹ ਦੇ ਮੇਅਰ ਸੌਰਭ ਜੋਸ਼ੀ, ਚੰਡੀਗੜ੍ਹ ਦੇ ਸਾਬਕਾ ਸੂਬਾ ਪ੍ਰਧਾਨ ਸੰਜੇ ਟੰਡਨ, ਸੌਰਭ ਭਾਰਦਵਾਜ, ਗਗਨਦੀਪ ਸਿੰਘ ਸੈਨੀ ਕੈਂਥ, ਸੁਖਵਿੰਦਰ ਸਿੰਘ ਕਾਕਾ ਕੰਬੋਜ, ਰੰਜਮ ਕਾਮਰਾ, ਸੰਜੀਵ ਵਸ਼ਿਸ਼ਟ, ਏਕਤਾ ਨਾਗਪਾਲ ਕਿਰਨਜੀਤ ਕੌਰ ਚੌਧਰੀ, ਐਸ.ਐਸ. ਚੰਨੀ, ਪੀ.ਐਸ. ਗਿੱਲ ਸਾਬਕਾ ਡੀ.ਜੀ.ਪੀ., ਡਾ. ਹਰਜੋਤ ਕਮਲ, ਸੰਦੀਪ ਸਿੰਘ ਬਰਾੜ, ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਅਨੁਜ ਖੋਸਲਾ ਸਮੇਤ ਵੱਡੀ ਗਿਣਤੀ ’ਚ ਪਾਰਟੀ ਵਰਕਰ ਤੇ ਆਗੂ ਹਾਜ਼ਰ ਸਨ।

42 ਸਾਲ ਬਾਅਦ ਵੀ ਹੋਂਦ ਚਿੱਲੜ ਦੇ ਸ਼ਹੀਦਾਂ ਨੂੰ ਇਨਸਾਫ਼ ਦੀ ਉਡੀਕ



ਚੰਡੀਗੜ੍ਹ : ਨਵੰਬਰ 1984 ਵਿਚ ਹਰਿਆਣਾ ਦੀ ਧਰਤੀ ਹੋਂਦ ਚਿੱਲੜ ’ਤੇ ਵਾਪਰੇ ਸਿੱਖ ਕਤਲੇਆਮ ਦਾ ਦਰਦ ਅੱਜ ਵੀ ਪੀੜਤ ਪਰਿਵਾਰਾਂ ਦੇ ਸੀਨਿਆਂ ਵਿਚ ਉਸੇ ਤਰ੍ਹਾਂ ਧੜਕ ਰਿਹਾ ਹੈ। 42 ਸਾਲ ਬੀਤ ਜਾਣ ਦੇ ਬਾਵਜੂਦ ਹੋਂਦ ਚਿੱਲੜ ਦੇ ਪੀੜਤ ਪਰਿਵਾਰਾਂ ਨੂੰ ਪੂਰਾ ਇਨਸਾਫ਼ ਨਾ ਮਿਲਣਾ ਦੇਸ਼ ਦੀ ਨਿਆਂ ਪ੍ਰਣਾਲੀ ਅਤੇ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ’ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਸੇ ਦਰਦ, ਸ਼ਹੀਦਾਂ ਦੀ ਯਾਦ ਅਤੇ ਇਨਸਾਫ਼ ਦੀ ਮੰਗ ਨੂੰ ਲੈ ਕੇ ਅੱਜ ਹੋਂਦ ਚਿੱਲੜ ਦੀ ਧਰਤੀ ’ਤੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਗੁਰਬਾਣੀ ਕੀਰਤਨ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੰਗਤ ਨੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਕਿ 1984 ਦੇ ਕਤਲੇਆਮ ਵਿਚ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਪ੍ਰਾਪਤ ਹੋਵੇ। ਸਮਾਗਮ ਦੌਰਾਨ ਸਿਰਫ਼ ਸ਼ਰਧਾਂਜਲੀ ਹੀ ਨਹੀਂ ਦਿੱਤੀ ਗਈ, ਸਗੋਂ ਇਹ ਸੰਕਲਪ ਵੀ ਲਿਆ ਗਿਆ ਕਿ ਜਦੋਂ ਤੱਕ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਇਸ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਪਾਇਲ ਤੋਂ ਮੌਜੂਦਾ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ, 1984 ਦੇ ਕਤਲੇਆਮ ਵਿੱਚ ਆਪਣੇ ਪਰਿਵਾਰ ਦੇ 12 ਜੀਅ ਗੁਆਉਣ ਵਾਲੀ ਸੁਰਜੀਤ ਕੌਰ ਰੇਵਾੜੀ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸੰਗਤਾਂ ਪਹੁੰਚੀਆਂ। ਸਮਾਗਮ ਵਿੱਚ ਸੁਰਜੀਤ ਕੌਰ ਰੇਵਾੜੀ ਦੀ ਸ਼ਮੂਲੀਅਤ ਵਿਸ਼ੇਸ਼ ਚਰਚਾ ਦਾ ਵਿਸ਼ਾ ਰਹੀ। ਉਨ੍ਹਾਂ ਨੇ 1984 ਦੇ ਕਤਲੇਆਮ ਦੌਰਾਨ ਆਪਣੇ ਪਰਿਵਾਰ ਦੇ 12 ਜੀਆਂ ਨੂੰ ਗੁਆਇਆ ਸੀ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵੀ ਸ਼ਮੂਲੀਅਤ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪੀੜਤ ਪਰਿਵਾਰਾਂ ਨਾਲ ਇਕਜੁੱਟਤਾ ਪ੍ਰਗਟਾਈ। ਸਮਾਗਮ ’ਚ ਸਰਪੰਚ ਪ੍ਰਗਟ ਸਿੰਘ ਸਿਆੜ, ਮਿਗਾ ਜਰਮਨ, ਚਰਨਜੀਤ ਚੰਨੀ, ਦਲਵਿੰਦਰ ਸਰਪੰਚ, ਮਨਜੀਤ ਡੀਸੀ ਅਤੇ ਗੁਰਜੰਟ ਸਿੰਘ ਖ਼ਾਲਸਾ ਸਮੇਤ ਹੋਰ ਸਿੱਖ ਆਗੂ ਅਤੇ ਸੰਗਤਾਂ ਹਾਜ਼ਰ ਸਨ।

1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਵਲੋਂ ਕਾਂਗਰਸ ਦੀ ਰੈਲੀ ਮੌਕੇ ਰੋਸ ਪ੍ਰਦਰਸ਼ਨ

ਸੰਗਰੂਰ : ਪਿੰਡ ਫੱਗੂਵਾਲਾ ਵਿਖੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਪੰਜਾਬ ਦੌਰੇ ਦੌਰਾਨ ਪਹਿਲੀ ਚੋਣ ਰੈਲੀ ਮੌਕੇ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਵਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪੀੜਤ ਪਰਿਵਾਰਾਂ ਦੀ ਜਥੇਬੰਦੀ ਦੇ ਆਗੂ ਸੁਰਜੀਤ ਸਿੰਘ ਦੀ ਅਗਵਾਈ ਹੇਠ ਵਿਧਵਾਵਾਂ, ਬਜ਼ੁਰਗਾਂ ਅਤੇ ਕਤਲੇਆਮ ਵਿਚ ਆਪਣੇ ਪਰਿਵਾਰਕ ਮੈਂਬਰ ਗੁਆ ਚੁੱਕੇ ਲੋਕਾਂ ਨੇ ਕਾਲੇ ਝੰਡੇ ਤੇ ਕਾਲੇ ਕੱਪੜੇ ਲਹਿਰਾ ਕੇ ਕਾਂਗਰਸ ਅਤੇ ਰਾਹੁਲ ਗਾਂਧੀ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨਾਂ ਅਤੇ ਸਥਾਨਕ ਪਿੰਡ ਵਾਸੀਆਂ ਨੇ ਵੀ ਪੀੜਤ ਪਰਿਵਾਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਨੂੰ 42 ਸਾਲ ਬੀਤ ਜਾਣ ਦੇ ਬਾਵਜੂਦ ਪੀੜਤ ਪਰਿਵਾਰਾਂ ਨੂੰ ਅਜੇ ਤੱਕ ਪੂਰਾ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਕਾਂਗਰਸ ਦੇ ਰਾਜ ਦੌਰਾਨ ਵਾਪਰੇ ਇਸ ਕਤਲੇਆਮ ਦੇ ਪੀੜਤ ਅੱਜ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਤਾਂ ਰਾਹੁਲ ਗਾਂਧੀ ਕਿਸ ਮੂੰਹ ਨਾਲ ਇਨਸਾਫ਼ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਦੀ ਗੱਲ ਸੁਣਨ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੈ। ਇਸ ਮੌਕੇ ਪੀੜਤ ਪਰਿਵਾਰ ਦੀ ਮੈਂਬਰ ਗੁਰਦੀਪ ਕੌਰ ਆਪਣੇ ਪਰਿਵਾਰ ਨਾਲ ਵਾਪਰੇ ਦੁਖਾਂਤ ਨੂੰ ਯਾਦ ਕਰਦਿਆਂ ਭਾਵੁਕ ਹੋ ਗਈ ਅਤੇ ਹੰਝੂਆਂ ਭਰੀਆਂ ਅੱਖਾਂ ਨਾਲ ਆਪਣਾ ਦਰਦ ਬਿਆਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਦੱਸਿਆ ਕਿ ਉਹ ਰਾਹੁਲ ਗਾਂਧੀ ਨੂੰ ਮਿਲ ਕੇ ਆਪਣੇ ਸਵਾਲਾਂ ਦੇ ਜਵਾਬ ਲੈਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਮਿਲਣ ਦਾ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾਂ ਅਨੁਸਾਰ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਬੱਸ ਵਿੱਚ ਬਿਠਾਇਆ ਅਤੇ ਮੌਕੇ ਤੋਂ ਲੈ ਗਈ। ਇਸ ਮੌਕੇ ਐਸੋਸੀਏਸ਼ਨ ਦੇ ਸਕੱਤਰ ਦਲਜੀਤ ਸਿੰਘ ਸੋਨੀ, ਬੀਬੀ ਰਾਣੀ ਧਾਲੀਵਾਲ, ਗੁਰਦੇਵ ਕੌਰ, ਰਾਜਵਿੰਦਰ ਕੌਰ, ਹਰਦੀਪ ਕੌਰ, ਸੰਗੀਤਾ ਕੌਰ, ਮਨਜੀਤ ਕੌਰ, ਇੰਦਰਪਾਲ ਸਿੰਘ, ਸਤਨਾਮ ਸਿੰਘ, ਹਰਪਾਲ ਸਿੰਘ, ਰਵਿੰਦਰਪਾਲ ਸਿੰਘ, ਅਮਰੀਕ ਸਿੰਘ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਧਰਮਿੰਦਰ ਸਿੰਘ ਅਤੇ ਮਾਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੀੜਤ ਪਰਿਵਾਰਾਂ ਦੇ ਮੈਂਬਰ ਅਤੇ ਸਮਰਥਕ ਹਾਜ਼ਰ ਸਨ।



ਸੰਗਰੂਰ: ਕਾਂਗਰਸ ਦੀ ਵਿਸ਼ਾਲ 'ਇਨਸਾਫ਼ ਰੈਲੀ'

ਖੜਗੇ ਨੂੰ ਭੇਟ ਕੀਤੀ ਗਈ ਤਲਵਾਰ, ਰਾਹੁਲ ਗਾਂਧੀ ਅਤੇ ਸਚਿਨ ਪਾਇਲਟ ਸਮੇਤ ਸੀਨੀਅਰ ਲੀਡਰਸ਼ਿਪ ਹੋਈ ਸ਼ਾਮਲ



















ਸੰਗਰੂਰ (ਪੰਜਾਬ), ਪੰਜਾਬ ਦੇ ਸੰਗਰੂਰ ਵਿਖੇ ਕਾਂਗਰਸ ਪਾਰਟੀ ਵੱਲੋਂ ਬੁੱਧਵਾਰ ਨੂੰ ਇੱਕ ਵਿਸ਼ਾਲ 'ਇਨਸਾਫ਼ ਰੈਲੀ' ਕੀਤੀ ਗਈ। ਇਸ ਮੌਕੇ ਕਾਂਗਰਸ ਦੇ ਕੌਮੀ ਪ੍ਰਧਾਨ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਸਮੇਤ ਕਾਂਗਰਸ ਦੀ ਸਮੁੱਚੀ ਸੂਬਾਈ ਲੀਡਰਸ਼ਿਪ ਮੰਚ 'ਤੇ ਹਾਜ਼ਰ ਰਹੀ।

ਸਟੇਜ 'ਤੇ ਪਾਰਟੀ ਆਗੂਆਂ ਵੱਲੋਂ ਮਲਿਕਾਰਜੁਨ ਖੜਗੇ ਨੂੰ ਰਵਾਇਤੀ ਤੌਰ 'ਤੇ ਸਨਮਾਨ ਵਜੋਂ ਤਲਵਾਰ ਭੇਟ ਕੀਤੀ ਗਈ, ਜਿਸ ਨੂੰ ਉਨ੍ਹਾਂ ਨੇ ਸਤਿਕਾਰ ਸਹਿਤ ਸੰਗਤਾਂ ਅਤੇ ਵਰਕਰਾਂ ਦੇ ਸਨਮੁਖ ਪ੍ਰਦਰਸ਼ਿਤ ਕੀਤਾ।

ਮੁੱਖ ਵੇਰਵੇ: ਸੰਗਰੂਰ 'ਇਨਸਾਫ਼ ਰੈਲੀ'

ਪੈਰਾਮੀਟਰ ਵੇਰਵਾ

ਸਥਾਨ : ਸੰਗਰੂਰ (ਮਾਲਵਾ ਖੇਤਰ), ਪੰਜਾਬ

ਦਿਨ ਤੇ ਮਿਤੀ : ਬੁੱਧਵਾਰ, 4 ਨਵੰਬਰ

ਮੁੱਖ ਮਹਿਮਾਨ : ਮਲਿਕਾਰਜੁਨ ਖੜਗੇ (ਕੌਮੀ ਪ੍ਰਧਾਨ ਤੇ ਰਾਜ ਸਭਾ LoP)

ਮੁੱਖ ਆਗੂ : ਰਾਹੁਲ ਗਾਂਧੀ (ਲੋਕ ਸਭਾ LoP), ਸਚਿਨ ਪਾਇਲਟ (ਪੰਜਾਬ ਕਾਂਗਰਸ ਇੰਚਾਰਜ)

ਰੈਲੀ ਦਾ ਮੰਤਵ : ਪੰਜਾਬ ਦੇ ਕਿਸਾਨੀ, ਆਰਥਿਕ ਅਤੇ ਸਮਾਜਿਕ ਮੁੱਦਿਆਂ 'ਤੇ ਸੂਬਾ ਤੇ ਕੇਂਦਰ ਸਰਕਾਰ ਵਿਰੁੱਧ ਜਨਤਕ ਲਾਮਬੰਦੀ

ਸਿਆਸੀ ਮਹੱਤਤਾ ਅਤੇ ਮੁੱਖ ਪਹਿਲੂ

ਮਾਲਵੇ ਦੇ ਗੜ੍ਹ 'ਚ ਸ਼ਕਤੀ ਪ੍ਰਦਰਸ਼ਨ: ਸੰਗਰੂਰ—ਜੋ ਮੁੱਖ ਮੰਤਰੀ ਭਗਵੰਤ ਮਾਨ ਦਾ ਸਿਆਸੀ ਗੜ੍ਹ ਮੰਨਿਆ ਜਾਂਦਾ ਹੈ—ਵਿੱਚ ਕਾਂਗਰਸ ਹਾਈਕਮਾਂਡ ਵੱਲੋਂ ਇਹ ਰੈਲੀ ਕਰਕੇ ਸੂਬੇ ਵਿੱਚ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਦਾ ਵੱਡਾ ਸੁਨੇਹਾ ਦਿੱਤਾ ਗਿਆ ਹੈ।

ਰਾਹੁਲ ਗਾਂਧੀ ਅਤੇ ਖੜਗੇ ਦੀ ਹਾਜ਼ਰੀ: ਲੋਕ ਸਭਾ ਅਤੇ ਰਾਜ ਸਭਾ ਦੇ ਦੋਵਾਂ ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਇੱਕੋ ਮੰਚ ਤੋਂ ਕਿਸਾਨਾਂ ਦੀ ਮੰਦਹਾਲੀ, ਫ਼ਸਲਾਂ ਦੇ ਮੁਆਵਜ਼ੇ, ਪਰਾਲੀ ਪ੍ਰਬੰਧਨ ਅਤੇ ਨੌਜਵਾਨਾਂ ਦੇ ਰੁਜ਼ਗਾਰ ਦੇ ਮੁੱਦੇ 'ਤੇ ਸੱਤਾਧਾਰੀ ਧਿਰ ਨੂੰ ਘੇਰਿਆ।

2027 ਵਿਧਾਨ ਸਭਾ ਚੋਣਾਂ ਦਾ ਬਿਗੁਲ: ਸਚਿਨ ਪਾਇਲਟ ਅਤੇ ਪੰਜਾਬ ਇਕਾਈ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਹ ਰੈਲੀ ਸਿਰਫ਼ ਵਿਰੋਧ ਪ੍ਰਦਰਸ਼ਨ ਨਹੀਂ, ਸਗੋਂ ਪੰਜਾਬ ਵਿੱਚ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਬਹਾਲੀ ਲਈ ਪਾਰਟੀ ਦੇ ਆਗਾਮੀ ਸੰਘਰਸ਼ ਦੀ ਰੂਪ-ਰੇਖਾ ਹੈ।

ਆਮ ਆਦਮੀ ਪਾਰਟੀ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੇ ਟਿਕਾਣਿਆਂ 'ਤੇ ਈ.ਡੀ. (ED) ਦੇ ਛਾਪੇ; ਜ਼ਮੀਨ ਘੁਟਾਲੇ ਤੇ ਮਨੀ ਲਾਂਡਰਿੰਗ ਮਾਮਲੇ 'ਚ ਕਾਰਵਾਈ









ਮੋਗਾ (ਪੰਜਾਬ) : ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਬੁੱਧਵਾਰ ਨੂੰ ਮਨੀ ਲਾਂਡਰਿੰਗ ਰੋਕਥਾਮ ਕਾਨੂੰਨ (PMLA) ਤਹਿਤ ਆਮ ਆਦਮੀ ਪਾਰਟੀ (ਆਪ) ਦੀ ਮੋਗਾ ਤੋਂ ਵਿਧਾਇਕਾ ਅਤੇ ਪਾਰਟੀ ਦੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਡਾ. ਅਮਨਦੀਪ ਕੌਰ ਅਰੋੜਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਤ ਟਿਕਾਣਿਆਂ 'ਤੇ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ। ਕੇਂਦਰੀ ਜਾਂਚ ਏਜੰਸੀ ਵੱਲੋਂ ਸੀ.ਆਰ.ਪੀ.ਐੱਫ. (CRPF) ਜਵਾਨਾਂ ਦੇ ਸਖ਼ਤ ਸੁਰੱਖਿਆ ਘੇਰੇ ਹੇਠ ਮੋਗਾ ਸਥਿਤ ਵਿਧਾਇਕਾ ਦੀ ਰਿਹਾਇਸ਼ ਸਮੇਤ ਕੁੱਲ ਸੱਤ ਵੱਖ-ਵੱਖ ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ।

ਮੁੱਖ ਵੇਰਵੇ: ਈ.ਡੀ. ਕਾਰਵਾਈ ਇੱਕ ਨਜ਼ਰ 'ਚ

ਪੈਰਾਮੀਟਰ ਵੇਰਵਾ

ਜਾਂਚ ਏਜੰਸੀ : ਇਨਫੋਰਸਮੈਂਟ ਡਾਇਰੈਕਟੋਰੇਟ (ED)

ਨਿਸ਼ਾਨਾ : ਡਾ. ਅਮਨਦੀਪ ਕੌਰ ਅਰੋੜਾ (ਵਿਧਾਇਕਾ ਮੋਗਾ, ਪ੍ਰਧਾਨ ਮਹਿਲਾ ਵਿੰਗ 'ਆਪ' ਪੰਜਾਬ) ਅਤੇ ਪਰਿਵਾਰ

ਕਾਨੂੰਨੀ ਧਾਰਾ : ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ (PMLA)

ਛਾਪੇਮਾਰੀ ਵਾਲੇ ਸਥਾਨ : ਮੋਗਾ ਵਿੱਚ ਰਿਹਾਇਸ਼, ਕਾਰੋਬਾਰੀ ਅਦਾਰੇ ਅਤੇ ਪਤੀ ਡਾ. ਰਾਕੇਸ਼ ਅਰੋੜਾ ਨਾਲ ਸਬੰਧਤ ਨਸ਼ਾ ਛੁਡਾਊ ਹਸਪਤਾਲ ਸਮੇਤ 7 ਟਿਕਾਣੇ

ਕੇਸ ਦਾ ਆਧਾਰ : ਨੈਸ਼ਨਲ ਹਾਈਵੇਅ 754-ਏ ਐਕਵਾਇਰ ਜ਼ਮੀਨ ਦੇ ਮੁਆਵਜ਼ੇ ਦੀ ਵੰਡ ਅਤੇ ਇਤਕਾਲ 'ਚ ਗੜਬੜੀ (ਜੂਨ 2024 ਦੀ ਪੁਲਿਸ FIR)

ਸੁਰੱਖਿਆ ਦਸਤੇ : ਸੀ.ਆਰ.ਪੀ.ਐੱਫ. (CRPF) ਦੇ ਹਥਿਆਰਬੰਦ ਜਵਾਨ ਤਾਇਨਾਤ

ਮਾਮਲੇ ਦਾ ਪਿਛੋਕੜ ਅਤੇ ਜਾਂਚ ਦੇ ਕਾਰਨ

ਨੈਸ਼ਨਲ ਹਾਈਵੇਅ ਜ਼ਮੀਨ ਘੁਟਾਲਾ: ਈ.ਡੀ. ਦੀ ਇਹ ਜਾਂਚ ਪੰਜਾਬ ਪੁਲਿਸ ਵੱਲੋਂ ਜੂਨ 2024 ਵਿੱਚ ਦਰਜ ਕੀਤੀ ਗਈ ਇੱਕ ਐੱਫ.ਆਈ.ਆਰ. 'ਤੇ ਆਧਾਰਿਤ ਹੈ। ਇਸ ਮਾਮਲੇ ਵਿੱਚ ਦੋਸ਼ ਲਾਇਆ ਗਿਆ ਸੀ ਕਿ ਨੈਸ਼ਨਲ ਹਾਈਵੇਅ ਨੰਬਰ 754-ਏ ਲਈ ਐਕਵਾਇਰ ਕੀਤੀ ਗਈ ਸਰਕਾਰੀ ਜ਼ਮੀਨ ਦੇ ਇੰਤਕਾਲਾਂ ਵਿੱਚ ਫ਼ਰਜ਼ੀਵਾੜਾ ਕਰਕੇ ਕਰੋੜਾਂ ਰੁਪਏ ਦਾ ਮੁਆਵਜ਼ਾ ਗ਼ਲਤ ਤਰੀਕੇ ਨਾਲ ਵੰਡਿਆ ਗਿਆ ਅਤੇ ਸਰਕਾਰੀ ਫੰਡਾਂ ਦਾ ਘਪਲਾ ਕੀਤਾ ਗਿਆ।

ਨਸ਼ਾ ਛੁਡਾਊ ਕੇਂਦਰ ਦੀ ਤਲਾਸ਼ੀ: ਜਾਂਚ ਟੀਮਾਂ ਨੇ ਵਿਧਾਇਕਾ ਦੇ ਪਤੀ ਡਾ. ਰਾਕੇਸ਼ ਅਰੋੜਾ ਨਾਲ ਜੁੜੇ ਇੱਕ ਨਿੱਜੀ ਨਸ਼ਾ ਛੁਡਾਊ ਅਤੇ ਪੁਨਰਵਾਸ ਹਸਪਤਾਲ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਰਿਕਾਰਡ ਖੰਗਾਲਿਆ।

ਸਿਆਸੀ ਗਰਮਾ-ਗਰਮੀ ਅਤੇ ਪ੍ਰਤੀਕਿਰਿਆਵਾਂ

2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਰਵਾਈ: ਆਮ ਆਦਮੀ ਪਾਰਟੀ ਵੱਲੋਂ ਹਾਲ ਹੀ ਵਿੱਚ ਡਾ. ਅਮਨਦੀਪ ਕੌਰ ਅਰੋੜਾ ਨੂੰ ਆਗਾਮੀ 2027 ਪੰਜਾਬ ਵਿਧਾਨ ਸਭਾ ਚੋਣਾਂ ਲਈ ਮੋਗਾ ਹਲਕੇ ਤੋਂ ਮੁੜ ਉਮੀਦਵਾਰ ਐਲਾਨਿਆ ਗਿਆ ਹੈ। ਚੋਣ ਸਰਗਰਮੀਆਂ ਸ਼ੁਰੂ ਹੋਣ ਦੇ ਦਰਮਿਆਨ ਇਸ ਛਾਪੇਮਾਰੀ ਨੇ ਸੂਬੇ ਦੇ ਸਿਆਸੀ ਪਾਰੇ ਨੂੰ ਭਖਾ ਦਿੱਤਾ ਹੈ।

'ਆਪ' ਵਰਕਰਾਂ ਦਾ ਵਿਰੋਧ ਪ੍ਰਦਰਸ਼ਨ: ਈ.ਡੀ. ਦੀ ਛਾਪੇਮਾਰੀ ਦੀ ਖ਼ਬਰ ਮਿਲਦਿਆਂ ਹੀ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਵਿਧਾਇਕਾ ਦੀ ਰਿਹਾਇਸ਼ ਦੇ ਬਾਹਰ ਇਕੱਠੇ ਹੋ ਗਏ ਅਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪਾਰਟੀ ਵਰਕਰਾਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵਿਰੋਧੀ ਆਗੂਆਂ 'ਤੇ ਦਬਾਅ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

ਯੂਬਾ ਸਿਟੀ 'ਚ ਉਮੜਿਆ ਸ਼ਰਧਾ ਦਾ ਅਥਾਹ ਸਮੁੰਦਰ: ਖ਼ਾਲਸਾਈ ਜਾਹੋ-ਜਲਾਲ ਨਾਲ 47ਵਾਂ ਮਹਾਨ ਨਗਰ ਕੀਰਤਨ ਸੰਪੰਨ

ਅਮਨ-ਸ਼ਾਂਤੀ, ਅਤੁੱਟ ਲੰਗਰਾਂ ਅਤੇ ਨਿਸ਼ਕਾਮ ਸੇਵਾ ਨੇ ਸਿਰਜਿਆ ਇਤਿਹਾਸ









ਯੂਬਾ ਸਿਟੀ/ਕੈਲੀਫੋਰਨੀਆ (ਵਿਸ਼ੇਸ਼ ਪ੍ਰਤੀਨਿਧ) : ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦਾ 47ਵਾਂ ਮਹਾਨ ਸਾਲਾਨਾ ਨਗਰ ਕੀਰਤਨ ਅਤੇ ਪਿਛਲੇ ਪੰਦਰਾਂ ਦਿਨਾਂ ਤੋਂ ਚੱਲ ਰਹੇ ਧਾਰਮਿਕ ਸਮਾਗਮ ਪੂਰੇ ਖ਼ਾਲਸਾਈ ਜਾਹੋ-ਜਲਾਲ, ਅਥਾਹ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋ ਗਏ ਹਨ। ਇਸ ਵਰ੍ਹੇ ਸਮਾਗਮਾਂ ਵਿੱਚ ਪਿਛਲੇ ਸਾਲਾਂ ਦੇ ਮੁਕਾਬਲੇ ਕਰੀਬ ਦੁੱਗਣੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਸਭ ਤੋਂ ਵਿਸ਼ੇਸ਼ ਅਤੇ ਸ਼ਲਾਘਾਯੋਗ ਪਹਿਲੂ ਇਹ ਰਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਜੁੜੇ ਇਸ ਵਿਸ਼ਾਲ ਇਕੱਠ ਦੌਰਾਨ ਕਿਸੇ ਕਿਸਮ ਦਾ ਕੋਈ ਝਗੜਾ ਜਾਂ ਅਣਸੁਖਾਵੀਂ ਘਟਨਾ ਨਹੀਂ ਵਾਪਰੀ, ਜਿਸ ਕਾਰਨ ਸਮੁੱਚੀ ਸਾਧ ਸੰਗਤ, ਪ੍ਰਬੰਧਕਾਂ ਅਤੇ ਸਥਾਨਕ ਪ੍ਰਸ਼ਾਸਨ ਵਿੱਚ ਭਾਰੀ ਤਸੱਲੀ ਅਤੇ ਖ਼ੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।

ਮੁੱਖ ਵੇਰਵੇ: 47ਵੇਂ ਮਹਾਨ ਨਗਰ ਕੀਰਤਨ ਦੀ ਰੂਪ-ਰੇਖਾ

ਸਮਾਗਮ : 47ਵਾਂ ਵਿਸ਼ਾਲ ਸਾਲਾਨਾ ਨਗਰ ਕੀਰਤਨ (ਗੁਰਤਾਗੱਦੀ ਦਿਵਸ ਨੂੰ ਸਮਰਪਿਤ)

ਮੁੱਖ ਸਥਾਨ ਸਿੱਖ ਟੈਂਪਲ, ਟੀਏਰਾ ਬਿਊਨਾ ਰੋਡ (Tierra Buena Road), ਯੂਬਾ ਸਿਟੀ, ਕੈਲੀਫੋਰਨੀਆ

ਸਮਾਗਮਾਂ ਦੀ ਮਿਆਦ : 15 ਦਿਨਾਂ ਧਾਰਮਿਕ ਦੀਵਾਨ ਲੜੀ; ਮੁੱਖ ਨਗਰ ਕੀਰਤਨ ਐਤਵਾਰ ਨੂੰ

ਸੰਗਤਾਂ ਦੀ ਆਮਦ : ਲੱਖਾਂ ਦੀ ਗਿਣਤੀ ਵਿੱਚ ਸੰਸਾਰ ਭਰ ਤੋਂ ਪਹੁੰਚੀ ਸੰਗਤ (ਪਿਛਲੇ ਸਾਲਾਂ ਨਾਲੋਂ ਲਗਭਗ ਦੁੱਗਣੀ)

ਮੁੱਖ ਆਕਰਸ਼ਣ : ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਵਾਲਾ ਫਲੋਟ, ਹਜ਼ੂਰੀ ਰਾਗੀ ਜਥਿਆਂ ਦਾ ਕੀਰਤਨ, ਗੱਤਕਾ ਪ੍ਰਦਰਸ਼ਨ ਅਤੇ ਅਤੁੱਟ ਲੰਗਰ

ਕਾਨੂੰਨ-ਵਿਵਸਥਾ : ਪੂਰਨ ਅਮਨ-ਅਮਾਨ, ਜ਼ੀਰੋ ਅਣਸੁਖਾਵੀਂ ਘਟਨਾ, ਮਿਸਾਲੀ ਅਨੁਸ਼ਾਸਨ ਤੇ ਪ੍ਰਬੰਧ

ਸਮਾਗਮਾਂ ਦੀ ਲੜੀ ਅਤੇ ਮੁੱਖ ਪੜਾਅ

ਪੰਦਰਾਂ ਦਿਨਾਂ ਤੱਕ ਚੱਲੇ ਇਨ੍ਹਾਂ ਧਾਰਮਿਕ ਸਮਾਗਮਾਂ ਦੌਰਾਨ ਹਰ ਰੋਜ਼ ਗੁਰਮਤਿ ਪ੍ਰਵਾਹ ਚੱਲਦਾ ਰਿਹਾ, ਜਿਸ ਦੇ ਮੁੱਖ ਪੜਾਅ ਇਸ ਪ੍ਰਕਾਰ ਰਹੇ:

ਆਕਰਸ਼ਕ ਆਤਿਸ਼ਬਾਜ਼ੀ (31 ਅਕਤੂਬਰ): 31 ਅਕਤੂਬਰ ਦੀ ਰਾਤ ਨੂੰ ਅਸਮਾਨ ਵਿੱਚ ਸ਼ਾਨਦਾਰ ਅਤੇ ਰੰਗ-ਬਿਰੰਗੀ ਆਤਿਸ਼ਬਾਜ਼ੀ ਚਲਾਈ ਗਈ, ਜਿਸ ਨੇ ਸਮਾਗਮਾਂ ਦੇ ਆਗਾਜ਼ ਵਿੱਚ ਵਿਸ਼ੇਸ਼ ਰੌਣਕ ਬੰਨ੍ਹ ਦਿੱਤੀ।

ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਦੀ ਸੇਵਾ (1 ਨਵੰਬਰ): ਸ਼ਨੀਵਾਰ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਪ੍ਰਾਣੀਆਂ ਨੇ ਪੰਜ ਪਿਆਰਿਆਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦਾ ਸੁਭਾਗ ਪ੍ਰਾਪਤ ਕੀਤਾ। ਦਿਨੇ 11:00 ਵਜੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਨਿਸ਼ਾਨ ਸਾਹਿਬ ਦੇ ਪਵਿੱਤਰ ਚੋਲੇ ਦੀ ਸੇਵਾ ਸ਼ਰਧਾਪੂਰਵਕ ਸੰਪੂਰਨ ਹੋਈ।

ਸਿੱਖ ਸੈਮੀਨਾਰ ਤੇ ਵਿਚਾਰਧਾਰਕ ਮੰਥਨ: ਦੁਪਹਿਰ ਉਪਰੰਤ ਉਚੇਚੇ ਤੌਰ 'ਤੇ 'ਸਿੱਖ ਸੈਮੀਨਾਰ' ਕਰਵਾਇਆ ਗਿਆ, ਜਿਸ ਵਿੱਚ ਵਿਸ਼ਵ ਪ੍ਰਸਿੱਧ ਵਿਦਵਾਨਾਂ ਨੇ ਗੁਰਮਤਿ ਫ਼ਲਸਫ਼ੇ, ਨੌਜਵਾਨ ਪੀੜ੍ਹੀ ਨੂੰ ਵਿਰਸੇ ਨਾਲ ਜੋੜਨ ਅਤੇ ਸਮਾਜਿਕ ਚੁਣੌਤੀਆਂ 'ਤੇ ਵਿਸਥਾਰਪੂਰਵਕ ਵਿਚਾਰ ਸਾਂਝੇ ਕੀਤੇ।

ਰੈਣ ਸਬਾਈ ਕੀਰਤਨ ਤੇ ਦੀਵਾਨ: ਰੈਣ ਸਬਾਈ ਕੀਰਤਨ ਦਰਬਾਰ ਦੌਰਾਨ ਸੰਗਤਾਂ ਨੇ ਰਾਤ ਭਰ ਇਲਾਹੀ ਗੁਰਬਾਣੀ ਦੇ ਰਸਭਿੰਨੇ ਕੀਰਤਨ ਦਾ ਆਨੰਦ ਮਾਣਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨਾਂ ਵਿੱਚ ਉੱਚ-ਕੋਟੀ ਦੇ ਰਾਗੀ, ਢਾਡੀ ਅਤੇ ਪ੍ਰਚਾਰਕ ਜਥਿਆਂ ਨੇ ਕੌਮੀ ਇਤਿਹਾਸ ਸਰਵਣ ਕਰਵਾਇਆ। ਪੰਥਕ ਆਗੂਆਂ, ਧਾਰਮਿਕ ਬੁਲਾਰਿਆਂ ਅਤੇ ਸਥਾਨਕ ਸਿਆਸੀ ਸ਼ਖ਼ਸੀਅਤਾਂ ਨੇ ਸੰਗਤ ਦੇ ਰੂ-ਬ-ਰੂ ਹੁੰਦਿਆਂ ਭਾਈਚਾਰਕ ਸਾਂਝ ਅਤੇ ਧਾਰਮਿਕ ਅਣਖ ਦਾ ਸੁਨੇਹਾ ਦਿੱਤਾ।

47ਵੇਂ ਮਹਾਨ ਨਗਰ ਕੀਰਤਨ ਦਾ ਅਲੌਕਿਕ ਕਾਫ਼ਲਾ

ਐਤਵਾਰ ਨੂੰ ਸਜਾਏ ਗਏ 47ਵੇਂ ਮਹਾਨ ਨਗਰ ਕੀਰਤਨ ਵਿੱਚ ਸਵੇਰ ਤੋਂ ਹੀ ਸ਼ਰਧਾਲੂਆਂ ਦੀਆਂ ਮੀਲਾਂ ਲੰਮੀਆਂ ਕਤਾਰਾਂ ਗੁਰੂ ਚਰਨਾਂ ਵਿੱਚ ਨਤਮਸਤਕ ਹੋਣ ਲਈ ਦੇਖਣ ਨੂੰ ਮਿਲੀਆਂ: 1. ਅਰਦਾਸ ਤੇ ਰਵਾਨਗੀ: ਸਵੇਰੇ 10:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਨਾਲ ਨਗਰ









ਯੂਬਾ ਸਿਟੀ 'ਚ ਉਮੜਿਆ ਸ਼ਰਧਾ ਦਾ ਅਥਾਹ ਸਮੁੰਦਰ: ਖ਼ਾਲਸਾਈ ਜਾਹੋ-ਜਲਾਲ ਨਾਲ 47ਵਾਂ ਮਹਾਨ ਨਗਰ ਕੀਰਤਨ ਸੰਪੰਨ

ਅਮਨ-ਸ਼ਾਂਤੀ, ਅਤੁੱਟ ਲੰਗਰਾਂ ਅਤੇ ਨਿਸ਼ਕਾਮ ਸੇਵਾ ਨੇ ਸਿਰਜਿਆ ਇਤਿਹਾਸ









ਕੀਰਤਨ ਆਰੰਭ ਹੋਇਆ।

2. ਮੁੱਖ ਫਲੋਟ ਅਤੇ ਇਲਾਹੀ ਕੀਰਤਨ: ਫੁੱਲਾਂ ਨਾਲ ਅਲੌਕਿਕ ਢੰਗ ਨਾਲ ਸਜਾਏ ਗਏ ਮੁੱਖ ਫਲੋਟ ਅੰਦਰ ਸੁੰਦਰ ਪਾਲਕੀ ਸਾਹਿਬ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ। ਪ੍ਰਬੰਧਕ ਕਮੇਟੀ ਦੇ ਉਚੇਚੇ ਸੱਦੇ 'ਤੇ ਭਾਰਤ ਤੋਂ ਪਹੁੰਚੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਸਾਰੇ ਰਸਤੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

3. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਗੱਤਕਾ ਪ੍ਰਦਰਸ਼ਨ: ਮੁੱਖ ਫਲੋਟ ਦੇ ਪਿੱਛੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰ ਮਾਡਲ ਵਾਲਾ ਫਲੋਟ ਸੰਗਤਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਨੌਜਵਾਨਾਂ ਅਤੇ ਬੱਚਿਆਂ ਦੇ ਜਥਿਆਂ ਨੇ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਸ਼ਾਨਦਾਰ ਜੌਹਰ ਦਿਖਾ ਕੇ ਸਿੱਖੀ ਦੀ ਬੀਰ-ਰਸੀ ਪਰੰਪਰਾ ਨੂੰ ਤਾਜ਼ਾ ਕੀਤਾ।

4. ਜਾਗਰੂਕਤਾ ਬੂਥ: ਸਮਾਜ ਸੇਵੀ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਵੱਖ-ਵੱਖ ਬੂਥ ਲਗਾ ਕੇ ਲੋਕਾਂ ਨੂੰ ਸਿਹਤ ਸਹੂਲਤਾਂ, ਸਮਾਜ ਭਲਾਈ ਅਤੇ ਸਮਾਜਿਕ-ਧਾਰਮਿਕ ਮੁੱਦਿਆਂ ਦੇ ਹੱਲ ਲਈ ਜਾਗਰੂਕ ਕੀਤਾ।

ਸੇਵਾ, ਸਿਮਰਨ ਅਤੇ ਅਤੁੱਟ ਲੰਗਰ: ਧਰਤੀ 'ਤੇ ਸਵਰਗ ਵਰਗਾ ਨਜ਼ਾਰਾ

ਯੂਬਾ ਸਿਟੀ ਦੀ ਧਰਤੀ ਪਿਛਲੇ ਤਿੰਨ ਦਿਨਾਂ ਤੋਂ ਰੱਬੀ ਰੰਗ ਵਿੱਚ ਰੰਗੀ ਹੋਈ ਧਰਤੀ 'ਤੇ ਸਵਰਗ ਦਾ ਭੁਲੇਖਾ ਪਾ ਰਹੀ ਸੀ। ਨਿਸ਼ਕਾਮ ਸੇਵਕਾਂ ਵੱਲੋਂ ਕਈ ਦਿਨ ਪਹਿਲਾਂ ਹੀ ਲੰਗਰਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਸੀ:

ਪਕਵਾਨਾਂ ਦੀ ਭਰਮਾਰ: ਰਸਤੇ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੱਗੇ ਲੰਗਰ ਸਟਾਲਾਂ 'ਤੇ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ, ਭੁੱਜੀਆਂ ਛੱਲੀਆਂ, ਛੋਲੇ-ਭਟੂਰੇ, ਚਾਟ, ਪਕੌੜੇ, ਗਰਮਾ-ਗਰਮ ਜਲੇਬੀਆਂ, ਤਾਜ਼ਾ ਜੂਸ, ਦੁੱਧ, ਆਈਸ ਕਰੀਮ ਅਤੇ ਸੁੱਕੇ ਮੇਵੇ (ਡਰਾਈ ਫਰੂਟ) ਸਮੇਤ ਅਣਗਿਣਤ ਪਕਵਾਨ ਖੁੱਲ੍ਹੇ-ਦਿਲ ਨਾਲ ਵਰਤਾਏ ਗਏ।

'ਪ੍ਰਣਾਮ ਸ਼ਹੀਦਾਂ ਨੂੰ' ਬੈਨਰ: ਕੌਮੀ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ 'ਪ੍ਰਣਾਮ ਸ਼ਹੀਦਾਂ ਨੂੰ' ਬੈਨਰ ਹੇਠ ਅਤੇ ਪਰਿਵਾਰਾਂ, ਪਿੰਡਾਂ ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਅਥਾਹ ਨਿਮਰਤਾ ਨਾਲ ਸੇਵਾ ਨਿਭਾਈ ਗਈ। ਸੇਵਾਦਾਰਾਂ ਦੀ ਜ਼ੁਬਾਨ 'ਤੇ ਇੱਕੋ ਬੋਲ ਸੀ—'ਅਸੀਂ ਤਾਂ ਨਿਮਾਣੇ ਜਿਹੇ ਹਾਂ, ਗੁਰੂ ਸਾਹਿਬ ਹੀ ਸਿਰ 'ਤੇ ਹੱਥ ਰੱਖ ਕੇ ਸੇਵਾ ਲੈ ਰਹੇ ਹਨ।'

ਇਤਿਹਾਸਕ ਪਿਛੋਕੜ: ਯੂਬਾ ਸਿਟੀ ਦੀ ਸਦੀ ਪੁਰਾਣੀ ਵਿਰਾਸਤ

ਕੈਲੀਫੋਰਨੀਆ ਵਿੱਚ ਪੰਜਾਬੀ ਅਤੇ ਸਿੱਖ ਭਾਈਚਾਰੇ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਜਦੋਂ ਮੋਢੀ ਪੰਜਾਬੀ ਕਠਿਨ ਰਸਤੇ ਪਾਰ ਕਰਕੇ ਇੱਥੇ ਪਹੁੰਚੇ ਸਨ, ਤਾਂ ਸਥਾਨਕ ਸਿੱਖ ਪਰਦੇਸੀਆਂ ਦੀ ਖਾਣ-ਪੀਣ ਤੇ ਰਹਿਣ-ਸਹਿਣ ਨਾਲ ਨਿੱਘੀ ਮਹਿਮਾਨ-ਨਿਵਾਜ਼ੀ ਕਰਦੇ ਸਨ। ਸਮੇਂ ਦੇ ਨਾਲ ਸਿਆਣੇ ਬਜ਼ੁਰਗਾਂ ਨੇ ਟੀਏਰਾ ਬਿਊਨਾ ਰੋਡ 'ਤੇ ਗੁਰਦੁਆਰਾ ਸਾਹਿਬ ਸਥਾਪਤ ਕਰਕੇ ਸਮਾਜਿਕ ਅਤੇ ਧਾਰਮਿਕ ਏਕਤਾ ਦੀ ਨੀਂਹ ਰੱਖੀ।

ਖ਼ਾਲਸੇ ਦੀ ਨਿਆਰੀ ਹੋਂਦ ਨੂੰ ਪ੍ਰਗਟਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਲਈ ਬਜ਼ੁਰਗਾਂ ਵੱਲੋਂ ਛੋਟੇ ਪੱਧਰ 'ਤੇ ਸ਼ੁਰੂ ਕੀਤਾ ਗਿਆ ਇਹ ਨਗਰ ਕੀਰਤਨ ਅੱਜ ਵਿਸ਼ਵ ਪੱਧਰੀ ਧਾਰਮਿਕ ਕਾਫ਼ਲਾ ਬਣ ਚੁੱਕਾ ਹੈ, ਜਿਸ ਦੀ ਉਡੀਕ ਸਥਾਨਕ ਵਸਨੀਕ ਸਾਰਾ ਸਾਲ ਬੜੀ ਤਾਂਘ ਨਾਲ ਕਰਦੇ ਹਨ।

ਸਮਾਪਤੀ ਅਤੇ ਸ਼ੁਕਰਾਨਾ

ਸ਼ਾਮ ਕਰੀਬ 5:00 ਵਜੇ ਇਹ ਅਲੌਕਿਕ ਨਗਰ ਕੀਰਤਨ ਵਾਪਸ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਮੁੱਖ ਗ੍ਰੰਥੀ ਸਾਹਿਬ ਵੱਲੋਂ ਸਮਾਪਤੀ ਦੀ ਅਰਦਾਸ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਕੋਟਾਨ-ਕੋਟ ਸ਼ੁਕਰਾਨਾ ਕੀਤਾ ਗਿਆ। ਪ੍ਰਬੰਧਕ ਕਮੇਟੀ ਨੇ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਸਮੂਹ ਸੰਗਤਾਂ, ਸੇਵਾਦਾਰਾਂ, ਰਾਗੀ-ਢਾਡੀ ਜਥਿਆਂ ਅਤੇ ਸਥਾਨਕ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮਾਂ ਦੀ ਸ਼ਾਂਤੀਪੂਰਨ ਅਤੇ ਸੁਚੱਜੀ ਸੰਪੂਰਨਤਾ ਨੇ ਵਿਦੇਸ਼ਾਂ ਦੀ ਧਰਤੀ 'ਤੇ ਸਿੱਖੀ ਦੀ ਮਹਾਨ ਸੇਵਾ ਅਤੇ ਸ਼ਾਂਤੀ ਦੀ ਭਾਵਨਾ ਦਾ ਇੱਕ ਨਵਾਂ ਅਤੇ ਸੁਨਹਿਰੀ ਇਤਿਹਾਸ ਦਰਜ ਕਰ ਦਿੱਤਾ ਹੈ।













ਅਯੁੱਧਿਆ: ਇਕਾਦਸ਼ੀ ਮੌਕੇ ਸਰਯੂ ਨਦੀ ਦੇ ਨਵੇਂ ਘਾਟ 'ਤੇ ਸ਼ਰਧਾਲੂਆਂ ਨੇ ਕੀਤੀ ਪੂਜਾ-ਅਰਚਨਾ







ਅਯੁੱਧਿਆ (ਉੱਤਰ ਪ੍ਰਦੇਸ਼), (ਏ.ਐੱਨ.ਆਈ.): ਇਕਾਦਸ਼ੀ ਦੇ ਪਵਿੱਤਰ ਦਿਹਾੜੇ ਮੌਕੇ ਵੀਰਵਾਰ ਨੂੰ ਅਯੁੱਧਿਆ ਵਿਖੇ ਸਰਯੂ ਨਦੀ ਦੇ ਕੰਢੇ ਸ਼ਰਧਾਲੂਆਂ ਦਾ ਵੱਡਾ ਇਕੱਠ ਦੇਖਣ ਨੂੰ ਮਿਲਿਆ। ਵੱਡੀ ਗਿਣਤੀ ਵਿੱਚ ਪਹੁੰਚੇ ਸ਼ਰਧਾਲੂਆਂ ਨੇ 'ਨਵਾਂ ਘਾਟ' (Naya Ghat) ਵਿਖੇ ਸਰਯੂ ਨਦੀ ਵਿੱਚ ਇਸ਼ਨਾਨ ਕਰਕੇ ਪੂਜਾ-ਅਰਚਨਾ ਕੀਤੀ ਅਤੇ ਅਰਦਾਸ ਕੀਤੀ।

ਮੁੱਖ ਵੇਰਵੇ: ਅਯੁੱਧਿਆ ਇਕਾਦਸ਼ੀ ਇਸ਼ਨਾਨ

ਸਥਾਨ : ਨਵਾਂ ਘਾਟ (Naya Ghat), ਸਰਯੂ ਨਦੀ, ਅਯੁੱਧਿਆ (ਉੱਤਰ ਪ੍ਰਦੇਸ਼)

ਦਿਨ ਤੇ ਮਿਤੀ : ਵੀਰਵਾਰ, 5 ਨਵੰਬਰ

ਅਵਸਰ : ਇਕਾਦਸ਼ੀ ਦਾ ਪਵਿੱਤਰ ਤਿਉਹਾਰ

ਮੁੱਖ ਗਤੀਵਿਧੀ : ਪਵਿੱਤਰ ਸਰਯੂ ਨਦੀ ਵਿੱਚ ਇਸ਼ਨਾਨ, ਦੀਪਦਾਨ ਅਤੇ ਪੂਜਾ-ਅਰਚਨਾ

ਪ੍ਰਬੰਧ : ਘਾਟਾਂ 'ਤੇ ਸੁਰੱਖਿਆ ਕਰਮੀਆਂ ਅਤੇ ਜਲ ਪੁਲਿਸ ਦੀ ਤੈਨਾਤੀ

ਧਾਰਮਿਕ ਆਸਥਾ ਅਤੇ ਸੁਰੱਖਿਆ ਪ੍ਰਬੰਧ

ਇਕਾਦਸ਼ੀ ਮੌਕੇ ਸਰਯੂ ਘਾਟਾਂ 'ਤੇ ਸਵੇਰ ਤੋਂ ਹੀ ਧਾਰਮਿਕ ਉਤਸ਼ਾਹ ਦੇਖਣ ਨੂੰ ਮਿਲਿਆ: ਸਵੇਰ ਦਾ ਇਸ਼ਨਾਨ ਅਤੇ ਮੰਤਰ-ਜਾਪ: ਸ਼ਰਧਾਲੂਆਂ ਨੇ ਸਵੇਰੇ ਤੜਕਸਾਰ ਸਰਯੂ ਦੇ ਪਵਿੱਤਰ ਜਲ ਵਿੱਚ ਆਸਥਾ ਦੀ ਡੁਬਕੀ ਲਗਾਈ, ਸੂਰਜ ਨੂੰ ਅਰਘ ਦਿੱਤਾ ਅਤੇ ਘਾਟ ਦੇ ਆਸ-ਪਾਸ ਸਥਿਤ ਮੰਦਰਾਂ ਵਿੱਚ ਮੱਥਾ ਟੇਕਿਆ।

ਦੀਪਦਾਨ ਦੀ ਰਸਮ: ਪੂਜਾ-ਅਰਚਨਾ ਦੇ ਨਾਲ-ਨਾਲ ਸ਼ਰਧਾਲੂਆਂ ਨੇ ਨਦੀ ਵਿੱਚ ਫੁੱਲ ਅਤੇ ਮਿੱਟੀ ਦੇ ਦੀਵੇ ਪ੍ਰਵਾਹਿਤ ਕਰਕੇ ਦੀਪਦਾਨ ਕੀਤਾ।

ਪ੍ਰਸ਼ਾਸਨਿਕ ਚੌਕਸੀ: ਭੀੜ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਨਵੇਂ ਘਾਟ ਸਮੇਤ ਹੋਰਨਾਂ ਪ੍ਰਮੁੱਖ ਘਾਟਾਂ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ, ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਦਿੱਕਤ ਦੇ ਰਸਮਾਂ ਨਿਭਾ ਸਕਣ।

ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਕੰਟਰੋਲ ਰੇਖਾ (LoC) 'ਤੇ ਫ਼ੌਜ ਦੀ ਚੌਕਸੀ ਵਧੀ; ਨੌਸ਼ਹਿਰਾ ਸੈਕਟਰ ਵਿੱਚ ਭਾਰਤੀ ਫ਼ੌਜ ਦੇ ਜਵਾਨ ਤਾਇਨਾਤ







ਰਾਜੌਰੀ (ਜੰਮੂ ਅਤੇ ਕਸ਼ਮੀਰ), (ਏ.ਐੱਨ.ਆਈ.): ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਜੰਮੂ-ਕਸ਼ਮੀਰ ਦੇ ਸਰਹੱਦੀ ਜ਼ਿਲ੍ਹੇ ਰਾਜੌਰੀ ਅਧੀਨ ਪੈਂਦੇ ਨੌਸ਼ਹਿਰਾ ਸੈਕਟਰ ਵਿੱਚ ਕੰਟਰੋਲ ਰੇਖਾ (LoC) 'ਤੇ ਭਾਰਤੀ ਫ਼ੌਜ ਵੱਲੋਂ ਚੌਕਸੀ ਵਧਾ ਦਿੱਤੀ ਗਈ ਹੈ। ਸਰਹੱਦ ਪਾਰੋਂ ਘੁਸਪੈਠ ਅਤੇ ਕਿਸੇ ਵੀ ਸ਼ੱਕੀ ਹਰਕਤ ਨੂੰ ਰੋਕਣ ਲਈ ਮੋਹਰੀ ਚੌਕੀਆਂ 'ਤੇ ਜਵਾਨਾਂ ਦੀ ਵਿਸ਼ੇਸ਼ ਤੈਨਾਤੀ ਕੀਤੀ ਗਈ ਹੈ।

ਮੁੱਖ ਵੇਰਵੇ: ਕੰਟਰੋਲ ਰੇਖਾ 'ਤੇ ਸੁਰੱਖਿਆ ਪ੍ਰਬੰਧ

ਸਥਾਨ : ਨੌਸ਼ਹਿਰਾ ਸੈਕਟਰ, ਜ਼ਿਲ੍ਹਾ ਰਾਜੌਰੀ (ਜੰਮੂ ਅਤੇ ਕਸ਼ਮੀਰ)

ਤਾਰੀਖ਼ : ਬੁੱਧਵਾਰ, 4/5 ਨਵੰਬਰ

ਸੁਰੱਖਿਆ ਬਲ : ਭਾਰਤੀ ਫ਼ੌਜ (Indian Army)

ਕਾਰਨ : ਦੀਵਾਲੀ ਤਿਉਹਾਰ ਦੌਰਾਨ ਸਰਹੱਦੀ ਚੌਕਸੀ ਅਤੇ ਘੁਸਪੈਠ ਵਿਰੋਧੀ ਸੁਰੱਖਿਆ ਘੇਰਾ

ਸਥਿਤੀ : ਸਰਹੱਦੀ ਚੌਕੀਆਂ 'ਤੇ 24 ਘੰਟੇ ਨਿਗਰਾਨੀ ਅਤੇ ਗਸ਼ਤ ਤੇਜ਼

ਸਰਹੱਦੀ ਨਿਗਰਾਨੀ ਅਤੇ ਚੌਕਸੀ ਦੇ ਮੁੱਖ ਪਹਿਲੂ

ਤਿਉਹਾਰਾਂ ਦੇ ਸੀਜ਼ਨ ਦੌਰਾਨ ਸਰਹੱਦ 'ਤੇ ਅਮਨ-ਅਮਾਨ ਬਣਾਈ ਰੱਖਣ ਲਈ ਫ਼ੌਜ ਨੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਹੈ: 24 ਘੰਟੇ ਗਸ਼ਤ ਅਤੇ ਹਾਈ ਅਲਰਟ: ਨੌਸ਼ਹਿਰਾ ਸੈਕਟਰ ਦੇ ਪਹਾੜੀ ਅਤੇ ਜੰਗਲੀ ਇਲਾਕਿਆਂ ਵਿੱਚ ਫ਼ੌਜੀ ਦਸਤੇ ਲਗਾਤਾਰ ਪੈਟਰੋਲਿੰਗ ਕਰ ਰਹੇ ਹਨ ਤਾਂ ਜੋ ਧੁੰਦ ਜਾਂ ਖ਼ਰਾਬ ਮੌਸਮ ਦਾ ਫ਼ਾਇਦਾ ਉਠਾ ਕੇ ਕੋਈ ਸ਼ਰਾਰਤੀ ਅਨਸਰ ਸਰਹੱਦ ਪਾਰ ਨਾ ਕਰ ਸਕੇ।

ਆਧੁਨਿਕ ਨਿਗਰਾਨੀ ਉਪਕਰਨ: ਕੰਟਰੋਲ ਰੇਖਾ 'ਤੇ ਨਾਈਟ ਵਿਜ਼ਨ ਕੈਮਰੇ, ਥਰਮਲ ਇਮੇਜਰ ਅਤੇ ਡਰੋਨਾਂ ਰਾਹੀਂ ਦਿਨ-ਰਾਤ ਨਜ਼ਰ ਰੱਖੀ ਜਾ ਰਹੀ ਹੈ।

ਤਿਉਹਾਰਾਂ ਦੌਰਾਨ ਸੁਰੱਖਿਆ ਦਾ ਭਰੋਸਾ: ਸਰਹੱਦੀ ਖੇਤਰਾਂ ਵਿੱਚ ਵੱਸਦੇ ਪਿੰਡਾਂ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਫ਼ੌਜ ਪੂਰੀ ਤਰ੍ਹਾਂ ਮੁਸਤੈਦ ਹੈ, ਤਾਂ ਜੋ ਆਮ ਨਾਗਰਿਕ ਬਿਨਾਂ ਕਿਸੇ ਖ਼ੌਫ਼ ਦੇ ਦੀਵਾਲੀ ਦਾ ਤਿਉਹਾਰ ਮਨਾ ਸਕਣ।

ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਡਿਗਰੀ ਵੰਡ ਸਮਾਰੋਹ; ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੀਤੀ ਸ਼ਿਰਕਤ





ਪਟਿਆਲਾ (ਪੰਜਾਬ), (ਏ.ਐੱਨ.ਆਈ.): ਪਟਿਆਲਾ ਸਥਿਤ ਦੇਸ਼ ਦੇ ਪ੍ਰਮੁੱਖ ਤਕਨੀਕੀ ਅਦਾਰੇ 'ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ' (TIET) ਵਿਖੇ ਸੋਮਵਾਰ ਨੂੰ ਸਾਲਾਨਾ ਡਿਗਰੀ ਵੰਡ ਸਮਾਰੋਹ (ਕਨਵੋਕੇਸ਼ਨ) ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਮੁੱਖ ਵੇਰਵੇ: ਡਿਗਰੀ ਵੰਡ ਸਮਾਰੋਹ

ਸਥਾਨ : ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (TIET), ਪਟਿਆਲਾ

ਦਿਨ ਤੇ ਮਿਤੀ : ਸੋਮਵਾਰ, 2 ਨਵੰਬਰ

ਮੁੱਖ ਮਹਿਮਾਨ : ਗੁਲਾਬ ਚੰਦ ਕਟਾਰੀਆ (ਰਾਜਪਾਲ, ਪੰਜਾਬ)

ਸਮਾਗਮ ਦਾ ਮੰਤਵ : ਇੰਜੀਨੀਅਰਿੰਗ, ਤਕਨਾਲੋਜੀ ਅਤੇ ਖੋਜ ਦੇ ਗ੍ਰੈਜੂਏਟ ਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਤਗਮੇ ਤਕਸੀਮ ਕਰਨਾ

ਹਾਜ਼ਰੀਨ : ਸੰਸਥਾ ਦੀ ਲੀਡਰਸ਼ਿਪ, ਫੈਕਲਟੀ ਮੈਂਬਰ, ਸਿੱਖਿਆ ਸ਼ਾਸਤਰੀ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ

ਰਾਜਪਾਲ ਦੇ ਸੰਬੋਧਨ ਦੇ ਮੁੱਖ ਅੰਸ਼

ਨੌਜਵਾਨਾਂ ਨੂੰ ਦੇਸ਼ ਨਿਰਮਾਣ 'ਚ ਯੋਗਦਾਨ ਦਾ ਸੱਦਾ: ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਡਿਗਰੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇੰਜੀਨੀਅਰਿੰਗ ਅਤੇ ਆਧੁਨਿਕ ਤਕਨਾਲੋਜੀ ਦੇ ਮਾਹਿਰ ਨੌਜਵਾਨ ਹੀ ਵਿਕਸਿਤ ਭਾਰਤ ਦੇ ਨਿਰਮਾਣ ਦੀ ਅਸਲ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਨਵੇਂ ਸਟਾਰਟ-ਅੱਪ, ਖੋਜ ਅਤੇ ਨਵੀਨਤਾਕਾਰੀ (innovative) ਹੱਲਾਂ ਵੱਲ ਵੱਧਣ ਲਈ ਪ੍ਰੇਰਿਆ।

ਸਮਾਜਿਕ ਜ਼ਿੰਮੇਵਾਰੀ ਤੇ ਨੈਤਿਕ ਕਦਰਾਂ-ਕੀਮਤਾਂ: ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਤਕਨੀਕੀ ਗਿਆਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਹੋਣਾ ਲਾਜ਼ਮੀ ਹੈ। ਉਨ੍ਹਾਂ ਪੜ੍ਹਾਈ ਮੁਕੰਮਲ ਕਰਕੇ ਨਿਕਲ ਰਹੇ ਨੌਜਵਾਨਾਂ ਨੂੰ ਦੇਸ਼ ਅਤੇ ਖ਼ਾਸ ਕਰਕੇ ਪੰਜਾਬ ਦੇ ਆਰਥਿਕ ਤੇ ਵਾਤਾਵਰਨ ਸਬੰਧੀ ਮਸਲਿਆਂ ਦੇ ਹੱਲ ਲਈ ਅੱਗੇ ਆਉਣ ਦੀ ਅਪੀਲ ਕੀਤੀ।

ਸੰਸਥਾ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ: ਉਨ੍ਹਾਂ ਥਾਪਰ ਇੰਸਟੀਚਿਊਟ ਦੇ ਅਕਾਦਮਿਕ ਮਿਆਰ, ਉੱਚ-ਪੱਧਰੀ ਖੋਜ ਪ੍ਰੋਜੈਕਟਾਂ ਅਤੇ ਵਿਸ਼ਵ ਪੱਧਰੀ ਪਲੇਸਮੈਂਟ ਰਿਕਾਰਡ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਸਮਾਰੋਹ ਦੌਰਾਨ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਅਤੇ ਵਿਸ਼ੇਸ਼ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਬੰਦੀ ਛੋੜ ਦਿਵਸ: ਮੀਰੀ-ਪੀਰੀ ਦਾ ਸੰਕਲਪ, ਮਨੁੱਖੀ ਆਜ਼ਾਦੀ ਦਾ ਮਹਾਂ-ਸੰਦੇਸ਼ ਅਤੇ ਇਤਿਹਾਸਕ ਸ਼ਹਾਦਤਾਂ ਦਾ ਗੌਰਵ



ਬੰਦੀ ਛੋੜ ਦਿਵਸ ਸਿਰਫ਼ ਦੀਵਿਆਂ ਦੀ ਰੌਸ਼ਨੀ ਜਾਂ ਰਵਾਇਤੀ ਖ਼ੁਸ਼ੀਆਂ ਦਾ ਤਿਉਹਾਰ ਨਹੀਂ, ਸਗੋਂ ਇਹ ਸੰਸਾਰਿਕ, ਰਾਜਨੀਤਿਕ ਅਤੇ ਧਾਰਮਿਕ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਮਨੁੱਖੀ ਮੁਕਤੀ ਦਾ ਪਰਚਮ ਲਹਿਰਾਉਣ ਦਾ ਇਤਿਹਾਸਕ ਪ੍ਰਤੀਕ ਹੈ। ਮੁਗ਼ਲ ਹਕੂਮਤ ਦਾ ਸਿਆਸੀ ਜਬਰ ਜਦੋਂ ਸਮਾਜ ਦੀ ਨੈਤਿਕ ਹੋਂਦ ਨੂੰ ਮਿੱਟੀ ਵਿੱਚ ਮਿਲਾ ਰਿਹਾ ਸੀ, ਤਾਂ ਸਿੱਖ ਗੁਰੂ ਸਾਹਿਬਾਨ ਨੇ ਦੱਬੇ-ਕੁਚਲੇ, ਨਿਤਾਣੇ ਅਤੇ ਮੁਗ਼ਲਾਂ ਦੀ ਨਜ਼ਰ ਵਿੱਚ ਅਖੌਤੀ 'ਕਮਜ਼ੋਰ' ਵਰਗਾਂ ਨੂੰ ਆਪਣੀ ਹੋਣੀ ਆਪ ਲਿਖਣ ਅਤੇ ਜ਼ਾਲਮਾਂ ਵਿਰੁੱਧ ਹਿੱਕ ਡਾਹ ਕੇ ਲੜਨ ਦਾ ਅਦੁੱਤੀ ਜਜ਼ਬਾ ਬਖ਼ਸ਼ਿਆ।

ਸ਼ਾਂਤਮਈ ਸ਼ਹਾਦਤ ਤੋਂ ਕ੍ਰਾਂਤੀਕਾਰੀ ਮੋੜ: ਮੀਰੀ ਤੇ ਪੀਰੀ ਦਾ ਸੁਮੇਲ

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ 30 ਮਈ, 1606 ਨੂੰ ਲਾਹੌਰ ਵਿਖੇ ਸ਼ਾਂਤਮਈ ਸ਼ਹਾਦਤ ਦੇ ਕੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਉਨ੍ਹਾਂ ਦੇ ਆਦੇਸ਼ ਅਨੁਸਾਰ ਛੇਵੇਂ ਪਾਤਸ਼ਾਹ ਨੇ ਗੁਰਗੱਦੀ ਦੀ ਰਵਾਇਤੀ ਰਸਮ ਨੂੰ ਬਦਲਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ:

1. ਮੀਰੀ ਦੀ ਤਲਵਾਰ: ਸੰਸਾਰਿਕ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਦਾ ਪ੍ਰਤੀਕ।
2. ਪੀਰੀ ਦੀ ਤਲਵਾਰ: ਰੂਹਾਨੀ ਉੱਚਤਾ ਅਤੇ ਅਧਿਆਤਮਕ ਅਗਵਾਈ ਦਾ ਸੰਦੇਸ਼।

ਮਰਹੱਟਾ ਸੰਤ ਸਮਰਥ ਰਾਮਦਾਸ ਨਾਲ ਸੰਵਾਦ

ਦੌਰਾਨ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਕਿ 'ਬਾਹਰੋਂ ਰਾਜ ਹੈ, ਅੰਦਰੋਂ ਫ਼ਕੀਰੀ ਹੈ; ਸ਼ਸਤਰ ਗ਼ਰੀਬ ਦੀ ਰੱਖਿਆ ਅਤੇ ਜ਼ਾਲਮ ਦੇ ਖ਼ਾਤਮੇ ਲਈ ਹਨ।'

ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਫ਼ੌਜ ਅਤੇ ਲੋਹਗੜ੍ਹ ਕਿਲ੍ਹਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੁਨਿਆਵੀ ਬਾਦਸ਼ਾਹਾਂ ਦੇ ਤਖ਼ਤ ਦੇ ਮੁਕਾਬਲੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਣਾ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਅਤੇ ਅਕਾਲ ਤਖ਼ਤ ਸਾਹਿਬ 'ਤੇ ਬੀਰਰਸੀ ਵਾਰਾਂ ਰਾਹੀਂ ਕੌਮ ਵਿੱਚ ਸੂਰਬੀਰਤਾ ਭਰੀ ਗਈ।

ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਵਧੀਆ ਸ਼ਸਤਰ ਭੇਟ ਕਰਨ ਦਾ ਹੁਕਮਨਾਮਾ ਦਿੱਤਾ ਗਿਆ।

ਕੌਮ ਦੀ ਬਾਕਾਇਦਾ ਫ਼ੌਜੀ ਤਾਲੀਮ ਸ਼ੁਰੂ ਹੋਈ, ਨਿਸ਼ਾਨ ਸਾਹਿਬ ਝੁੱਲੇ ਅਤੇ ਨਗਾਰੇ ਗੂੰਜੇ।

ਨਗਰ ਦੀ ਸੁਰੱਖਿਆ ਲਈ 'ਕਿਲ੍ਹਾ ਲੋਹਗੜ੍ਹ' ਉਸਾਰਿਆ ਗਿਆ, ਜਿਸ ਨਾਲ ਅੰਮ੍ਰਿਤਸਰ ਸਿਆਸੀ ਅਤੇ ਆਰਥਿਕ ਤੌਰ 'ਤੇ ਖ਼ੁਦਮੁਖ਼ਤਿਆਰ ਸ਼ਕਤੀ ਵਜੋਂ ਉੱਭਰਿਆ।

ਗਵਾਲੀਅਰ ਦੀ ਕੈਦ ਅਤੇ ਬਵੰਜਾ ਰਾਜਿਆਂ ਦੀ ਬੰਦ-ਖ਼ਲਾਸੀ

ਗੁਰੂ ਸਾਹਿਬ ਦੀ ਸੁਤੰਤਰ ਸ਼ਾਹੀ ਸ਼ੈਲੀ ਅਤੇ ਸੱਚੇ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਪਾਤਸ਼ਾਹ ਵਜੋਂ ਲੋਕ-ਸਤਿਕਾਰ ਨੂੰ ਦੇਖ ਕੇ ਚੰਦੂ ਅਤੇ ਮਿਹਰਬਾਨ ਵਰਗੇ ਦੋਖੀਆਂ ਨੇ ਜਹਾਂਗੀਰ ਦੇ ਕੰਨ ਭਰੇ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਅਭੇਦ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਉੱਥੇ ਪਹਿਲਾਂ ਤੋਂ ਹੀ ਕੈਦ 52 ਰਾਜਪੂਤ ਰਾਜੇ ਘੋਰ ਨਿਰਾਸ਼ਾ ਵਿੱਚ ਸਨ। ਗੁਰੂ ਸਾਹਿਬ ਜੀ ਨੇ ਉਨ੍ਹਾਂ ਅੰਦਰ ਆਤਮਿਕ ਚੜ੍ਹਦੀ ਕਲਾ ਭਰੀ ਅਤੇ ਸ਼ਰਧਾਲੂ ਬਣਾ ਲਿਆ।

ਜਦੋਂ ਦੇਸ਼ ਭਰ ਵਿੱਚ ਸਿੱਖਾਂ ਅਤੇ ਆਮ ਜਨਤਾ ਅੰਦਰ ਭਾਰੀ ਵਿਦਰੋਹ ਫੈਲ ਗਿਆ, ਤਾਂ ਜਹਾਂਗੀਰ ਨੇ ਗੁਰੂ ਸਾਹਿਬ ਦੀ ਰਿਹਾਈ ਦਾ ਪਰਵਾਨਾ ਜਾਰੀ ਕੀਤਾ। ਪਰ 'ਬੰਦੀ ਛੋੜ ਦਾਤਾ' ਨੇ ਸਿਰਫ਼ ਆਪਣੀ ਰਿਹਾਈ ਠੁਕਰਾ ਦਿੱਤੀ ਅਤੇ ਬਿਨਾਂ ਕਿਸੇ ਧਾਰਮਿਕ ਵਿਤਕਰੇ ਦੇ ਸਾਰੇ 52 ਰਾਜਿਆਂ ਨੂੰ ਆਪਣੇ ਚੋਲੇ ਦੀਆਂ ਕਲੀਆਂ ਫੜਾ ਕੇ ਮੁਕਤ ਕਰਵਾ ਲਿਆ। ਜਦੋਂ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ। ਸੰਜੋਗ ਨਾਲ ਉਹ ਦਿਨ ਦੀਵਾਲੀ ਦਾ ਸੀ, ਜਿਸ ਤੋਂ ਬਾਅਦ ਇਹ ਦਿਹਾੜਾ 'ਬੰਦੀ ਛੋੜ ਦਿਵਸ' ਵਜੋਂ ਅਮਰ ਹੋ ਗਿਆ।

18ਵੀਂ ਸਦੀ, ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕਟਵਾਉਣਾ ਅਤੇ ਅਸਲ ਸੰਦੇਸ਼

18ਵੀਂ ਸਦੀ ਵਿੱਚ ਮੁਗ਼ਲਾਂ ਦੇ ਜ਼ੁਲਮਾਂ ਦੌਰਾਨ ਜਦੋਂ ਹਰਿਮੰਦਰ ਸਾਹਿਬ 'ਤੇ ਪਾਬੰਦੀਆਂ ਸਨ, ਤਾਂ ਸਿੱਖ ਜੰਗਲਾਂ ਵਿੱਚੋਂ ਨਿਕਲ ਕੇ ਵੀ ਬੰਦੀ ਛੋੜ ਦਿਵਸ 'ਤੇ ਸਰਬੱਤ ਖ਼ਾਲਸਾ ਇਕੱਠ ਕਰਦੇ ਰਹੇ। 1737 ਈਸਵੀ ਵਿੱਚ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਜੀ ਨੇ ਬੰਦੀ ਛੋੜ ਸਮਾਗਮ ਲਈ 10,000 ਰੁਪਏ ਮਹਿਸੂਲ ਤੈਅ ਕੀਤਾ। ਪਰ ਮੁਗ਼ਲਾਂ ਦੀ ਖ਼ੂਨੀ ਸਾਜ਼ਿਸ਼ ਦੀ ਭਿਣਕ ਪੈਂਦਿਆਂ ਉਨ੍ਹਾਂ ਸੰਗਤਾਂ ਨੂੰ ਆਉਣ ਤੋਂ ਰੋਕ ਦਿੱਤਾ। ਮਹਿਸੂਲ ਨਾ ਭਰ ਸਕਣ ਦੇ ਬਹਾਨੇ ਮੁਗ਼ਲ ਹਕੂਮਤ ਨੇ ਭਾਈ ਸਾਹਿਬ ਨੂੰ ਇਸਲਾਮ ਕਬੂਲਣ ਜਾਂ ਮੌਤ ਦੀ ਧਮਕੀ ਦਿੱਤੀ। ਭਾਈ ਸਾਹਿਬ ਨੇ ਲਾਸਾਨੀ ਸਿਦਕ ਨਿਭਾਉਂਦਿਆਂ ਲਾਹੌਰ ਵਿਖੇ ਆਪਣਾ ਬੰਦ-ਬੰਦ ਕਟਵਾ ਲਿਆ ਅਤੇ ਇਸ ਦਿਹਾੜੇ ਦੇ ਇਤਿਹਾਸ ਨੂੰ ਹੋਰ ਪਵਿੱਤਰ ਕਰ ਦਿੱਤਾ।

ਗੁਰਬਾਣੀ ਅਨੁਸਾਰ ਅਸਲ ਦੀਵਾਲੀ ਮਾਇਆ ਅਤੇ ਅਗਿਆਨਤਾ ਦੇ ਘੋਰ ਅੰਧਕਾਰ ਵਿੱਚੋਂ ਨਿਕਲ ਕੇ ਗੁਰੂ ਦੇ ਬਖ਼ਸ਼ੇ ਗਿਆਨ ਦਾ ਦੀਵਾ ਬਾਲਣ ਵਿੱਚ ਹੈ। ਬੰਦੀ ਛੋੜ ਦਿਵਸ ਦਾ ਮੂਲ ਸੁਨੇਹਾ ਇਹੀ ਹੈ ਕਿ ਅਧਿਆਤਮਕ ਬੰਦਗੀ ਦੇ ਨਾਲ-ਨਾਲ ਹਰ ਕਿਸਮ ਦੇ ਜ਼ੁਲਮ, ਸਮਾਜਿਕ ਬੇਇਨਸਾਫ਼ੀ ਅਤੇ ਦਾਸਤਾ ਵਿਰੁੱਧ ਹਥਿਆਰਬੰਦ ਸੁਚੇਤਤਾ ਨਾਲ ਡਟਣਾ ਹੀ ਖ਼ਾਲਸਈ ਜੀਵਨ-ਜਾਚ ਹੈ।

ਇਤਿਹਾਸਕ ਮੀਲ-ਪੱਥਰ: ਇੱਕ ਨਜ਼ਰ 'ਚ		
ਇਤਿਹਾਸਕ ਘਟਨਾ/ਸੰਕਲਪ	ਤਾਰੀਖ਼ / ਕਾਲ	ਮਹੱਤਤਾ ਅਤੇ ਪ੍ਰਭਾਵ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ	15 ਜੂਨ, 1595 (ਪਿੰਡ ਵਡਾਲੀ)	ਬਾਬਾ ਬੁੱਢਾ ਜੀ ਦੀ ਦੇਖ-ਰੇਖ ਹੇਠ ਸ਼ਸਤਰ ਵਿੱਦਿਆ, ਘੋੜ-ਸਵਾਰੀ ਤੇ ਜੰਗੀ ਨੀਤੀਆਂ ਦੀ ਸਿਖਲਾਈ
ਗੁਰਗੱਦੀ 'ਤੇ ਬਿਰਾਜਮਾਨ ਹੋਣਾ	25 ਮਈ, 1606	ਪੰਚਮ ਪਾਤਸ਼ਾਹ ਦੇ ਹੁਕਮ ਅਨੁਸਾਰ ਸ਼ਸਤਰਧਾਰੀ ਹੋ ਕੇ ਗੁਰਗੱਦੀ ਸੰਭਾਲੀ
ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ	1606 (ਸ੍ਰੀ ਅੰਮ੍ਰਿਤਸਰ)	ਮੁਗ਼ਲ ਤਖ਼ਤ ਦੇ ਮੁਕਾਬਲੇ ਸਿੱਖ ਕੌਮ ਦੀ ਸੁਤੰਤਰ ਅਤੇ ਖ਼ੁਦਮੁਖ਼ਤਿਆਰ ਪ੍ਰਭੂਸੱਤਾ ਦਾ ਐਲਾਨ
ਗਵਾਲੀਅਰ ਕਿਲ੍ਹੇ ਵਿੱਚੋਂ ਰਿਹਾਈ	ਬੰਦੀ ਛੋੜ ਦਿਵਸ	ਬਵੰਜਾ (52) ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾ ਕੇ ਮਨੁੱਖੀ ਅਧਿਕਾਰਾਂ ਦੀ ਬੇਮਿਸਾਲ ਰੱਖਿਆ
ਸਰਬੱਤ ਖ਼ਾਲਸਾ ਦੀ ਪਿਰਤ	18ਵੀਂ ਸਦੀ	ਕੌਮੀ ਇਕੱਠਾਂ ਰਾਹੀਂ ਸੰਕਟਾਂ ਦੌਰਾਨ ਸਵੈ-ਪੜਚੋਲ ਅਤੇ ਭਵਿੱਖੀ ਵਿਉਂਤਬੰਦੀ
ਭਾਈ ਮਨੀ ਸਿੰਘ ਜੀ ਦੀ ਸ਼ਹਾਦਤ	1737 ਈ.	ਬੰਦੀ ਛੋੜ ਦਿਵਸ ਦੇ ਮਹਿਸੂਲ ਬਦਲੇ ਬੰਦ-ਬੰਦ ਕਟਵਾ ਕੇ ਸਿੱਖੀ ਅਸੂਲਾਂ 'ਤੇ ਪਹਿਰਾ

ਦੀਵਾਲੀ ਦੀ ਖ਼ਰੀਦਦਾਰੀ ਸ਼ੁਰੂ; ਕੂਪਰਗੰਜ ਥੋਕ ਮੰਡੀ ਵਿੱਚ ਮਿੱਟੀ ਦੇ ਦੀਵੇ ਖ਼ਰੀਦਣ ਲਈ ਉਮੜੀ ਭੀੜ





ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਉਦਯੋਗਿਕ ਨਗਰੀ ਕਾਨਪੁਰ ਦੀਆਂ ਬਾਜ਼ਾਰਾਂ ਵਿੱਚ ਰੌਣਕਾਂ ਵਧ ਗਈਆਂ ਹਨ। ਵੀਰਵਾਰ ਨੂੰ ਸ਼ਹਿਰ ਦੇ ਮਸ਼ਹੂਰ ਕੂਪਰਗੰਜ (Koperganj) ਥੋਕ ਬਾਜ਼ਾਰ ਵਿਖੇ ਲੋਕ ਵੱਡੀ ਗਿਣਤੀ ਵਿੱਚ ਦੀਵਾਲੀ ਲਈ ਰਵਾਇਤੀ ਮਿੱਟੀ ਦੇ ਦੀਵੇ (diyas) ਖ਼ਰੀਦਦੇ ਦੇਖੇ ਗਏ।

ਮੁੱਖ ਵੇਰਵੇ: ਬਾਜ਼ਾਰ ਦੀ ਸਥਿਤੀ ਰਵਾਇਤੀ ਮਿੱਟੀ ਦੇ ਦੀਵਿਆਂ ਦੀ ਭਾਰੀ ਮੰਗ

ਤਿਉਹਾਰੀ ਸੀਜ਼ਨ ਸ਼ੁਰੂ ਹੁੰਦਿਆਂ ਹੀ ਕੂਪਰਗੰਜ ਮੰਡੀ ਵਿੱਚ ਦੁਕਾਨਦਾਰਾਂ ਅਤੇ ਖ਼ਰੀਦਦਾਰਾਂ ਦੀ ਆਵਾਜਾਈ ਤੇਜ਼ ਹੋ ਗਈ ਹੈ:

ਸਥਾਨਕ ਘੁਮਿਆਰਾਂ ਨੂੰ ਹੁਲਾਰਾ: ਬਾਜ਼ਾਰ ਵਿੱਚ ਵੱਖ-ਵੱਖ ਡਿਜ਼ਾਈਨਾਂ ਅਤੇ ਆਕਾਰਾਂ ਦੇ ਮਿੱਟੀ ਦੇ ਦੀਵੇ ਉਪਲਬਧ ਹਨ। ਲੋਕ ਚੀਨੀ ਲਾਈਟਾਂ ਦੀ ਬਜਾਏ ਰਵਾਇਤੀ ਮਿੱਟੀ ਦੇ ਦੀਵਿਆਂ ਨੂੰ ਤਰਜੀਹ ਦੇ ਰਹੇ ਹਨ, ਜਿਸ ਨਾਲ ਸਥਾਨਕ ਕਾਰੀਗਰਾਂ ਅਤੇ ਘੁਮਿਆਰਾਂ ਵਿੱਚ ਉਤਸ਼ਾਹ ਹੈ।

ਥੋਕ ਵਪਾਰ ਵਿੱਚ ਤੇਜ਼ੀ: ਛੋਟੇ ਦੁਕਾਨਦਾਰ ਅਤੇ ਪ੍ਰਚੂਨ ਵਿਕਰੇਤਾ ਸ਼ਹਿਰ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਵੇਚਣ ਲਈ ਕੂਪਰਗੰਜ ਤੋਂ ਥੋਕ ਭਾਅ 'ਤੇ ਦੀਵਿਆਂ ਦੇ ਵੱਡੇ ਸਟਾਕ ਖ਼ਰੀਦ ਰਹੇ ਹਨ।

ਹੁਕਮ-ਏ-ਪਾਤਿਸ਼ਾਹੀ ੧੦ ॥

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥(ਮ:੫ ੪੨੧)

ਹੁਕਮ-ਏ-ਪਾਤਿਸ਼ਾਹੀ ੧੦ ॥ ਜਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਸਾਰ ਯਾਤਰਾ ਦੌਰਾਨ ਦਿੱਤੇ ਗਏ ਹੁਕਮ। ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥ (ਮ:੪ ੧੩੧੦) ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਵੀ ਬਾਣੀ ਰਚੀ, ਜੋ ਵੀ ਹੁਕਮਨਾਮੇ ਬਖਸ਼ਿਸ਼ ਕੀਤੇ ਉਹ ਸਾਰੇ ਦੇ ਸਾਰੇ ਹੀ ਕਾਲ ਰਹਿਤ ਅਤੇ ਸੀਮਾ ਰਹਿਤ ਹਨ। ਇਹ ਸਤਿਗੁਰੂ ਜੀ ਨੇ ਆਪਣੀ ਹਯਾਤੀ, ਆਪਣੇ ਜੀਵਨ ਕਾਲ ਵਿਚ ਹੀ ਕਲਮ ਬੰਦ ਕਰ ਦਿੱਤੇ ਤਾਂ ਕਿ ਕਿਸੇ ਕਿਸਮ ਦਾ ਕੋਈ ਭੁਲੇਖਾ ਜਾਂ ਦੁਬਿਧਾ ਨਾ ਰਹਿ ਜਾਏ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਾਹਿਬਾਂ ਨੇ ਗੁਰਿਆਈ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਤੇ ਜੁਗਤਿ ਖਾਲਸੇ ਵਿਚ ਟਿਕਾ ਦਿੱਤੀ। ਜੇਕਰ ਇਸ ਤਰ੍ਹਾਂ ਨਾ ਹੁੰਦਾ ਤਾਂ ਕਈ ਵਾਰ ਵੇਖਿਆ ਗਿਆ ਹੈ ਕਿ ਆਪਣੀ ਤਰਫੋਂ ਹੀ ਕੁਝ ਗੱਲਾਂ ਲਿਖ ਕੇ ਸਤਿਗੁਰੂ ਜੀ ਦੇ ਨਾਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹ ਹੁਕਮ ਕਲਗੀਧਰ ਪਿਤਾ ਦੇ ਹਨ। ਇਹ ਵੇਖਣ ਵਿਚ ਵੀ ਆਉਂਦਾ ਹੈ ਕਿ ਹਰ ਉਤਾਰੇ ਦੇ ਬਾਅਦ ਇਹਨਾਂ ਦੀ ਗਿਣਤੀ ਵੱਧਦੀ ਘਟਦੀ ਰਹਿੰਦੀ ਹੈ ਅਤੇ ਆਪਸ ਵਿਚ ਇਹਨਾਂ ਦੀ ਇਕ ਸਾਰਤਾ ਨਹੀਂ ਰਹਿੰਦੀ। ਇਸ ਤਰ੍ਹਾਂ ਕਰਦਿਆਂ ਕਈ ਵਾਰ ਐਸਾ ਵੀ ਹੁੰਦਾ ਹੈ ਕਿ ਕੁਝ ਲਿਖਤਾਂ ਜਿਹੜੀਆਂ ਗੁਰਮਤਿ ਦੇ ਸਿਧਾਂਤ ਦੇ ਵਿਪਰੀਤ ਹੋਣ ਉਹਨਾਂ ਨੂੰ ਵੀ ਗੁਰੂ ਸਾਹਿਬ ਜੀ ਦੇ ਪਾਵਨ ਨਾਮ ਨਾਲ ਜੋੜ ਕੇ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਕਿ ਜਾਣੇ ਅਣਜਾਣੇ ਵਿਚ ਹੀ ਗੁਰੂ ਨਿੰਦਾ ਹੋ ਨਿਬੜਦੀ ਹੈ। ਸਤਿਗੁਰੂ ਜੀ ਦੇ ਨਾਮ ਹੇਠ ਆਪਣੀ ਮਰਜ਼ੀ ਨਾਲ ਹੀ ਕੁਝ ਲਿਖਤਾਂ ਜੋੜ ਦੇਣੀਆਂ ਤਾਂ ਸਤਿਗੁਰ ਜੀ ਦੀ ਬਾਣੀ ਤੋਂ ਮੁਨਕਰ ਹੋਣ ਤੋਂ ਵੀ ਵੱਡਾ ਗੁਨਾਹ ਹੈ। ਸਤਿਗੁਰੂ ਤਾਂ ਨ੍ਰਿਸਾਕੰ ਸਰੀਕ ਹੈ॥ (ਜਾਪ ਸਾਹਿਬ)। ਸਤਿਗੁਰੂ ਜੀ ਦੀ ਬਾਣੀ ਤਾਂ ਕੱਚ ਅਤੇ ਸੱਚ ਨੂੰ ਨਿਖੇੜਨ ਵਿਚ ਸਮਰੱਥ ਹੈ। ਪਰ ਕੋਈ ਭੁਲੇਖਾ ਨਾ ਰਹਿ ਜਾਏ ਇਸ ਕਰਕੇ ਹਜ਼ੂਰ ਨੇ ਇਹ ਹੁਕਮ ਉਹਨਾਂ ਨੇ ਆਪਣੀ ਬਾਣੀ ਦਰਜ ਕਰ ਦਿੱਤੇ।

ਦੁਨਿਆਵੀ ਹਾਕਮ ਤਾਂ ਚਾਰ ਦਿਨ ਆਪਣਾ ਵਾਜਾ ਵਜਾ ਕੇ ਕੂਚ ਕਰ ਜਾਂਦੇ ਹਨ। ਇਹਨਾਂ ਦੇ ਹੁਕਮ ਤਾਂ ਇਹਨਾਂ ਦੇ ਰਾਜ ਦੀ ਸੀਮਾਂ ਅਤੇ ਰਾਜ ਦੇ ਸਮੇਂ ਤੱਕ ਹੀ ਹੁੰਦੇ ਹਨ। ਇਹਨਾਂ ਦੇ ਔਖੇ ਮੀਟਦਿਆਂ ਹੀ ਨਾ ਤਾਂ ਇਹਨਾਂ ਦਾ ਸਿੱਕਾ ਹੀ ਚਲਦਾ ਹੈ ਅਤੇ ਨਾ ਹੀ ਹੁਕਮ। **ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥**(ਭ. ਕਬੀਰ ਜੀ ੮੫੬)

ਇਸਦੇ ਅਲਾਵਾ ਦੂਜੇ ਮਤ ਮਤਾਂਤਰਾਂ ਨੇ ਜੋ ਲਿਖਿਆ ਉਹ ਉਹਨਾਂ ਦੇ ਪੈਰੋਕਾਰਾਂ ਲਈ ਮੁਬਾਰਕ ਹੈ ਪਰ ਸਤਿਗੁਰੂ ਜੀ ਨੇ ਤਾਂ ਸਪਸ਼ਟ ਰੂਪ ਵਿਚ ਅੰਕਤ ਕਰ ਦਿੱਤਾ,

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਹੁਕਮਾਂ ਦੀ ਵਿਚਾਰ ਤੋਂ ਪਹਿਲਾਂ ਕੇਵਲ ਦੋ ਹਵਾਲੇ ਹੀ ਕਾਫ਼ੀ ਹਨ ਕਿ ਕਿਵੇਂ ਸਤਿਗੁਰ ਜੀ ਦੇ ਹੁਕਮਾਂ ਦੇ ਨਾਮ ਹੇਠ ਗੁਰੂ ਸਾਹਿਬ ਦੇ ਆਸ਼ੇ ਦੇ ਉਲਟ ਇਹ ਪ੍ਰਚਾਰੇ ਜਾ ਰਹੇ ਹਨ। ਇਕ ਥਾਂ ਲਿਖਿਆ ਹੈ ਕਿ ਸਤਿਗੁਰ ਜੀ ਨੇ ਹੁਕਮ ਕੀਤਾ ਹੈ ਕਿ, 'ਸ਼ਤਰੂ ਨਾਲ ਸਾਮ, ਦਾਮ, ਭੇਦ ਆਦਿਕ ਉਪਾਓ ਵਰਤਣੇ। ਜੇ ਇਨ੍ਹਾਂ ਤਿੰਨ੍ਹਾਂ ਕਰ ਵਸ ਨ ਹੋਏ ਤਾਂ ਉਪਾਓ ਦੰਡ, ਜੁਧ ਕਰਨਾ ਧਰਮ ਹੈ।' ਇਸ ਨੂੰ ਉਪਾਯ-ਚਤੁਸ਼ਠਯ (ਚਾਰ ਉਪਾਅ) ਕਿਹਾ ਜਾਂਦਾ ਹੈ। ਯਾਨਿ ਕਿ ਸ਼ਤਰੂ ਨੂੰ ਵਸ ਕਰਨ ਲਈ ਉਸ ਦੀ ਸ਼ਰਣ ਪੈ ਜਾਣਾ, ਧਨ ਦੇ ਕੇ ਆਪਣੇ ਵਸ ਕਰਨਾ, ਉਸ ਨੂੰ ਦੰਡਿਤ ਕਰਨਾ ਜਾਂ ਦੁਸ਼ਮਣ ਵਿਚ ਫੁਟ ਜਾਂ ਭੇਦ ਪਾਣਾ। ਇਹ ਬਹੁਤ ਹੀ ਪੁਰਾਤਨ ਨੀਤੀ ਸੀ ਜਿਸਦੇ ਹਵਾਲੇ ਮਨੁਸਮ੍ਰਿਤੀ, ਮਹਾਭਾਰਤ, ਸ਼ੁਕ੍ਰਨੀਤੀ, ਵਿਸ਼ਣੂ ਪੁਰਾਣ, ਚਾਣਕਯ ਦੇ ਕੌਟਿਲਯ ਸ਼ਾਸਤ੍ਰ ਆਦਿ ਵਿਚ ਮਿਲਦੇ ਹਨ। ਤੁਲਸੀਦਾਸ ਰਚਿਤ ਰਾਮਚਰਿਤਮਾਨਸ ਵਿਚ ਵੀ ਅੰਕਤ ਹੈ ਸਾਮ ਦਾਨ ਅਰੁ ਦੰਡ ਬਿਭੇਦਾ। ਨ੍ਰਿਪ ਉਰ ਬਸਹਿਂ ਨਾਥ ਕਹਿ ਬੇਦਾ॥ ਕਲਗੀਧਰ ਪਿਤਾ ਨੇ ਵੀ ਰਾਮਾਵਤਾਰ ਵਿਚ ਜ਼ਿਕਰ ਕੀਤਾ ਹੈ ਕਿ ਇਸ ਜਾਤੀ ਅਤੇ ਵਰਣ ਵੰਡ ਅਧਾਰਤ ਸ਼ਾਸਤ੍ਰਾਂ ਵਿਚ ਵਰਣਿਤ ਵਿਧੀ ਵਰਤ ਕੇ ਇਹਨਾਂ ਚਾਰ ਢੰਗਾਂ ਨਾਲ ਰਾਮ ਰਾਜ ਸਥਾਪਤ ਕੀਤਾ ਗਿਆ।

ਸਾਮ ਦਾਮ ਅਰੁ ਦੰਡ ਸਭੇਦਾ॥
ਜਿਹ ਬਿਧਿ ਹੁਤੀ ਸਾਸਨਾ ਬੇਦਾ॥੮੩੭॥
ਬਰਨ ਬਰਨ ਅਪਨੀ ਕ੍ਰਿਤ ਲਾਏ॥
ਚਾਰ ਚਾਰ ਹੀ ਬਰਨ ਚਲਾਏ॥
ਛਤ੍ਰੀ ਕਰੈਂ ਬਿੱਪ੍ਰ ਕੀ ਸੇਵਾ॥
ਬੈਸ ਲਖੈ ਛੱਤ੍ਰੀ ਕਹ ਦੇਵਾ ॥੮੩੮॥
ਸੂਦ੍ਰ ਸਭਨ ਕੀ ਸੇਵ ਕਮਾਵੈ॥
ਜਹ ਕੋਈ ਕਹੈ ਤਹੀ ਵਹ ਧਾਵੈ॥
ਜੈਸਕ ਹੁਤੀ ਬੇਦ ਸਾਸਨਾ॥
ਨਿਕਸਾ ਤੈਸ ਰਾਮ ਕੀ ਰਸਨਾ॥੮੩੯॥ (ਦ. ਗ੍ਰ.)

ਭਾਰਤ ਵਿਚ ਵੀ ਮਹਾਤਮਾ ਗਾਂਧੀ ਨੇ ਇਸ ਨੂੰ ਰਾਮ ਰਾਜ ਦੀ ਸੰਗਯਾ ਦਿੱਤੀ। ਪਰ ਗੁਰਮਤਿ ਨੇ ਇਹ ਢੰਗ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀਂ ਕੀਤਾ। ਉਹਨਾਂ ਨੇ ਤਾਂ ਘੋਰ ਆਪਦਾ ਅਤੇ ਜੰਗਾਂ ਯੁੱਧਾਂ ਨੂੰ ਵੀ ਧਰਮ ਯੁਧ ਕਹਿ ਕੇ ਲੜਿਆ 'ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥੨੪੮੯॥' (ਦ.ਗ੍ਰੰ.) ਅਤੇ ਸਾਮ, ਦਾਮ, ਦੰਡ, ਭੇਦ ਦੀਆਂ ਚਤੁਰ ਚਲਾਕੀਆਂ ਜਾਂ ਗੀਦੀ ਪੁਣੇ ਨੂੰ ਨੇੜੇ ਨਹੀਂ ਲਗਣ ਦਿੱਤਾ। ਦਸ਼ਮੇਸ਼ ਪਿਤਾ ਤਾਂ ਹੁਕਮ ਕਰਦੇ ਹਨ, ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥

ਦੂਸਰਾ ਸਭ ਤੋਂ ਵੱਡਾ ਗੁਣ ਜਿਹੜਾ ਸਤਿਗੁਰੂ ਜੀ ਨੇ ਪ੍ਰਚਾਰਿਆ ਅਤੇ ਅਪਣਾਇਆ ਕਿ ਜਿਸਦੇ ਹਿਰਦੇ ਵਿਚੋਂ ਦਵੈਤ ਜਾਂ ਦੂਈ ਦੀ ਭਾਵਨਾ ਨਿਕਲ ਗਈ ਉਸਦੇ ਸਾਹਮਣੇ ਹਿੰਦੂ ਅਤੇ ਮੁਸਲਮਾਨ ਦਾ ਕੀ ਫਰਕ ਰਹਿ ਗਿਆ। ਪੰਜਾਬ ਵਿਚ ਤਾਂ ਅਖਾਣ ਹੀ ਪ੍ਰਚਲਤ ਸੀ, 'ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ, ਬਾਬਾ ਨਾਨਕ ਸ਼ਾਹ ਫ਼ਕੀਰ' ਅਤੇ 'ਹਿੰਦੂ ਮੁਸਲਮਾਨ ਸਿੱਖਾਂ ਸਾਰਿਆਂ ਦਾ ਗੁਰੂ ਬਣ ਆਇਆ ਬੇ-ਨਜ਼ੀਰ ਨਾਨਕ'। (ਮਾਨ ਸਿੰਘ ਲਾਂਬਾ 'ਮਸਕੀਨ')

'ਸਤਿਗੁਰੂ ਜੀ ਦੇ ਬਚਨ ਹਨ, ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥ ਤਿਹ ਆਗੈ ਹਿੰਦੂ ਕਿਆ ਤੁਰਕਾ॥੧੯॥ ਇਸਨੂੰ ਸਪਸ਼ਟਤਾ ਦਿੰਦਿਆਂ ਹਜ਼ੂਰ ਨੇ ਬਚਨ ਕੀਤੇ,

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੧੬॥੮੬॥

ਇਤਨਾ ਹੀ ਨਹੀਂ ਸਤਿਗੁਰੂ ਜੀ ਕੇਵਲ ਹਿੰਦੂ ਅਤੇ ਤੁਰਕ ਦੀ ਗੱਲ ਨਹੀਂ ਕਰਦੇ ਬਲਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਫ਼ਿਰਕਿਆਂ ਦੀ ਏਕਤਾ ਦੀ ਵੀ ਗੱਲ ਕਰਦੇ ਹਨ,

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੧੫॥੮੫॥

ਇਹ ਇਲਾਹੀ ਪੈਗਾਮ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਅਰੰਭ ਹੋਇਆ। ਇਸ ਲੜੀ ਵਿਚ ਭਾਈ ਮਰਦਾਨਾ, ਰਾਇ ਬੁਲਾਰ, ਬਾਬਾ ਫਰੀਦ, ਭਗਤ ਭੀਖਨ, ਸਾਂਈਂ ਮੀਆਂ ਮੀਰ, ਰਹੀਮ ਬਖਸ਼-ਕਰੀਮ ਬਖਸ਼, ਪੀਰ ਭੀਖਣ ਸ਼ਾਹ, ਸੈਦ ਖਾਂ, ਪੀਰ ਬੁੱਧੂ ਸ਼ਾਹ, ਨਵਾਬ ਮਲੇਰਕੋਟਲਾ, ਨਬੀ ਖਾਂ-ਗਨੀ ਖਾਂ, ਰਾਇ ਕੱਲਾ ਆਦਿ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ। ਸਤਿਗੁਰੂ ਜੀ ਨੇ ਤਾਂ ਨਬੀ ਖਾਂ-ਗਨੀ ਖ਼ਾਂ ਨੂੰ ਇਨਾਇਤ ਕੀਤੀ ਕਿ ਤੁਸੀਂ ਮੇਰੇ ਖ਼ਾਸ ਪੁੱਤਰ ਹੋ। ਡਾਕਟਰ ਬਲਬੀਰ ਸਿੰਘ ਜੀ ਲਿਖਦੇ ਹਨ ਕਿ ਨਬੀ ਖ਼ਾਂ-ਗਨੀ ਖ਼ਾਂ ਦੀ ਛੋਟੀ ਜਿਹੀ ਬੇਟੀ ਵੀ ਵਜਦ ਵਿਚ ਆਕੇ ਪੜ੍ਹਿਆ ਕਰਦੀ ਸੀ, ਮੈਂ ਪੋਤੀ ਮੈਂ ਪੋਤੀ। ਮੈਂ ਜੋਤਿ ਸੰਗ ਜੋਤੀ। ਮੈਂ ਆਬਦਾਰ ਮੋਤੀ, ਮੈਂ ਪ੍ਰੀਤ ਸੰਗ ਪ੍ਰੋਤੀ, ਮੈਂ ਪੋਤੀ ਮੈਂ ਪੋਤੀ। ਪਰ ਗੁਰੂ ਸਾਹਿਬ ਜੀ ਦੇ ਹੁਕਮਾਂ ਦੇ ਨਾਮ ਥੱਲੇ ਪ੍ਰਚਾਰਿਆ ਇਹ ਜਾ ਰਿਹਾ ਹੈ ਕਿ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਹਜ਼ੂਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ 'ਤੁਰਕ ਸੁ ਜਾਨਹਿ ਰੋਗ ਸਮਾਨ। (ਦੇਸ਼ ਦੇ ਬਦੇਸ਼ੀ ਹਾਕਮ ਤੁਰਕਾਂ ਨੂੰ ਰੋਗ ਵਤ ਸਮਝਣਾ।)'। **ਸਤਿਗੁਰੂ ਜੀ ਦਾ ਤਾਂ ਬਿਰਦ ਹੈ ਜਿਮ ਤਿਨ ਕਰੀ ਇਨੈ ਤਿਮ ਕਹਿਹੌਂ॥ ਅਉਰ ਕਿਸੁ ਤੇ ਬੈਰ ਨ ਗਹਿਹੌਂ॥੩੧॥** ਹਜ਼ੂਰ ਨੇ ਤਾਂ ਔਰੰਗਜ਼ੇਬ ਨੂੰ ਵੀ ਯਾਦ ਕਰਵਾਇਆ ਕਿ ਤੂੰ ਆਪਣੇ ਦੀਨ ਤੋਂ ਬਹੁਤ ਦੂਰ ਹੈਂ ਅਤੇ ਇਸ ਦਾ ਲੇਖਾ ਦੇਣਾ ਪਵੇਗਾ। ਕੀ ਸਤਿਗੁਰ ਸੱਚੇ ਪਾਤਿਸ਼ਾਹ ਇਸ ਤਰ੍ਹਾਂ ਦਾ ਹੁਕਮ ਕਰ ਸਕਦੇ ਹਨ ਜੋ ਕਿ ਹੁਣ ਤਕ ਦੇ ਗੁਰ ਇਤਿਹਾਸ ਅਤੇ ਗੁਰੂ ਸਾਹਿਬ ਦੇ ਆਪਣੇ ਹੀ ਹੁਕਮਾਂ ਦੇ ਵਿਪਰੀਤ ਹੋਵੇ। ਇਹਨਾਂ ਦਾ ਕੋਈ ਸ੍ਰੋਤ ਨਹੀਂ ਹੈ ਬਸ ਇਹ ਲਿਖਿਆ ਜਾ ਰਿਹਾ ਹੈ, 'ਇਹ ੫੨ ਬਚਨ ਉਸ ਵਕਤ ਦੇ ਸ੍ਰੀ ਮੁਖੋਂ ਉਚਾਰੇ ਹੋਏ ਪੁਰਾਤਨ ਉਸ ਸਮਿਆਂ ਦੇ ਲੇਖ ਦਾ ਉਤਾਰਾ ਲਿਖਿਆ ਹੈ।' ਜਿਸਦਾ ਕੋਈ ਹਵਾਲਾ ਨਾ ਹੋਏ ਉਸਨੂੰ 'ਕੰਠਾਗਰ ਗ੍ਰੰਥ' ਕਿਹਾ ਜਾਂਦਾ ਹੈ।

ਸਤਿਗੁਰੂ ਜੀ ਦੇ ਸਿਰਮੌਰ ਹੁਕਮ ਉਹਨਾਂ ਵਲੋਂ ਚਾਰ ਬੱਜਰ ਕੁਰਹਿਤਾਂ ਤੋਂ ਬਚਣ ਦੇ ਹਨ। ੧. ਕੇਸਾਂ ਦੀ ਬੇ-ਅਦਬੀ, ੨. ਕੁੱਠਾ ਖਾਣਾ, ੩. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ, ੪. ਤਮਾਕੂ ਦਾ ਵਰਤਣਾ। ਹਰ ਸਿੱਖ ਨੂੰ ਹਰ ਹਾਲਤ ਵਿਚ ਇਹਨਾਂ ਦੀ ਹੁਕਮ ਅਦੂਲੀ ਤੋਂ ਬਚਣਾ ਹੈ। ਇਸਦੇ ਅਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਬਾਣੀ ਵਿਚ ਜੋ ਹੁਕਮ, ਆਦੇਸ਼, ਸ਼ੰਦੇਸ਼ ਅਤੇ ਆਸ਼ੇ ਸਪਸ਼ਟ ਕੀਤੇ ਹਨ ਉਹ ਹਰ ਸਿੱਖ ਲਈ ਹਰ ਸਮੇਂ ਅਗਵਾਈ ਦਿੰਦੇ ਹਨ। ਇਹਨਾਂ ਵਿਚ ਕੁਝ ਹੁਕਮ ਹੇਠ ਅੰਕਤ ਕੀਤੇ ਗਏ ਹਨ।

- ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥੩॥ (ਸਸਤ੍ਰ ਨਾਮ ਮਾਲਾ)
- ਅਕਾਲ ਪੁਰਖ ਕੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ॥
ਸਰਬ ਕਾਲ ਜੀ ਦੀ ਰਛਿਆ ਹਮਨੈ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥
(ਅਕਾਲ ਉਸਤਤਿ)
- ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥੧॥੭੧॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਅੰਤ ਮਰੇ ਪਛੁਤਾਇ ਪ੍ਰਿਥੀ ਪਰਿ ਜੇ ਜਗ ਮੈ ਅਵਤਾਰ ਕਹਾਏ॥ (੩੩ ਸਵੈਯੇ)
- ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥ ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ॥੫੩॥ (ਚਰਿਤ੍ਰ ਪਖ੍ਯਾਨ)
- ਅਵਰਨ ਕੀ ਆਸਾ ਕਿਛੁ ਨਾਹੀ॥
ਏਕੈ ਆਸ ਧਰੋ ਮਨ ਮਾਹੀ॥
ਆਨ ਆਸ ਉਪਜਤ ਕਿਛੁ ਨਾਹੀ॥
ਵਾ ਕੀ ਆਸ ਧਰੋ ਮਨ ਮਾਹੀ॥੪੬॥
(ਅਪਨੀ ਕਥਾ)
- ਆਖਨ ਭੀਤਰਿ ਤੇਲ ਕੌ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ ॥
ਜੋ ਧਨਵਾਨੁ ਲਖੈ ਨਿਜ ਸੇਵਕ ਤਾਹੀ ਪਰੋਸਿ ਪ੍ਰਸਾਦਿ ਜਿਮਾਵੈ॥ (੩੩ ਸਵੈਯੇ)
- ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ (੩੩ ਸਵੈਯੇ)
- ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥੩੮੫॥ (ਚਰਿਤ੍ਰ ੪੦੫)
- ਆਦਿ ਪੁਰਖ ਜਿਨਿ ਏਕੁ ਪਛਾਨਾ॥ ਦੁਤੀਆ ਭਾਵ ਨ ਮਨ ਮਹਿ ਆਨਾ॥੨੧॥ (ਚੌਬੀਸ ੨੧)
- ਔਰਨ ਕਹਾ ਉਪਦੇਸਤ ਹੈ ? ਪਸੁ! ਤੋਹਿ ਪ੍ਰਬੋਧ ਨ ਲਾਗੋ॥ (੩੩ ਸਵੈਯੇ ਤੋਂ ਪਹਿਲੇ)
- ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈ ਜਗਤਿ ਜਨਮੁ ਧਰਿ ਆਯੋ॥ (ਅਪਨੀ ਕਥਾ)
- ਇਹ ਬਿਧਿ ਕਰਤ ਤਪਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ (ਅਪਨੀ ਕਥਾ)
- ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥੨॥ (ਸਸਤ੍ਰ ਨਾਮ ਮਾਲਾ ਤੋਂ ਪਹਿਲੇ)
- ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੧੫॥੮੫॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਏਕ ਪੁਰਖ ਜਿਨਿ ਨੈਕੁ ਪਛਾਨਾ॥ ਤਿਨ ਹੀ ਪਰਮ ਤਤ ਕਹ ਜਾਨਾ॥੨੨॥ (ਚੌਬੀਸ ਅਵਤਾਰ)
- ਏਕ ਮਦੀ ਦੂਜੇ ਤਰੁਨਿ ਤੀਜੇ ਅਤਿ ਧਨ ਧਾਮ॥ ਪਾਪ ਕਰੇ ਬਿਨ ਕਯੋਂ ਬਚੈ ? ਬਚੈ ਬਚਾਵੈ ਰਾਮ॥੧੯॥ (ਚਰਿਤ੍ਰ ਪਖ੍ਯਾਨ)
- ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ॥ ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥੮੬੪॥ (ਰਾਮਾਵਤਾਰ)
- ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ॥੩੧॥ (ਚਰਿਤ੍ਰ ਪਖ੍ਯਾਨ)
- ਸਮਝ ਲੇਹੁ ਸਭ ਜਨ ਮਨ ਮਾਹੀ॥ ਡਿੰਭਨ ਮੈ ਪਰਮੇਸੁਰ ਨਾਹੀ॥੫੩॥ (ਅਪਨੀ ਕਥਾ)
- ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥੯॥੨੯॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਸਾਧ ਕਰਮ ਜੇ ਪੁਰਖ ਕਮਾਵੈ॥
ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀ॥
ਨਾਮ ਅਸੁਰ ਤਿਨ ਕੋ ਸਭ ਧਰ ਹੀ॥੧੫॥
(ਬਚਿਤ੍ਰ ਨਾਟਕ)
- ਸਿਚਤ ਕਹਾ ਪਰੇ ਬਿਖਿਯਨ ਕਹ? ਕਬਹੂੰ ਬਿਖੈ ਰਸ ਤਯਾਗੋ॥੧॥ (ਰਾਗ ਰਾਮਕਲੀ ਪਾ.੧੦)
- ਸਿਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥ (ਰਾਮਾਵਤਾਰ)
- ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥੫੧॥ (ਚਰਿਤ੍ਰ ਪਖ੍ਯਾਨ)
- ਸੂਰਜ ਸਿਵਯਾ ਤਾਹਿ ਕਉਲ ਕੀ ਬਡਯਾ ਦੇਤ ਚੰਦ੍ਰਮਾ ਸਿਵਯਾ ਕੌ ਕਵੀ ਕੈ ਪਹਿਚਾਨੀਐ॥੩॥੭੩॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਸ੍ਰੀ ਅਸਿਪਾਨ! ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥੮੬੩॥ (ਰਾਮਾਵਤਾਰ)
- ਸ੍ਵੈਯਾ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥ (ਰਾਮਾਵਤਾਰ)
- ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥
ਦੁਸਟ ਦੋਖਯਨਿ ਪਕਰਿ ਪਛਾਰੋ॥੪੨॥
(ਅਪਨੀ ਕਥਾ)
- ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਹੋ ਪਰ ਧਨ ਪਾਹਨ ਤੁਲਿ ਤ੍ਰਿਯਾ ਪਰ ਮਾਤ ਹਮਾਰੈ॥੫੮॥ (ਚਰਿਤ੍ਰ ਪਖ੍ਯਾਨ)
- ਕਹਿਯੋ ਪ੍ਰਭੂ ਸੁ ਭਾਖਿਹੌਂ॥
ਕਿਸੂ ਨ ਕਾਨ ਰਾਖਿਹੌਂ॥ ਕਿਸੂ ਨ ਭੇਖ ਭੀਜਹੌਂ॥
ਅਲੇਖ ਬੀਜ ਬੀਜਹੌਂ॥੩੪॥ (ਅਪਨੀ ਕਥਾ)
- ਕਬਹੂੰ ਦੈਤ ਦੇਵਤਨ ਮਾਰੈਂ॥
ਕਬਹੂੰ ਦੈਤਨ ਦੇਵ ਸੰਘਾਰੈਂ ॥
ਦੇਵ ਦੈਤ ਜਿਨ ਦੋਊ ਸੰਘਾਰਾ॥
ਵਹੈ ਪੁਰਖ ਪ੍ਰਤਿਪਾਲ ਹਮਾਰਾ॥੧੦੪॥
(ਚਰਿਤ੍ਰ ਪਖ੍ਯਾਨ)
- ਕਬਹੂੰ ਰਣ ਜੂਝਯੋ ਨਹੀ ਕਛੁ ਦੈ ਜਸੁ ਨਹੀ ਲੀਨ ॥ ਗਾਵ ਬਸਤਿ ਜਾਨਯੋ ਨਹੀ ਜਮ ਸੋ ਕਿਨ ਕਹਿ ਦੀਨ॥੨੨॥ (ਬਚਿਤ੍ਰ ਨਾਟਕ)
- ਕਰੇ ਕੋਟ ਕੋਊ ਧਰੈ ਕੋਟਿ ਓਟੰ॥
ਬਚੈਗੋ ਨ ਕਿਉਹੂੰ ਕਰੈ ਕਾਲ ਚੋਟੰ॥
(ਬਚਿਤ੍ਰ ਨਾਟਕ)
- ਕਰੈ ਨਿਤ ਅਨਰਥ ਸਮਰਥ ਨ ਏਤੀ॥
ਕਰੈ ਪਾਪ ਤੇਤੋ ਪਰਾਲਬਧ ਜੇਤੀ॥੫੮॥
(ਨਿਹਕਲੰਕੀ ਅਵਤਾਰ)
- ਕਾ ਕਰਯੋ ਕੁਕਾਜ ?॥ ਕਯੋ ਜੀਐ ਨਿਲਾਜ ?॥
(ਰਾਮਾਵਤਾਰ)
- ਕਾਹੇ ਕਉ ਡਿੰਭ ਕਰੈ ? ਮਨ ਮੂਰਖ! ਡਿੰਭ ਕਰੈ ਅਪੁਨੀ ਪਤਿ ਖ੍ਵੈ ਹੈ॥ (੩੩ ਸਵੈਯੇ)
- ਕਾਹੇ ਕਉ ਪੂਜਤ ਪਾਹਨ ਕਉ ?
ਕਛੁ ਪਾਹਨ ਮੈ ਪਰਮੇਸਰ ਨਾਹੀ ॥
ਤਾਹੀ ਕੋ ਪੂਜ ਪ੍ਰਭੂ ਕਰਿ ਕੇ ਜਿਹ ਪੂਜਤ ਹੀ ਅਘ ਓਘ ਮਿਟਾਹੀ ॥ (੩੩ ਸਵੈਯੇ)
- ਕਾਹੇ ਕੋ ਡੋਲਤ ਹੈ ?
ਤੁਮਰੀ ਸੁਧਿ ਸੁੰਦਰ ਸ੍ਰੀ ਪਦਮਾਪਤਿ ਲੈ ਹੈ॥੫॥੨੪੭॥ (ਤ੍ਵਪ੍ਰਸਾਦਿ। ਸ੍ਵੈਯੇ॥)
- ਕਾਹੇ ਕੋ ਬਸਤ੍ਰ ਕਰੋ ਭਗਵਾ ? ਇਨ ਬਾਤਨ ਸੋ ਭਗਵਾਨ ਨ ਹ੍ਵੈ ਹੈ ॥ (ਬ੍ਰਹਮਾ ਅਵਤਾਰ)
- ਕਾਨਿ ਸੁਨੇ ਪਹਿਚਾਨ ਨ ਤਿਨ ਸੋ॥
ਲਿਵ ਲਾਗੀ ਮੋਰੀ ਪਗ ਇਨ ਸੋ॥੪੩੪॥ (ਕ੍ਰਿਸ਼ਨਾਵਤਾਰ)
- ਕਾਮਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੋਂ?॥੧੦॥੮੦॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥
- ਸੰਗ੍ਰਹਿ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥੨॥ (ਰਾਗ ਰਾਮਕਲੀ ਪਾ.੧੦)
- ਕੋਊ ਬੁਤਾਨ ਕੌ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੌ ਪੂਜਨ ਧਾਇਓ ॥ ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥੩੦॥ (ਅਕਾਲ ਉਸਤਤਿ)
- ਖੜਗ ਹਾਥ ਜਿਨਿ ਤਜਹੁ ਖੜਗਧਾਰਾ ਸਹੋ ॥ (ਚਰਿਤ੍ਰ ਪਖ੍ਯਾਨ)
- ਖੂਕ ਮਲਹਾਰੀ ਗਜ ਗਦਾਹਾ ਬਿਭੂਤ ਧਾਰੀ ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ॥
(ਅਕਾਲ ਉਸਤਤਿ)
- ਗੁਰ ਜਬ ਤੇ ਮੁਹਿ ਕਹਿਯੋ ਇਹੈ ਪ੍ਰਨ ਲਯੋ ਸੁ ਧਾਰੈ॥ (ਚਰਿਤ੍ਰ ਪਖ੍ਯਾਨ)
- ਹੋ ਪਰ ਧਨ ਪਾਹਨ ਤੁਲਿ ਤ੍ਰਿਯਾ ਪਰ ਮਾਤ ਹਮਾਰੈ॥੫੮॥ (ਚਰਿਤ੍ਰ ਪਖ੍ਯਾਨ)
ਗੁਰ ਦੋਖੀ ਸਗ ਕੀ ਮ੍ਰਿਤੁ ਪਾਵੈ॥
ਨਰਕ ਕੁੰਡ ਡਾਰੇ ਪਛੁਤਾਵੈ॥੯॥ (ਬਚਿਤ੍ਰ ਨਾਟਕ)
- ਘੁਘੁ ਮਟਬਾਸੀ ਲਗੇ ਡੋਲਤ ਉਦਾਸੀ ਮ੍ਰਿਗ ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ॥ (ਅਕਾਲ ਉਸਤਤਿ)
- ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥੨੨॥ (ਜ਼ਫਰਨਾਮਾ)
- ਚੇਤ ਅਚੇਤ! ਸੁਚੇਤਨ ਕੋ ਚਿਤ ਕੀ ਤਜਿ ਕੈ ਚਟ ਦੈ ਦੁਚਿਤਾਈ॥੫੧॥ (ਚਰਿਤ੍ਰ ਪਖ੍ਯਾਨ)
- ਚੇਤ ਰੇ ਚੇਤ ਅਚੇਤ ਮਹਾ ਪਸੁ! ਅੰਤ ਕੀ ਬਾਰ ਇਕੇਲੋ ਈ ਜੈ ਹੈ॥੩੨॥ (੩੩ ਸਵੈਯੇ)
- ਜਟਾ ਨ ਸੀਸ ਧਾਰਿਹੌਂ॥
ਨ ਮੁੰਦ੍ਰਕਾ ਸੁ ਧਾਰਿਹੌਂ॥
ਨ ਕਾਨਿ ਕਾਹੂੰ ਕੀ ਧਰੋ॥
ਕਹਿਯੋ ਪ੍ਰਭੂ ਸੁ ਮੈ ਕਰੋ॥੩੬॥ (ਅਪਨੀ ਕਥਾ)
- ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ॥੨੩੧॥ (ਚੰਡੀ ਚਰਿਤ੍ਰ ਉਕਤਿ ਬਿਲਾਸ)
- ਜਬ ਤੋ ਕੋ ਦਿਜ ! ਕਾਲ ਸਤੈ ਹੈ॥
ਤਬ ਤੂ ਕੋ ਪੁਸਤਕ ਕਰ ਲੈ ਹੈ? ॥
ਭਾਗਵਤ ਪੜੈ? ਕਿ ਗੀਤਾ ਕਹਿ ਹੈ?॥ ਰਾਮਹਿ ਪਕਰਿ? ਕਿ ਸਿਵ ਕਹ ਗਹਿ ਹੈ॥੧੦੧॥ (ਚਰਿਤ੍ਰ ਪਖ੍ਯਾਨ)
ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥
(ਅਪਨੀ ਕਥਾ)
- ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ ਕਾਲ ਕੇ ਬਨਾਏ ਸਬੈ ਕਾਲ ਹੀ ਚਬਾਹਿੰਗੇ॥ (ਤ੍ਵਪ੍ਰਸਾਦਿ॥ ਸ੍ਵੈਯੇ॥)
- ਜਲ ਕੇ ਤਰਯਾ ਕੌ ਗੰਗੇਰੀ ਸੀ ਕਹਤ ਜਗ ਆਗ ਕੇ ਭਛਯਾ ਸੋ ਚਕੋਰ ਸਮ ਮਾਨੀਐ॥ (ਤ੍ਵਪ੍ਰਸਾਦਿ॥ ਸ੍ਵੈਯੇ॥)
ਜਵਨ ਕਾਲ ਸਭ ਜਗਤ ਬਨਾਯੋ ॥
ਦੇਵ ਦੈਤ ਜਛਨ ਉਪਜਾਯੋ॥ (ਚਰਿਤ੍ਰ ਪਖ੍ਯਾਨ)
- ਜਾਹਿ ਤਹਾ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥
(ਅਪਨੀ ਕਥਾ)
- ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨਿ ਨੈਕ ਨ ਆਨੈ॥ (੩੩ ਸਵੈਯੇ)
- ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ।

ਛੈ੍ਹ ਨ ਸਕੇ ਤਿੱਹ ਛਾਂਹਿਕੋ ਨਿਹਫਲ ਜਾਇ ਗਵਾਰ।।੨੪।। (ਬਚਿਤ੍ਰ ਨਾਟਕ)
• ਜਿਤੇ ਸਸਤ੍ਰ ਨਾਮੰ॥ ਨਮਸਕਾਰ ਤਾਮੰ॥ ਜਿਤੇ ਅਸਤ੍ਰ ਭੇਯੰ॥ ਨਮਸਕਾਰ ਤੇਯੰ॥੯੧॥ (ਬਚਿਤ੍ਰ ਨਾਟਕ)
• ਜਿਨ ਨਰ ਏਕ ਪੁਰਖ ਕਹ ਧਿਆਯੋ॥ ਤਿਨ ਕਰਿ ਡਿੰਭ ਨ ਕਿਸੀ ਦਿਖਾਯੋ।।੨੪।। (ਚੌਬੀਸ ਅਵਤਾਰ)
• ਜਿਨਿ ਜਿਨਿ ਨਾਮੁ ਤਿਹਾਰੋ ਧਿਆਇਆ ॥ ਦੂਖ ਪਾਪ ਤਿਨ ਨਿਕਟਿ ਨ ਆਇਆ॥
ਜੇ ਜੇ ਅਉਰ ਧਿਆਨ ਕੋ ਧਰਹੀ ॥ ਬਹਿਸਿ ਬਹਿਸਿ ਬਾਦਨ ਤੇ ਮਰਹੀ ॥੪੧॥ (ਕਵਿ ਬੇਂਸ ਵਰਨਨ।।)
• ਜਿਮ ਤਿਨ ਕਹੀ ਇਨੈ ਤਿਮ ਕਹਿਹੌ॥ ਅਉਰ ਕਿਸੂ ਤੇ ਬੈਰ ਨ ਗਹਿਹੌਂ॥ ੩੧॥ (ਅਪਨੀ ਕਥਾ)
ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ।।੨।। (ਖਾਲਸਾ ਮਹਿਮਾ)
• ਜੇ ਸਾਧੂ ਸਰਨੀ ਪਰੇ ਤਿਨ ਕੇ ਕਵਨ ਬਿਚਾਰ॥ ਦੰਤਿ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰਿ।।੨੫।। (ਕਵਿ ਬੇਂਸ ਵਰਨਨ।।)
• ਜੇ ਕੋਈ ਹੋਤਿ ਭਯੋ ਜਗਿ ਸਿਆਨ ॥ ਤਿਨ ਤਿਨ ਅਪਨੋ ਪੰਥੁ ਚਲਾਨਾ।।੧੪।। (ਅਪਨੀ ਕਥਾ)
ਜੇਤੋ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ ਐਸੋ ਨ ਪ੍ਰਪੰਚ ਮਨਿ ਭੂਲਿ ਆਨੀਅਤੁ ਹੈ।।੨।।੭੨।। (ਤ੍ਵਪ੍ਰਸਾਦਿ।। ਸ੍ਵੈਯੇ।।)
• ਜੈਸਿ ਜੂਨਿ ਇਕ ਦੈਤ ਬਖਨਿਯਤ॥ ਤਯੋ ਇਕ ਜੂਨਿ ਦੇਵਤਾ ਜਨਿਯਤ ॥
ਜੈਸੇ ਹਿਦੂਆਨੋ ਤੁਰਕਾਨਾ ॥
ਸਭਹਿਨ ਸੀਸ ਕਾਲ ਜਰਵਾਨਾ।।੧੦੩।। (ਚਰਿਤ੍ਰ ਪਖ਼ਯਾਨ)
• ਜੋ ਇਹ ਕਥਾ ਸੁਨੈ ਅਰੁ ਗਾਵੈ॥ ਦੂਖ ਪਾਪ ਤਿਹ ਨਿਕਟਿ ਨ ਆਵੈ ॥ (ਰਾਮਾਵਤਾਰ)
• ਜੋ ਹਮ ਕੋ ਪਰਮੇਸੁਰ ਉਚਰਿ ਹੈ॥
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ॥
ਮੋ ਕੌ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ।।੩੨।। (ਅਪਨੀ ਕਥਾ)
• ਜੋ ਕਿਛੁ ਲੇਖੁ ਲਿਖਿਓ ਬਿਧਨਾ ਸੋਈ ਪਾਯਤੁ ਮਿਸ੍ਰ ਜੂ ! ਸੋਕ ਨਿਵਾਰੋ ॥ (ਖਾਲਸਾ ਮਹਿਮਾ)
• ਜੋ ਨਿਰਜੋਤਿ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ॥
ਪਾਇ ਪਰੇ ਪਰਮੇਸੁਰ ਜਾਨਿ ਅਜਾਨ ਬਡੇ ਕਰਿ ਕੈ ਹਠਤਾਈ॥ (ਚਰਿਤ੍ਰ ਪਖਯਾਨ)
ਜੋ ਪਰ ਤ੍ਰਿਯ ਪਰ ਸੇਜ ਭਜਤ ਹੈ ਜਾਇ ਕਰਿ॥ ਹੋ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ।।੨੦।। (ਚਰਿਤ੍ਰ ਪਖਯਾਨ)
• ਜੋ ਪੂਜਾ ਅਸਿਕੇਤੁ ਕੀ ਨਿਤ ਪ੍ਰਤਿ ਕਰੈ ਬਨਾਇ॥
ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ।।੩੬੭।। (ਚਰਿਤ੍ਰ ਪਖਯਾਨ)
• ਠਾਂਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਯਾਇ ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।।੩੦।। (ਅਪਨੀ ਕਥਾ)
• ਤਹ ਹਮ ਅਧਿਕ ਤਪਸਿਆ ਸਾਧੀ॥ ਮਹਾਕਾਲ ਕਾਲਕਾ ਅਰਾਧੀ।।੨।। (ਕਵਿ ਬੇਂਸ ਵਰਨਨ।।)
• ਤਜੇ ਧਰਮ ਨਾਰੀ ਤਕੈ ਪਾਪ ਨਾਰੰ॥ ਮਹਾ ਰੂਪ ਪਾਪੀ ਕੁਵਿਤ੍ਰਾਧਿਕਾਰੰ।।੫੨।। (ਨਿਹਕਲੰਕੀ ਅਵਤਾਰ)
• ਤਵਿਕ ਨਾਮ ਰਤਿਯੰ॥ ਨ ਆਨ ਮਾਨ ਮਤਿਯੰ॥ ਪਰਮ ਧਿਆਨ ਧਾਰੀਯੰ॥ ਅਨੰਤ ਪਾਪ ਟਾਰੀਯੰ।।੩੯।। (ਅਪਨੀ ਕਥਾ)
• ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ।।੩।।
ਤਿਨ ਜੋ ਕਰੀ ਅਲਖ ਕੀ ਸੇਵਾ॥
ਤਾ ਤੇ ਭਏ ਪ੍ਰਸੰਨਿ ਗੁਰਦੇਵਾ ॥
ਤਿਨ ਪ੍ਰਭ ਜਬ ਆਇਸੁ ਮੁਹਿ ਦੀਆ॥
ਤਬ ਹਮ ਜਨਮ ਕਲੂ ਮਹਿ ਲੀਆ।।੪।। (ਅਪਨੀ ਕਥਾ)
• ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ।।੧੯।।੬੯।।
ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ।।੨੦।।੭੦।। (ਅਕਾਲ ਉਸਤਤਿ)
• ਤੁਮਹਿ ਛਾਡਿ ਕੋਈ ਅਵਰ ਨ ਧਯਾਊ॥ ਜੋ ਬਰ ਚਾਹੋਂ ਸੁ ਤੁਮ ਤੇ ਪਾਊ॥ (ਚਰਿਤ੍ਰ ਪਖਯਾਨ)
• ਤੁਮੇਵ ਰੂਪ ਰਾਚਿਯੰ॥ ਨ ਆਨ ਦਾਨ ਮਾਚਿਯੰ॥ ਤਵਕਿ ਨਾਮੁ ਉਚਾਰੀਯੰ॥ ਅਨੰਤ ਦੂਖ ਟਾਰੀਯੰ।।੪੦।। (ਅਪਨੀ ਕਥਾ)
• ਤੈ ਹੀ ਦੁਰਗਾ ਸਾਜ ਕੈ ਦੈਂਤਾ ਦਾ ਨਾਸ ਕਰਾਯਾ। ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥ (ਵਾਰ ਸ੍ਰੀ ਭਗਉਤੀ ਜੀ ਕੀ।।)
• ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥ (ਖਾਲਸਾ ਮਹਿਮਾ)
• ਦਿਜਨ ਦੀਜਿਯਹੁ ਦਾਨ ਦੁਜਨ ਕਹ ਦ੍ਰਿਸਟਿ ਦਿਖੈਯਹੁ ॥ ਸੁਖੀ ਰਾਖਿਯਹੁ ਸਾਥ ਸਤ੍ਰੁ ਸਿਰ ਖੜਗ ਬਜੈਯਹੁ॥ (ਚਰਿਤ੍ਰ ਪਖਯਾਨ)
• ਦੁਰਗਾ ਪਾਠ ਬਣਾਇਆ ਸਭੇ ਪਉੜੀਆ ॥ ਫੇਰਿ ਨ ਜੂਨੀ ਆਇਆ ਜਿਨਿ ਇਹ ਗਾਇਆ।।੫੫।। (ਵਾਰ ਸ੍ਰੀ ਭਗਉਤੀ ਜੀ ਕੀ।।)
• ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋ॥ (ਚੰਡੀ ਚਰਿਤ੍ਰ ਉਕਤਿ ਬਿਲਾਸ)
• ਦੇਗ ਤੇਗ ਜਗ ਮੈ ਦੋਊ ਚਲੈ॥ ਰਾਖੁ ਆਪਿ ਮੁਹਿ ਅਉਰ ਨ ਦਲੈ।।੪੩੬।। (ਕ੍ਰਿਸ਼ਨਾਵਤਾਰ)
• ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ।।੮੬੪।। (ਰਾਮਾਵਤਾਰ)
• ਧਨ ਅਰੁ ਭੂਮਿ ਪੁਰਾਤਨ ਬੈਰਾ॥
ਜਿਨ ਕਾ ਮੂਆ ਕਰਤਿ ਜਗ ਘੇਰਾ॥
ਮੋਹ ਬਾਦ ਅਹੰਕਾਰ ਪਸਾਰਾ ॥ ਕਾਮ ਕ੍ਰੋਧ ਜੀਤਾ ਜਗ ਸਾਰਾ॥ ੩੪॥ (ਕਵਿ ਬੇਂਸ ਵਰਨਨ।।)
• ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗਿ ਛਾਇਓ।।੮।।੨੫੦।। (ਤ੍ਵਪ੍ਰਸਾਦਿ।। ਸ੍ਵੈਯੇ।।)
• ਨ ਜਟਾ ਮੁੰਡਿ ਧਾਰੌ॥ ਨ ਮੁੰਦ੍ਰਕਾ ਸਵਾਰੌ॥ ਨ ਨੈਨੰ ਮਿਚਾਊ॥
• ਨ ਡਿੰਭੰ ਦਿਖਾਊ॥ ਨ ਕੁਕਰਮੰ ਕਮਾਊ॥ ਨ ਭੇਖੀ ਕਹਾਊ।।੫੨।। (ਕਵਿ ਬੇਂਸ ਵਰਨਨ।।)
• ਨ ਪ੍ਰੀਤਿ ਮਾਤ ਸੰਗਾ॥ ਅਧੀਨ ਅਰਧੰਗਾ।।੪੦।। (ਨਿਹਕਲੰਕੀ ਅਤਵਾਰ)
• ਨਏ ਨਿੱਤ ਮੱਤੰ ਉਠੈ ਏਕ ਏਕੰ॥ ਕਰੈ ਨਿੱਤ ਅਨਰਥੰ ਅਨੇਕੰ ਅਨੇਕੰ।।੫੯।। (ਨਿਹਕਲੰਕੀ ਅਤਵਾਰ)
• ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤੁ ਚਿਤੁ ਲਾਇ॥ (ਬਚਿੱਤ੍ਰ ਨਾਟਕ)
• ਨਮਸਕਾਰ ਤਿਸ ਹੀ ਕੋ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥ (ਚਰਿਤ੍ਰ ਪਖਯਾਨ)
ਨਰ ਨਾਰਿ ਨਪੁੰਸਕ ਜਾਹਿ ਕੀਏ॥ ਗਣ ਕਿੰਨਰ ਜਛ ਭੁਜੰਗ ਦੀਏ॥ (ਤ੍ਵਪ੍ਰਸਾਦਿ।। ਸ੍ਵੈਯੇ।।)
• ਪਖਾਣ ਪੂਜਿ ਹੌ ਨਹੀ ॥ ਨ ਭੇਖ ਭੀਜ ਹੌ ਕਹੀ॥ ਅਨੰਤ ਨਾਮੁ ਗਾਇਹੌਂ॥ ਪਰਮ ਪੁਰਖ ਪਾਇਹੌਂ।।੩੫।। (ਕਵਿ ਬੇਂਸ ਵਰਨਨ।।)
• ਪਾਇ ਪਰੇ ਪਰਮੇਸੁਰ ਜਾਨਿ ਅਜਾਨ ਬਡੇ ਕਰਿ ਕੈ ਹਠਤਾਈ॥
ਪਾਇ ਪਰੇ ਪਰਮੇਸਰ ਕੇ ਜੜ ! ਪਾਹਨ ਮੈ ਪਰਮੇਸਰ ਨਾਹੀ।।੯੯।। (ਚਰਿਤ੍ਰ ਪਖਯਾਨ)
• ਪਾਹਨ ਕੋ ਅਸਥਾਲਯ ਕੋ ਸਿਰ ਨਯਾਇ ਫਿਰਯੋ ਕਛੁ ਹਾਥਿ ਨ ਆਯੋ॥
ਰੇ ਮਨ ਮੂੜ੍ਹ! ਅਗੂੜ ਪ੍ਰਭੂ ਤਜਿ ਆਪਨ ਹੂੜ ਕਹਾ ਉਰਝਾਯੋ ? ।।੨੬।। (੩੩ ਸਵੈਯੇ)
ਪਾਪ ਕਰੇ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਈ ॥ (ਚਰਿਤ੍ਰ ਪਖਯਾਨ)
• ਪੁਤ੍ਰ ਕਲਿਤ੍ਰ ਨ ਮਿਤ੍ਰ ਸਬੈ ਊਹਾ ਸਿਖ ਸਖਾ ਕੋਊ ਸਾਖ ਨ ਦੇ ਹੈ॥
ਚੇਤ ਰੇ ਚੇਤ ਅਚੇਤ ਮਹਾ ਪਸੁ!
ਅੰਤ ਕੀ ਬਾਰ ਇਕੇਲੋ ਈ ਜੈ ਹੈ।।੩੨।। (੩੩ ਸਵੈਯੇ)
• ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ।। (੩੩ ਸਵੈਯੇ)
• ਫਲ ਕੇ ਭਛਯਾ ਤਾਹਿ ਬਾਂਦਰੀ ਕੇ ਜਯਾ ਕਹੈ ਆਦਿਸ ਫਿਰਯਾ ਤੇਤੋ ਭੂਤ ਕੇ ਪਛਾਨੀਐ॥ (ਤ੍ਵਪ੍ਰਸਾਦਿ।। ਸ੍ਵੈਯੇ।।)
• ਬਿਅੰਤਿ ਨਾਮੁ ਧਿਆਇਹੈਂ॥
ਪਰਮ ਜੋਤਿ ਪਾਇਹੈਂ॥
ਨ ਧਿਆਨ ਆਨ ਕੋ ਧਰੈ॥
ਨ ਨਾਮੁ ਆਨਿ ਉਚਰੈ।।੩੮।।
(ਕਵਿ ਬੇਂਸ ਵਰਨਨ।।)
• ਬਿਸਨ ਭਗਤਿ ਕੀ ਏ ਫਲ ਹੋਈ॥ ਆਧਿ ਬਯਾਧਿ ਛ੍ਵੈ ਸਕੈ ਨ ਕੋਇ।।੮੫੯।। (ਰਾਮਾਵਤਾਰ)
• ਬਿੰਦ ਕੇ ਸਧਯਾ ਤਾਹਿ ਹੀਜ ਕੀ ਬਡਯਾ ਦੇਤ ਬੰਦਰਾ ਸਦੀਵ ਪਾਇ ਨਾਗੇ ਈ ਫਿਰਤ ਹੈ॥ (ਤ੍ਵਪ੍ਰਸਾਦਿ।। ਸ੍ਵੈਯੇ।।)
• ਬਿਨੁ ਹਰਿ ਨਾਮੁ ਨ ਬਾਚਨ ਪੈ ਹੈ॥ ਚੌਦਹ ਲੋਕ ਜਾਹਿ ਬਸਿ ਕੀਨੇ ਤਾ ਤੇ ਕਹਾ ਪਲੈ ਹੈ ?।।੧।। (ਰਾਗ ਰਾਮਕਲੀ ਪਾ.੧੦)
• ਭਜੋ ਸੁ ਏਕੁ ਨਾਮਯੰ॥ ਜੁ ਕਾਮ ਸਰਬ ਠਾਮਯੰ॥
ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ।।੩੭।। (ਕਵਿ ਬੇਂਸ ਵਰਨਨ।।)
• ਭਾਗਵਤ ਪੜ੍ਹੋ ? ਕਿ ਗੀਤਾ ਕਹਿ ਹੋ ?॥ ਰਾਮਹਿ ਪਕਰਿ ? ਕਿ ਸਿਵ ਕਹ ਗਹਿ ਹੋ ।।੧੦੯।। (ਚਰਿਤ੍ਰ ਪਖਯਾਨ)
• ਭੂਮਿ ਕੇ ਬਸਯਾ ਤਾਹਿ ਭੂਚਰੀ ਕੈ ਜਯਾ ਕਹੈ ਨਭ ਕੇ ਉਡਯਾ ਸੋ ਚਿਰਯਾ ਕੈ ਬਖਾਨੀਐ॥ (ਤ੍ਵਪ੍ਰਸਾਦਿ।। ਸ੍ਵੈਯੇ।।)
• ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ॥ ਅੰਤਿ ਕਾਲਿ ਕਾਤੀ ਕਟਿਯੋ ਬਾਸੁ ਨਰਕ ਮੋ ਲੀਨ।।੫੬।। (ਕਵਿ ਬੇਂਸ ਵਰਨਨ।।)
• ਮਹਾ ਕਾਲ ਕੀ ਸਰਨਿ ਜੇ ਪਰੇ ਸੁ ਲਏ ਬਚਾਇ॥ ਔਰ ਨ ਉਪਜਾ ਦੂਸਰ ਜਗ ਭਛਿਯੋ ਸਭੈ ਬਨਾਇ।।੩੬੬।। (ਚਰਿਤ੍ਰ ਪਖਯਾਨ)
• ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥ ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ।।੨।। (ਕਵਿ ਬੇਂਸ ਵਰਨਨ।।)
• ਮੈ ਨ ਗਨੇਸਹਿ ਪ੍ਰਿਥਮ ਮਨਾਊ॥ ਕਿਸਨ ਬਿਸਨ ਕਬਹੂੰ ਨ ਧਿਆਊ॥ (ਕ੍ਰਿਸਨਾਵਤਾਰ)
• ਮੋ ਕੋ ਦਾਸੁ ਤਵਨ ਕਾ ਜਾਨੋ ॥ ਯਾ ਮੈ ਭੇਦੁ ਨ ਰੰਚ ਪਛਾਨੋ ।।੩੨।। (ਕਵਿ ਬੇਂਸ ਵਰਨਨ।।)
• ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ ।।੩।। (ਖਾਲਸਾ ਮਹਿਮਾ)
• ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ।।੪੩।। (ਕਵਿ ਬੇਂਸ ਵਰਨਨ।।)
• ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥ (ਰਾਮਾਵਤਾਰ)
• ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪਰਤੀਤ॥
• ਬਿਛੂ ਬਿਸੀਅਰੁ ਬੇਸਯਾ ਕਹੋ ਕਵਨ ਕੇ ਮੀਤ ? ।।੪੩।। (ਚਰਿਤ੍ਰ ਪਖਯਾਨ)
• ਰੇ ਮਨ ਲੈਲ! ਇਕੇਲ ਹੀ ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ ? ।।੨੩।। (੩੩ ਸਵੈਯੇ)
• ਲਿਖ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ॥ ਬਿਨਾ ਸਰਨਿ ਤਾ ਕੀ ਨਹੀ ਔਰ ਓਟੰ ।।੯੧।। (ਬਚਿਤ੍ਰ ਨਾਟਕ)
• ਲੋਕ ਲਾਜ ਕਉ ਛਾਡਿ ਕਛੂ ਕਾਰਜ ਨਹਿ ਕਰਿਯਹੁ॥ ਪਰ ਨਾਰੀ ਕੀ ਸੇਜ ਪਾਵ ਸੁਪਨੇ ਹੂੰ ਨ ਧਰਿਯਹੁ॥ (ਚਰਿਤ੍ਰ ਪਖਯਾਨ)

ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ

ਆਓ ਜਾਗੀਏ ਅਤੇ ਅਰਥਾਂ ਦੇ ਅਨਰਥ ਨਾ ਕਰੀਏ



ਦੀਵਾਲੀ ਦਾ ਅਰਥ ਹੈ : ਦੀਵਿਆਂ ਦਾ ਤਿਉਹਾਰ। ਦੀਵਾਲੀ ਨਾਲ ਅਯੁੱਧਿਆ ਦੇ ਰਾਜਾ ਸ੍ਰੀ ਰਾਮ ਚੰਦ੍ਰ ਰਾਹੀਂ ਲੰਕਾਪਤੀ ਰਾਵਣ ਨੂੰ ਮਾਰ ਕੇ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ, ਜਦੋਂ ਅਯੁੱਧਿਆ ਵਾਸੀਆਂ ਨੇ ਦੀਵੇ ਜਗਾ ਕੇ ਉਹਨਾਂ ਦਾ ਸਵਾਗਤ ਕੀਤਾ ਸੀ। ਸਿੱਖ ਇਤਿਹਾਸ 'ਚ ਪ੍ਰਮਾਣ ਮਿਲਦੇ ਹਨ ਕਿ ਦੀਵਾਲੀ-ਵਿਸਾਖੀ ਦੇ ਦਿਨ ਅਜਿਹੇ ਸਨ, ਜਦੋਂ ਪੰਥ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਇਤਿਹਾਸਿਕ ਹਵਾਲੇ ਅਨੁਸਾਰ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਕੈਦ 'ਚੋਂ ਸਿਆਸੀ ਕੈਦੀਆਂ ਕੈਦੀਆਂ ਨੂੰ ਰਿਹਾਅ ਕੀਤਾ, ਉਸੇ ਤਰ੍ਹਾਂ ਹੀ ਛੇਵੇਂ ਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿਦੂ ਰਾਜਿਆਂ ਅਥਵਾ ਰਾਜਸੀ ਕੈਦੀਆਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦਿਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਸਾਖੀ ਪਰੰਪਰਾ ਅਨੁਸਾਰ ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ, ਹਾਲਾਂਕਿ ਉਸ ਵੇਲੇ ਦਾ ਸਮਾਂ ਫਰਵਰੀ ਮਹੀਨਾ ਦੱਸਿਆ ਜਾਂਦਾ ਹੈ। ਬੇਸ਼ੱਕ ਸਿਖੀ ਸਿਧਾਂਤਾਂ ਦੀ ਕਸੌਟੀ ਤੇ ਪਰਖੀਏ, ਤਾਂ ਇਤਿਹਾਸਕ ਤੌਰ 'ਤੇ ਇਹ ਗੱਲ ਜਚਦੀ ਨਹੀਂ। ਜੇ ਕਰ ਰਿਹਾਈ ਪੰਥ ਲਈ ਵੱਡਾ ਖ਼ੁਸ਼ੀ ਦਾ ਵਿਸ਼ਾ ਹੈ, ਤਾਂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਮਾਤਮ ਜਾਂ ਗਮੀ ਦਾ ਵਿਸ਼ਾ ਹੋਇਆ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਚੜ੍ਹਦੀ ਕਲਾ 'ਚ ਚੇਤੇ ਕਰਨ ਦੀ ਥਾਂ, ਨਿਰਾਸ਼ਾ ਨਾਲ ਹੀ ਯਾਦ ਕੀਤਾ ਜਾਣਾ ਹੋਇਆ ? ਸੱਚ ਤਾਂ ਇਹ ਹੈ ਕਿ ਅਜਿਹੇ ਖ਼ੁਸ਼ੀ-ਗਮ ਦੇ ਉਚੇਚੇ ਪ੍ਰਗਟਾਵੇ ਗੁਰਬਾਣੀ ਸਿਧਾਂਤ ਨਾਲ ਮੇਲ ਨਹੀਂ ਖਾਂਦੇ। ਹਰ ਸਾਲ ਦਰਬਾਰ ਸਾਹਿਬ ਜਾ ਹੋਰਨਾਂ ਅਸਥਾਨਾਂ ਵਿਖੇ ਦੀਪਮਾਲਾ, ਆਤਿਸ਼ਬਾਜ਼ੀ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ।

ਸਿੱਖ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸੰਨ 1737 'ਚ ਭਾਈ ਮਨੀ ਸਿੰਘ ਜੀ ਨੇ ਦੀਵਾਲੀ ਮੌਕੇ ਸਿੱਖ ਪੰਥ ਦੇ ਇਕੱਠ ਦਾ ਫ਼ੈਸਲਾ ਕੀਤਾ। ਪਰ ਜਦੋਂ ਇਹ ਪਤਾ ਲੱਗਿਆ ਕਿ ਸਿੱਖਾਂ ਦੇ ਇਕੱਠ ਤੇ ਜਾਬਰ ਮੁਗ਼ਲ ਹਕੂਮਤ ਹਮਲਾ ਕਰ ਸਕਦੀ ਹੈ, ਤਾਂ ਭਾਈ ਸਾਹਿਬ ਨੇ ਦੀਵਾਲੀ 'ਤੇ ਇਕੱਠ ਨਾ ਕਰਨ ਦਾ ਫੈਸਲਾ ਲਿਆ। ਇਹ ਘਟਨਾ ਵੀ ਅਜਿਹੀ ਨਹੀਂ ਕਿ ਜਿਸ ਨਾਲ ਜੋੜ ਕੇ ਦਰਬਾਰ ਸਾਹਿਬ-ਅੰਮ੍ਰਿਤਸਰ ਵਿਖੇ ਪੰਥ ਹਰ ਸਾਲ ਦਿਵਾਲੀ 'ਤੇ ਆਤਿਸ਼ਬਾਜ਼ੀਆਂ ਕਰੇ। ਦੀਵਾਲੀ ਮੌਕੇ ਗੁਰਦੁਆਰਿਆਂ 'ਚ ਵੱਡੀ ਗਿਣਤੀ ਵਿਚ ਕੀਰਤਨੀ ਜਥਿਆਂ, ਕਥਾ ਵਾਚਕਾਂ ਢਾਡੀਆਂ, ਕਵੀਸ਼ਰਾਂ ਆਦਿ ਵੱਲੋਂ ਅਤੇ ਸੋਸ਼ਲ ਮੀਡੀਏ 'ਤੇ ਵਧਾਈ ਦੇਣ ਵਾਲੇ ਸਿਆਸਤਦਾਨਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਵੱਲੋਂ ਇਸ ਪੰਕਤੀ ਰਾਹੀਂ 'ਦੀਵਾਲੀ ਦੀ ਵਧਾਈ' ਦਿੱਤੀ ਜਾਂਦੀ ਹੈ, ਜਦ ਕਿ ਦੂਸਰੇ ਪਾਸੇ ਕੀਰਤਨੀਆਂ ਵੱਲੋਂ ਸ਼ਬਦ ਕੀਰਤਨ ਕਰਦਿਆਂ ਇਹ ਪੰਗਤੀ ਟੇਕ ਬਣਾ ਕੇ ਕੀਰਤਨ ਲਈ ਟੇਕ ਬਣਾਈ ਜਾਂਦੀ ਹੈ।

'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥' ਸ਼ਬਦ ਦੀਵਾਲੀ ਦੀ ਵਧਾਈ ਦੇਣ ਵਾਸਤੇ ਆਮ ਹੀ ਵਰਤਿਆ ਜਾਂਦਾ ਹੈ। ਇਸ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਦਰਅਸਲ ਇਹ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਨਹੀ ਹੈ। ਇਹ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਲਿਖਤ ਹੈ। ਦਿਵਾਲੀ ਮੌਕੇ ਹਰ ਗੁਰਦੁਆਰਾ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਇਸ 19ਵੀਂ ਵਾਰ ਦੀ 6ਵੀਂ ਪਉੜੀ ਦਾ ਵਾਰ-ਵਾਰ ਗਾਇਨ ਹੋ ਰਿਹਾ ਹੁੰਦਾ ਹੈ, ਪਰ ਸੰਗਤਾਂ ਨੂੰ ਇਸ ਦੇ ਸਹੀ ਅਰਥ ਦੱਸਣ ਦੀ ਥਾਂ, ਇਸ ਪੰਕਤੀ ਨੂੰ ਆਧਾਰ ਬਣਾ ਕੇ (ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥) ਗਾਇਨ ਕਰਦਿਆਂ, ਕੀਰਤਨੀ ਜਥੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ 'ਦੀਵਾਲੀ ਦੀ ਰਾਤਿ ਨੂੰ ਦੀਵੇ ਬਾਲਣੇ' ਹਨ, ਜਦਕਿ ਇਸ ਦੇ ਬਿਲਕੁਲ ਉਲਟ, ਭਾਈ ਗੁਰਦਾਸ ਜੀ ਇਹ ਪ੍ਰਮਾਣ ਦੇ ਕੇ ਆਖਦੇ ਹਨ ਕਿ ਦੀਵਾਲੀ ਦੀ ਇੱਕ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ, ਜਦਕਿ ਇਹ ਇੱਕ ਰਾਤ ਦਾ ਥੋੜ੍ਹ-ਚਿਰਾ ਦਿਲ-ਪ੍ਰਚਾਵਾ ਹੈ ਅਤੇ ਇਸ ਤੋਂ ਵੱਧ ਕੁਝ ਨਹੀਂ। ਅਜਿਹੀਆਂ ਹੀ ਉਹ ਹੋਰ ਵੀ ਬਹੁਤ ਸਾਰੀਆਂ ਉਦਾਹਰਨਾਂ ਦਿੰਦੇ, ਅਖੀਰ 'ਚ ਫ਼ਰਮਾਉਂਦੇ ਹਨ ਗੁਰਮੁਖ ਉਹ ਹਨ, ਜੋ ਅਜਿਹੀਆਂ ਥੋੜ੍ਹ-ਚਿਰੀਆਂ ਚੀਜ਼ਾਂ ਨਾਲ ਜੁੜਨ ਦੀ ਥਾਂ, ਭਰਮ ਭੁਲੇਖਿਆਂ ਨੂੰ ਤਿਆਗ ਕੇ, ਗੁਰੂ ਸ਼ਬਦ ਦੇ ਗਿਆਨ ਅਨੁਸਾਰ ਚਲਦੇ ਹਨ ਅਤੇ ਗੁਰੂ ਦੀ ਸਿੱਖਿਆ ਨੂੰ ਹੀ ਮਨ ਵਿੱਚ ਸੰਭਾਲਦੇ ਹਨ। ਗੁਰੂ ਦੀ ਸਿੱਖਿਆ ਉਨ੍ਹਾਂ ਨਾਲ ਹਮੇਸ਼ਾ ਨਿਭਦੀ ਹੈ ਅਤੇ ਸ਼ਬਦ ਗੁਰੂ ਦੇ

ਡਾ. ਗੁਰਵਿੰਦਰ ਸਿੰਘ
604 825 1550



ਆਸਰੇ ਉਹ ਲੋਕ-ਪਰਲੋਕ ਸੁਹੇਲਾ ਕਰਦੇ ਹਨ। 6 ਪੰਕਤੀਆਂ ਦੀ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ ਪਉੜੀ ਇਸ ਤਰ੍ਹਾਂ ਅੰਕਿਤ ਹੈ :

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ ॥
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥
ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ ॥
ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ ॥
ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ॥6॥

ਉਪਰੋਕਤ ਸਾਰੀਆਂ ਮਿਸਾਲਾਂ ਭਾਈ ਸਾਹਿਬ ਇਸ ਪਉੜੀ ਵਿੱਚ ਦਿੰਦੇ ਹਨ ਕਿ ਤਾਰਿਆਂ ਦੀਆਂ ਅੰਬਰ ਵਿੱਚ ਕਤਾਰਾਂ ਰਾਤ ਸਮੇਂ ਦਿਸਦੀਆਂ ਹਨ, ਪਰ ਸਵੇਰੇ ਨਹੀਂ ਦਿਸਦੀਆਂ। ਇਹ ਪਲਾਂ ਦਾ ਹੀ ਤਮਾਸ਼ਾ ਹੈ। ਬਾਗ ਵਿੱਚ ਫੁੱਲਾਂ ਦੀ ਬਗੀਚੀ ਖ਼ੂਬਸੂਰਤ ਹੁੰਦੀ ਹੈ, ਪਰ ਇਹ ਫੁੱਲ ਚੁਣ- ਚੁਣ ਮਾਲੀ ਤੋੜ ਲੈਂਦਾ ਹੈ। ਇਹ ਥੋੜ੍ਹ-ਚਿਰਾ ਹੀ ਤਮਾਸ਼ਾ ਹੈ। ਤੀਰਥ ਯਾਤਰਾਵਾਂ 'ਤੇ ਲੋਕ ਜਾਂਦੇ ਹਨ ਤੇ ਇਕੱਠ ਹੁੰਦੇ ਹਨ, ਪਰ ਇਸ ਸਦਾ ਭਰੇ ਨਹੀਂ ਰਹਿੰਦੇ। ਲੋਕ ਤੀਰਥਾਂ 'ਤੇ ਖ਼ੁਸ਼ੀ ਮਨਾਉਂਦੇ ਹਨ ਤੇ ਘਰ ਮੁੜ ਆਉਂਦੇ ਹਨ। ਇਹ ਵੀ ਕੁਝ ਸਮੇਂ ਦਾ ਹੀ ਤਮਾਸ਼ਾ ਹੈ। (ਹਰ-ਚੰਦੌਰੀ ਭਾਵ ਹਵਾਈ-ਕਿਲੇ ਅਰਥਾਤ ਸੁਪਨਿਆਂ ਦੀ ਨਗਰੀ) ਜਿਸ ਤਰ੍ਹਾਂ ਭਰਮ-ਭੁਲੇਖੇ 'ਚ ਫਸਿਆ ਹਿਰਨ ਰੇਗਸਥਾਨ 'ਚ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਭਟਕਦਾ ਮਰ ਜਾਂਦਾ ਹੈ, ਏਉਂ ਹੀ ਬੰਦਾ ਭੁਲੇਖੇ ਅਧੀਨ ਲੁਭਾਉਣੀਆ ਵਸਤਾਂ ਪਿੱਛੇ ਭਟਕਦਾ ਗੁੰਮਰਾਹ ਹੋ ਜਾਂਦਾ ਹੈ। ਇਸ ਸਭ ਨੂੰ ਤਿਆਗਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਅਸਲ ਭਾਵ ਅਰਥ ਇਹ ਹੈ ਕਿ ਇਸ ਦੁਨੀਆਂ ਵਿੱਚ ਕੋਈ ਵਿਰਲਾ ਹੀ ਗੁਰਮੁਖ ਹੈ, ਜਿਸ ਨੂੰ ਪਤਾ ਹੈ ਕਿ ਇਹ ਸਭ ਕੁਝ ਮਿੱਟੀ ਹੈ। ਉਹ ਗੁਰੂ ਵੱਲੋਂ ਦਿੱਤਾ ਸ਼ਬਦ ਸੰਭਾਲਦਾ ਹੈ ਤੇ ਉਸ ਵਿਚ ਲੀਨ ਰਹਿੰਦਾ ਹੈ। ਆਓ! ਥੋੜ੍ਹੇ -ਚਿਰ ਅਤੇ ਛਿਣ-ਭਰ ਦੇ ਚਾਨਣ ਲਈ 'ਦੀਵਾਲੀ ਦੇ ਦੀਵਿਆਂ ਦੀ ਰੌਸ਼ਨੀ' ਦੀ ਥਾਂ, 'ਗੁਰ-ਸ਼ਬਦ' ਨਾਲ ਜੁੜ ਕੇ ਗੁਰਮੁਖ ਹੁੰਦਿਆਂ ਹੋਇਆਂ, ਸਦੀਵੀ ਆਨੰਦ ਤੇ ਚਾਨਣ ਪ੍ਰਾਪਤ ਕਰੀਏ।

ਸਮੁੱਚੇ ਰੂਪ ਵਿੱਚ ਵਿਚਾਰ ਕਰਨ ਉਪਰੰਤ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ ਕਿ ਥੋੜ-ਚਿਰੇ ਦੀਵੇ ਬਾਲ ਕੇ ਜਾਂ ਆਤਿਸ਼ਬਾਜ਼ੀਆਂ ਚਲਾ ਕੇ ਥੋੜ-ਚਿਰਾ ਮਨ-ਪਰਚਾਵਾ ਕਰਨ ਦੀ ਥਾਂ, ਗੁਰੂ ਦੀ ਸਿੱਖਿਆ ਨੂੰ ਸੰਭਾਲ ਕੇ ਸਦੀਵੀ-ਸੁੱਖ ਹਾਸਲ ਕਰੀਏ। ਆਓ, ਆਪਾ ਵੀ ਸੁਚੇਤ ਹੋਈਏ ਤੇ ਗੁੰਮਰਾਹ ਨਾ ਹੋਈਏ ਅਤੇ ਹੋਰਨਾਂ ਨੂੰ ਵੀ ਸੁਚੇਤ ਕਰੀਏ, ਤਾਂ ਹੀ ਗੁਰੂ ਦੀ ਖ਼ੁਸ਼ੀ ਮਿਲ ਸਕਦੀ ਹੈ। ਆਓ ਜਾਗਰੂਕ ਹੋਈਏ ਅਤੇ ਗੁਰਬਾਣੀ ਦੀ ਰੌਸ਼ਨੀ ਨਾਲ ਅਗਿਆਨਤਾ ਭਰੇ ਹਨੇਰੇ ਮਨ ਅੰਦਰ ਗੁਰੂ ਦੇ ਸ਼ਬਦ ਰਾਹੀਂ ਚਾਨਣ ਕਰੀਏ!

ਆਸਾ ਮਹਲਾ ੧ ॥
ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ

ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

DAL-VER-EX-INC





ਹੋਰ ਜਾਣਕਾਰੀ ਲਈ ਸੰਪਰਕ ਕਰੋ

DALVIR SEMBHI,C.E.O.

DALVIR SINGH SEMBHI 209-992-0377

1814 Gordon verner circle Stockton ca

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।




ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਗੁਰਦੁਆਰਾ ਸਾਹਿਬ ਸਿੰਘ ਸਭਾ
ਮਿਲਪੀਟਸ ਦੇ ਸੀਨੀਅਰ ਸੇਵਾਦਾਰ

ਗੁਰੂ ਅਤੇ ਪੰਥ ਦੇ ਦਾਸ

ਸ. ਅਜਮੇਰ ਸਿੰਘ ਨਿੱਝਰ (ਬਿੱਟੂ)



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਸਿੱਖ ਪੰਥ ਦੇ ਨਿਸ਼ਕਾਮ ਸੇਵਕ ਦਹਾਕਿਆਂ
ਤੋਂ ਪੰਥ ਦੇ ਸੇਵਾ ਕਰਦੇ ਆ ਰਹੇ
ਅਮਰੀਕਾ ਦੇ ਉਘੇ ਸਿੱਖ ਆਗੂ
ਸ੍. ਜਸਵੰਤ ਸਿੰਘ ਹੋਠੀ





ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ
ਗਦਰੀ ਬਾਬਿਆਂ ਦੇ ਇਤਹਾਸਕ ਅਸਥਾਨ ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ ਦੇ ਸਾਬਕਾ ਪ੍ਰਧਾਨ

ਸ੍ਰ. ਰਵਿੰਦਰ ਸਿੰਘ ਧਾਲੀਵਾਲ

American Freight Corp

62 Agillite Ave Lathrop, CA 95330



ਦੀਵਾਲੀ ਅੰਮ੍ਰਿਤਸਰ ਦੀ...

ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਵਰੋਸਾਇਆ ਪਾਵਨ ਪਵਿੱਤਰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਏਸ਼ੀਆ ਮਹਾਂਦੀਪ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਹੈ। ਅੰਮ੍ਰਿਤਸਰ ਸਿੱਖ-ਧਰਮ ਦਾ ਕੇਂਦਰੀ ਸਥਾਨ, ਸਿੱਖ-ਵਿਸ਼ਵਾਸਾਂ ਦਾ ਧੁਰਾ, ਗੁਰਸਿੱਖਾਂ ਲਈ ਪ੍ਰੇਰਨਾ-ਸ੍ਰੋਤ ਤੇ ਸ਼ਕਤੀ ਦਾ ਪ੍ਰਮੁੱਖ ਸੋਮਾ ਹੈ, ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜਿਉਂਦੀ-ਜਾਗਦੀ ਮਿਸਾਲ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ।

1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ੍ਰੀ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜ਼ੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਇਸ ਤਰ੍ਹਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀਛੋੜ ਦਿਵਸ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ-ਉਕਤੀ ਪ੍ਰਚੱਲਤ ਹੋ ਗਈ:

ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।

ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮੁਗ਼ਲ ਸਰਕਾਰ ਆਰੰਭ ਤੋਂ ਹੀ ਸਿੱਖ ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰ੍ਹਾਂ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਬਾਦਸ਼ਾਹ ਜਹਾਂਗੀਰ ਨੂੰ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਹੀ ਦੱਬ ਜਾਏਗੀ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ 'ਦਲਿ ਭੰਜਨ ਗੁਰੁ ਸੂਰਮਾ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਹੈਰਾਨ-ਪ੍ਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ ਨਾਨਕ ਨਿਰਮਲ ਪੰਥ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ

ਡਾ. ਰੂਪ ਸਿੰਘ

ਬੰਦੀ ਬਣਾ ਲਿਆ, ਜਿੱਥੇ ਕਿ ਪਹਿਲਾਂ ਹੀ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿਚ ਇਹ ਤੌਖਲਾ ਤੇ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਸੰਗਤਾਂ ਮਸ਼ਾਲਾਂ ਜਗਾ ਕੇ, ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲ੍ਹੇ ਦੀ ਪ੍ਰਕਰਮਾ ਕਰ ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਂਈ ਮੀਆਂ ਮੀਰ ਵਰਗੇ ਇਨਸਾਫ-ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ।

ਰਿਹਾਈ ਉਪਰੰਤ ਜਦੋਂ ਗੁਰੂ ਜੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਘਿਉ ਦੇ ਦੀਵੇ ਜਗਾ, ਆਓ-ਭਗਤ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ-ਛੋੜ' ਦਿਵਸ ਦੇ ਰੂਪ ਵਿਚ ਮਨਾਉਣ ਲੱਗ ਪਏ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਧਰਮ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ,ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਰਹੇ ਸਨ, ਉਸ ਸਮੇਂ ਵੀ ਸਮੇਂ ਦੇ ਹਾਕਮਾਂ ਵਲੋਂ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਦਾਖ਼ਲੇ 'ਤੇ ਸਖਤ ਪਾਬੰਦੀ ਲਾਈ ਹੋਈ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਸਨ। ਅਜਿਹੇ ਬਿਖੜੇ ਵੇਲੇ ਵੀ ਗੁਰੂਘਰ ਦੇ ਪ੍ਰੀਤਵਾਨ ਗੁਰਸਿੱਖ ਜਾਨ 'ਤੇ ਖੇਡ ਕੇ ਗੁਰੂਘਰ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ 'ਜੋਤਿ' ਜਗਾਉਣ ਦੀ ਖ਼ਾਤਰ 'ਸ਼ਹੀਦੀ' ਤਕ ਵੀ ਪਾ ਜਾਂਦੇ। ਮੱਸੇ ਤੋਂ ਲੈ ਕੇ ਮੀਰ ਮੰਨੂ, ਅਦੀਨਾ ਬੇਗ, ਅਬਦਾਲੀ ਤੇ ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ਨੂੰ ਆਪਣੇ ਸੋਮੇ ਨਾਲੋਂ ਤੋੜਨ ਲਈ ਹਰ ਹੀਲਾ ਕੀਤਾ। ਜ਼ਕਰੀਆ ਖਾਂ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ, ਤਾਂ ਨਾਦਰ ਸ਼ਾਹ ਨੇ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਦੇ ਇਸ ਰੂਹਾਨੀ ਸੋਮੇ ਨੂੰ ਹੀ ਮੁਕਾ ਦਿਓ!

ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੇ ਇਤਿਹਾਸਕ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿਚ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫ਼ੈਸਲੇ ਲਏ ਜਾਂਦੇ। ਦੀਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਭਾਈ ਮਨੀ ਸਿੰਘ ਨੇ ਦੀਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ ਪਰ ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਜ਼ਕਰੀਆ ਖਾਨ ਦੀਵਾਲੀ ਦੇ ਮੌਕੇ 'ਤੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ, ਇਸ ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੀ ਵਾਲੇ ਦਿਨ ਨਹੀਂ ਹੋਈ

ਬੰਦੀ ਛੋੜ ਦਿਵਸ ਦੀ ਇਤਿਹਾਸਕ ਮਹੱਤਤਾ ਅਤੇ ਸੁਨੇਹਾ



ਪਰ, ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦੀਵਾਲੀ ਦੇ ਸਮੇਂ ਬੰਦੀਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦੀਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦੀਵਾਲੀ ਦੇ ਸਮੇਂ ਖ਼ਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖ਼ਾਲਸਾ ਤੇ ਹੋਏ ਫ਼ੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਮੁਕੰਮਲ ਰੂਪ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ, ਜਿਸ ਦੀ ਖ਼ੂਬਸੂਰਤੀ ਨੂੰ ਅੱਖਰਾਂ ਵਿਚ ਬਿਆਨ ਕਰਨਾ ਅਸੰਭਵ ਹੈ, ਇਹ ਤਾਂ ਦੇਖਣ 'ਤੇ ਹੀ ਅਨੁਭਵ ਹੋਵੇਗਾ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿਚ ਤੇਲ ਨਹੀਂ ਬਲ ਰਿਹਾ, ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੌਸ਼ਨੀ ਵਿਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ : 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ 'ਰਹਰਾਸਿ' ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜ੍ਹੀ ਤੋਂ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂਅ ਸੰਦੇਸ਼ ਸ੍ਰਵਣ ਕਰਨ ਲਈ ਜੁੜ ਬੈਠਦੀਆਂ ਹਨ। 'ਰਹਰਾਸਿ' ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆਂ ਹੀ ਬਣਦਾ ਹੈ। ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੌਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲੀ ਹਨੇਰੀ ਰਾਤ ਵਿਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ।

ਮਨੁੱਖ ਹਨ੍ਹੇਰਾ ਨਹੀਂ, ਪ੍ਰਕਾਸ਼ ਲੋਚਦਾ ਹੈ। ਇਤਿਹਾਸਕ ਘਟਨਾਵਾਂ ਨੂੰ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ ਕਿ ਜ਼ਿੰਦਗੀ 'ਪੂਰਨਮਾਸ਼ੀ ਦੀ ਰਾਤ' ਬਣ ਜਾਵੇ ਭਾਵ ਜ਼ਿੰਦਗੀ ਜਿਊਣ ਦੀ ਜਾਚ ਸਾਨੂੰ ਆ ਜਾਵੇ। ਇਹ ਸੱਚ ਦਾ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ ਜੇ ਸਤਿਗੁਰੂ ਆਪ ਕਿਰਪਾ ਕਰਨ। ਗੁਰਦੇਵ ਹੁਕਮ ਕਰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ
ਸੇਵਿ ਸਤਿਗੁਰੁ ਚਾਨਣੁ ਹੋਇ ॥ (ਅੰਗ : 78)

ਸਤਿਗੁਰੂ ਦੇ ਹੁਕਮ ਵਿਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਅਗਿਆਨਤਾ ਵੱਸ ਮਨੁੱਖ ਦੇਵਣਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

ਦੂਖੁ ਅੰਧੇਰਾ ਘਰ ਤੇ ਮਿਟਿਓ ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੌਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।



ਸਿੱਖ ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਬੰਦੀ ਛੋੜ ਦਿਹਾੜੇ ਦਾ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਬੰਦੀ ਛੋੜ ਦਿਵਸ ਮੌਕੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ। ਬੰਦੀ ਛੋੜ ਦੇ ਇਤਿਹਾਸ ਨੇ ਹੱਕ, ਸੱਚ ਅਤੇ ਇਨਸਾਫ਼ ਦੀ ਇੱਕ ਵੱਡੀ ਉਦਾਹਰਨ ਪੇਸ਼ ਕੀਤੀ ਜੋ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖ਼ਰ 'ਤੇ ਸੀ, ਜਿਸ ਦੇ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਅਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਅਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲੱਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਇਸ ਕਿਲ੍ਹੇ ਵਿਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿਚ ਬੰਦੀ ਬਣਾਉਣ ਕਰਕੇ ਸਿੱਖ ਸੰਗਤਾਂ ਦੇ ਮਨਾਂ ਵਿਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਲਈ ਹਕੂਮਤ ਅੱਗੇ ਸ਼ਰਤ ਰੱਖੀ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੌਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੌਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿਚ ਰਹਿ ਕੇ ਗੁਜ਼ਾਰਾ ਕਰਨ ਲੱਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤਾਂ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫ਼ਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ। ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸਬੰਧੀ ਵਿਚਾਰ ਕਰਨ ਲਈ ਪੰਥਕ ਇੱਕਜੁਟਤਾ ਲਾਜ਼ਮੀ ਹੈ। ਇਕ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗਲ ਹਕੂਮਤ ਵੱਲੋਂ ਕੈਦ ਕੀਤੇ ਦੇਸ਼ ਦੇ ਵੱਖ-ਵੱਖ ਰਾਜਿਆਂ ਦੀ ਬੰਦ ਖਲਾਸੀ ਕੀਤੀ ਸੀ, ਜਦ ਕਿ ਅੱਜ ਇਸ ਦੇਸ਼ ਅੰਦਰ ਉਨ੍ਹਾਂ ਦੇ ਅਨੁਆਈ ਸਿੱਖਾਂ ਨੂੰ 30-30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਰੱਖਿਆ ਹੋਇਆ ਹੈ। ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰ ਵਲੋਂ ਕੀਤਾ ਜਾ ਰਿਹਾ ਵਿਤਕਰਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣਾ ਸਮਾਂ ਜੇਲ੍ਹਾਂ ਵਿਚ ਬਤੀਤ ਕਰਨ ਦੇ ਬਾਵਜੂਦ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਸਿੱਖਾਂ ਵੱਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਨ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅੱਜ ਲੋੜ ਹੈ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਰਹਿੰਦੇ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰ ਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਹੀ ਤਤਪਰ ਰਹਿਣਾ ਹੈ।


ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਾ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

CHARKHA's

ਦੀ ਚੇਨ ਦੇ ਮਾਲਕ

Pabla Beverages inc &
Pauls Liquors & Markets

Www.bevstore.com 408-515-5330,
San Jose Morgan Hill Gilroy California




Surinder Singh Pabla

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ
ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਪੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ



ਪ੍ਰਕਾਸ਼ ਖੁਸ਼ੀ ਤੇ ਹੁਲਾਸ ਦਾ ਪ੍ਰਤੀਕ ਹੈ। ਦੀਵਾਲੀ, ਗੁਰਪੁਰਬ, ਜਨਮ ਅਸ਼ਟਮੀ, ਵਿਆਹ ਸ਼ਾਦੀ ਤੇ ਹੋਰ ਧਾਰਮਿਕ ਸਮਾਗਮਾ ਆਦਿ ਖੁਸ਼ੀ ਦੇ ਮੌਕਿਆਂ ਤੇ ਦੀਵੇ ਤੇ ਲਾਈਟਸ ਵਿਸ਼ੇਸ਼ ਥਾਂ ਰੱਖਦੀਆਂ ਹਨ। ਹੁਣ ਦੀਵਿਆਂ, ਮੋਬਬੱਤੀਆਂ, ਲੈਂਪ, ਲਾਲਟੈਣ ਆਦਿ ਦੀ ਥਾਂ ਬਿਜਲਈ ਲਾਟੂਆਂ ਨੇ ਮੱਲ ਲਈ ਹੈ। ਦੇਸੀ ਘਿਓ ਜਾਂ ਤੇਲ ਦੇ ਦੀਵੇ ਪੂਜਾ ਕਰਨ ਤੇ ਜੋਤ ਜਗਾਉਣ ਤੱਕ ਸੀਮਿਤ ਹੋ ਗਏ ਹਨ। ਵਿਆਹ ਜਾਗੋ ਤੇ ਵੀ ਹਣ ਰੰਗ ਬਰੰਗੇ ਬਿਜਲਈ ਲਾਟੂ ਭਾਰੂ ਹੋ ਗਏ ਹਨ। ਡੀਜੇ ਦੇ ਰੰਗ ਵੀ ਬਿਜਲਈ ਲਾਟੂਆਂ ਬਿਨਾ ਫਿੱਕੇ ਲਗਦੇ ਹਨ।

ਦੀਵਾਲੀ ਨੂੰ ਦੀਵਿਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਦੀਵਾਲੀ ਦਾ ਤਿਉਹਾਰ ਸਭ ਧਰਮਾਂ ਵਾਲੇ ਬੜੇ ਹੁਲਾਸ ਨਾਲ ਮਨਾਉਂਦੇ ਹਨ। ਭਾਵੇਂ ਕਿ ਧਾਰਮਿਕ ਪੂਜਾ, ਪਟਾਕੇ ਤੇ ਮਠਿਆਈਆਂ ਆਦਿ ਦਾ ਦੀਵਾਲੀ ਨਾਲ ਗਹਿਰਾ ਸੰਬੰਧ ਹੈ ਪਰ ਦੀਵਿਆਂ ਬਿਨਾਂ ਦੀਵਾਲੀ ਅਧੂਰੀ ਹੈ।

ਦੀਵਾਲੀ ਵਾਲੀ ਰਾਤ ਮੰਦਰ ਤੇ ਗੁਰੂਦੁਆਰੇ ਆਦਿ ਧਾਰਮਿਕ ਅਸਥਾਨ ਦੀਵਿਆਂ ਦੀ ਲੋਅ ਨਾਲ ਜਗਮਗਜਗ ਕਰਦੇ ਹਨ। ਦੀਵਾਲੀ ਨੂੰ ਗੁਰੂਦਵਾਰਿਆਂ ਵਿੱਚ ਇਕ ਸ਼ਬਦ ਸਾਜਾਂ ਦੀਆਂ ਧੁਨੀਆਂ ਤੇ ਵਾਰ ਵਾਰ ਪੜ੍ਹਿਆ ਜਾਂਦਾ ਹੈ ਜਿਸਦੀ ਇਕ ਸਤਰ ਤੇ ਰਾਗੀ ਸਿੰਘ ਵਾਰ ਵਾਰ ਜ਼ੋਰ ਦਿੰਦੇ ਹਨ ਉਹ ਹੈ -----

ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ ॥

ਇਹ ਪੰਗਤੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਦਰਜ ਹੈ। ਭਾਈ ਗੁਰਦਾਸ ਜੀ ਦੁਆਰਾ ਸੰਗਤਾਂ ਨੂੰ ਸਮਝਾਉਣ ਦਾ ਢੰਗ ਬੜਾ ਨਿਰਾਲਾ ਹੈ। ਭਾਈ ਸਾਹਿਬ ਅਸਲੀ ਥੀਮ ਸਮਝਾਉਣ ਲਈ ਸਮੇਂ ਦੀਆਂ ਪ੍ਰਚੱਲਿਤ ਕਈ ਕਈ ਉਦਾਹਰਣਾਂ ਸੰਝੀਆਂ ਕਰਦੇ ਹਨ ਤਾਂ ਕਿ ਮਨ ਵਿੱਚ ਕੋਈ ਭਰਮ ਭੁਲੇਖਾ ਨ ਰਹਿ ਜਾਵੇ। ਜਦੋਂ ਰਾਗੀ ਸਿੰਘ ਵਾਰ ਵਾਰ ਇਸ ਇਸ ਪੰਗਤੀ ਤੇ ਜੋਰ ਦਿੰਦੇ ਆ ਤਾਂ ਸਾਨੂੰ ਇਉਂ ਲਗਦਾ ਜਿਵੇਂ ਸਾਨੂੰ ਉਪਦੇਸ਼ ਦਿੱਤਾ ਜਾ ਰਿਹਾ ਹੈ ਕਿ ਦੀਵਾਲੀ ਦੀ ਰਾਤ ਦੀਵੇ ਬਾਲੋ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਆਓ ਭਾਈ ਗੁਰਦਾਸ ਜੀ ਦੀ ਵਾਰ ਉਨੀਂਵੀ ਦੀ ਪਉੜੀ ਛੇਵੀਂ ਗੁਰਮੁਖ ਦੀ ਜੀਵਨ-ਜੁਗਤਿ ਵੀਚਾਰੀਏ...

ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ।
ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨਿ।
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲਿਅਨਿ।
ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਨਿ।
ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।
ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮਾਲੀਅਨਿ॥

(ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੬)

ਭਾਈ ਗੁਰਦਾਸ ਜੀ ਉਪਰੋਕਤ ਪਉੜੀ ਰਾਹੀਂ ਵੱਖ ਵੱਖ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਸੱਚੇ ਸ਼ਬਦ ਨਾਮ ਤੋਂ ਬਿਨਾ ਸੰਸਾਰ ਦੀ ਕੋਈ ਵੀ ਚੀਜ ਸਥਿਰ ਨਹੀਂ ਹੈ। ਅਸੀਂ ਦੀਵਾਲੀ ਦੀ ਰਾਤ ਨੂੰ ਜੋ ਦੀਵੇ ਜਗਾਉਂਦੇ ਹਾਂ ਉਹਨਾਂ ਦੀ ਰੌਸ਼ਨੀ ਥੋੜੇ ਸਮੇਂ ਲਈ ਹੀ ਹੁੰਦੀ ਹੈ, ਜਦੋਂ ਹੀ ਤੇਲ ਖਤਮ ਹੋਇਆ ਰੌਸ਼ਨੀ ਖਤਮ ਹੋ ਜਾਵੇਗੀ। ਦੀਵਾਲੀ ਦੇ ਦੀਵਿਆਂ ਦੀ ਖੁਸ਼ੀ ਥੋੜੇ ਸਮੇਂ ਲਈ ਹੁੰਦੀ ਹੈ। ਰਾਤ ਸਮੇਂ ਜੋ ਤਾਰੇ ਸਾਨੂੰ ਵਿਖਾਈ ਦਿੰਦੇ ਹਨ ਸਵੇਰੇ ਅਲੋਪ ਹੋ ਜਾਂਦੇ ਹਨ ਭਾਵ ਵਿਖਾਈ ਨਹੀਂ ਦਿੰਦੇ। ਫੁੱਲ ਦੇ ਬਾਗ ਬਗੀਚਿਆਂ ਵਿੱਚੋਂ ਮਾਲੀ ਚੁਣ ਚੁਣ ਕੇ ਵੱਡੇ ਸੋਹਣੇ ਫੁੱਲ ਤੋੜਦਾ ਹੈ ਜੋ ਥੋੜੇ ਸਮੇਂ ਬਾਅਦ ਮੁਰਝਾ ਜਾਂਦੇ ਹਨ। ਤੀਰਥ ਸਥਾਨਾਂ ਤੇ ਲਗਦੇ ਜੋੜ ਮੇਲਿਆਂ ਦੇ ਦਿਨਾਂ ਵਿੱਚ ਭਾਰੀ ਰੌਣਕ ਹੁੰਦੀ ਹੈ, ਇਹ ਖੁਸ਼ੀ ਤੇ ਇਕੱਠ ਵੀ ਥੋੜੇ ਸਮੇਂ ਲਈ ਹੈ। ਤੀਰਥ ਯਾਤਰੂ ਘਰ ਮੁੜ ਆਉਂਦੇ ਤੀਰਥਾਂ ਦੀ ਰੌਣਕ ਸੱਖਣੀ ਹੋ ਜਾਂਦੀ ਹੈ। ਉੱਚੇ ਅੰਬਰ ਤੇ ਬੱਦਲਾਂ ਦੇ ਵੱਡੇ ਵੱਡੇ ਮਹਿਲ ਵਿਖਾਈ ਦਿੰਦੇ ਹਨ ਜਿੰਨਾਂ ਦੀ ਕੋਈ ਹੱਦ ਜਾਂ ਹੋਂਦ ਨਹੀਂ ਹੁੰਦੀ। ਇਹਨਾਂ ਸਭ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਸੰਸਾਰ ਦੇ ਪਦਾਰਥ ਨਾਸ਼ਵਾਨ ਹਨ ਤੇ ਸੰਸਾਰੀ ਪਦਾਰਥਾਂ ਦੀ ਖੁਸ਼ੀ ਥੋੜੇ ਸਮੇਂ ਲਈ ਹੁੰਦੀ ਹੈ। ਗੁਰਮੁੱਖ ਪੂਰੇ ਗੁਰੂ ਜੀ ਦੀ ਸ਼ਰਨ ਵਿੱਚ ਸਤੋ ਗੁਣ ਧਾਰਨ ਕਰਦਿਆਂ ਨਾਮ ਸਿਮਰਨ ਨਾਲ ਸੱਚੇ ਸ਼ਬਦ ਨਾਲ ਜੁੜਦੇ ਹਨ ਤੇ ਜੀਵਨ ਦਾ ਲਾਹਾ ਪ੍ਰਾਪਤ ਕਰਦੇ ਹਨ। ਗੁਰਮੁੱਖ ਪਿਆਰੇ ਅਮੋਲਕ ਜੀਵਨ ਦਾ ਅਸਲ ਲਾਹਾ ਪ੍ਰਾਪਤ ਕਰਦੇ ਹਨ।

ਜਿਵੇਂ ਦੁਨਿਆਵੀ ਦੀਵਾ ਵੱਟੀ, ਤੇਲ ਜਾਂ ਘਿਓ ਤੇ ਅਗਨ ਬਿਨਾਂ ਨਹੀਂ ਜਗ ਸਕਦਾ, ਬਿਜਲਈ ਲਾਟੂ ਬਿਜਲੀ ਜਾਂ ਬੈਟਰੀ ਬਿਨਾਂ ਨਹੀਂ ਜਗ ਸਕਦੇ ਉਸੇ ਤਰਾਂ ਸਾਡਾ ਸਰੀਰ ਜੋ ਇਕ ਦੀਵਾ ਹੈ ਬਿਨਾਂ ਤੇਲ ਭਾਵ ਸਵਾਸ ਦੇ ਜਗਦਾ ਨਹੀਂ ਰਹਿ ਸਕਦਾ। ਪੂਰੇ ਗੁਰੂ ਜੀ ਦੀ ਬਖਸ਼ਿਸ਼ ਨਾਲ, ਗੁਰੂ ਜੀ ਦੇ ਉਪਦੇਸ਼ਾ ਨੂੰ ਗ੍ਰਹਿਣ ਕਰਕੇ, ਧਰਮ ਦੇ ਸੱਚੇ ਉਪਦੇਸ਼ਾਂ ਨੂੰ ਕਮਾ ਕੇ ਭਾਵ ਗੁਰਬਾਣੀ ਅਨੁਸਾਰ ਜੀਵਨ ਢਾਲ ਕੇ, ਪ੍ਰਭੂ ਸਿਮਰਨ ਕਰਦਿਆਂ ਪਰਮਾਤਮਾ ਦੇ ਭਉ ਦੀ ਵੱਟੀ ਸਰੀਰ ਰੂਪੀ ਦੀਵੇ ਵਿੱਚ ਰੱਖੀਏ। ਪਰਮਾਤਮਾ ਦੇ ਗਿਆਨ ਨੂੰ ਗ੍ਰਹਿਣ ਕਰਦਿਆਂ, ਸੱਚੇ ਗਿਆਨ ਦੀ ਅੱਗ ਨਾਲ ਤੇਲ (ਸਵਾਸਾਂ ਨੂੰ ਸਿਮਰਨ ਨਾਲ ਜੋੜਕੇ) ਨੂੰ ਜਲਾਈਏ। ਅਸਲ ਦੀਵਾ ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਸਤੋ ਗੁਣੀ ਧਾਰਨ ਕਰਦਿਆਂ ਸਿਮਰਨ ਸੇਵਾ ਬੰਦਗੀ ਨਾਲ ਜਗਦਾ ਹੈ। ਜਦੋਂ ਰੂਹਾਨੀਅਤ ਦੇ ਮਾਰਗ ਤੇ ਸਿਮਰਨ ਬੰਦਗੀ ਰੂਪੀ ਤੇਲ ਨਾਲ ਦੀਵਾ ਜਲੇਗਾ ਤਾਂ ਰੱਬੀ ਨੂਰ ਪ੍ਰਕਾਸ਼ ਦਾ ਚਾਨਣ ਹੋਵੇਗਾ ਜਿਸ ਨਾਲ ਪ੍ਰਭੂ ਮਿਲਾਪ ਦਾ ਸਦੀਵੀ ਸੁੱਖ ਪ੍ਰਾਪਤ ਹੋਵੇਗਾ...

ਬਿਨੁ ਤੇਲੁ ਦੀਵਾ ਕਿਉ ਜਲੈ ॥ ਰਹਾਉ ॥
ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥

(ਮ ੧, ਅੰਗ ੨੫)

ਜਦੋਂ ਅਕਾਲ ਪੁਰਖ ਜੀ ਦੀ ਦਇਆ ਮਿਹਰ ਨਾਲ ਸਿਮਰਨ ਕਰਦਿਆਂ ਮਨ ਤਨ ਸੱਚੀ ਬਾਣੀ ਨਾਲ ਜੁੜ ਜਾਂਦਾ ਹੈ ਤਾਂ ਸੁੱਖ ਆਨੰਦ ਆਉਣਾ ਸੁਰੂ ਹੋ ਜਾਂਦਾ ਹੈ। ਇਹ ਦ੍ਰਿਸ਼ਟਮਾਨ ਸੰਸਾਰ ਨਾਸ਼ਵਾਨ ਹੈ, ਸਿਮਰਨ ਤੇ ਨਿਸ਼ਕਾਮ ਸੇਵਾ ਸਹਾਰੇ ਮਾਲਕ ਖੁਸ਼ ਹੋ ਕੇ ਦਰਗਾਹ ਦਾ ਸੁੱਖ ਬਖਸ ਦਿੰਦੇ ਹਨ। ਖੁਸ਼ੀ ਖੇੜੇ ਆਨੰਦ ਦੀ ਅਵਸਥਾ ਵਿੱਚ ਜੀਵ ਬਾਂਹ ਉਲਾਰਦਾ ਹੈ...

ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥

(ਮ ੧, ਅੰਗ ੨੫-੨੬)

ਪਰਮਾਤਮਾ ਦਾ ਨਾਮ ਹੀ ਸੱਚਾ ਦੀਵਾ ਹੈ ਜੋ ਸੱਚੀ ਆਤਮਿਕ ਖੁਸ਼ੀ ਪ੍ਰਦਾਨ ਕਰਦਾ ਹੈ। ਸਿਮਰਨ ਬੰਦਗੀ ਰੂਹਾਨੀਅਤ ਦੇ ਮਾਰਗ ਤੇ ਸਰੀਰ ਰੂਪੀ ਦੀਵੇ ਵਿੱਚੋਂ ਦੁੱਖ ਰੂਪੀ ਤੇਲ ਮੱਚ ਜਾਂਦਾ ਹੈ, ਨਾਮ ਦੇ ਲੜ ਲੱਗ ਕੇ ਜਮਾਂ ਦੀ ਮਾਰ ਦਾ ਡਰ ਖਤਮ ਹੋ ਜਾਂਦਾ ਹੈ ਤੇ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ...

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥

(ਮ ੧, ਅੰਗ ੩੫੮)

ਸਾਡੇ ਸਰੀਰ ਰੂਪੀ ਦੀਵੇ ਓਦੋਂ ਤੱਕ ਹੀ ਬੱਤੀ ਜਗੇਗੀ ਜਦੋਂ ਤੱਕ ਇਸ ਵਿੱਚ ਤੇਲ ਭਾਵ ਸਵਾਸ ਹਨ। ਜਿਵੇਂ ਹੀ ਤੇਲ ਭਾਵ ਸਵਾਸ ਮੁੱਕ ਗਏ ਇਹ ਸਰੀਰ ਰੂਪੀ ਦੀਵਾ ਬੁਝ ਜਾਵੇਗਾ। ਸਵਾਸ ਰੂਪੀ ਤੇਲ ਬਿਨਾਂ ਸਰੀਰ ਰੂਪੀ ਦੀਵਾ ਸੁੰਨਾਂ ਹੋ ਜਾਵੇਗਾ , ਸਾਰੇ ਇਸ ਤੋਂ ਡਰਨਗੇ ਤੇ ਛੇਤੀ ਤੋਂ ਛੇਤੀ ਫੂਕਣ ਲਈ ਕਾਹਲੇ ਪੈਣਗੇ। ਇਸ ਲਈ ਸਦਾ ਸਾਥ ਨਿਭਾਉਣ ਵਾਲੇ ਪਰਮਾਤਮਾ ਦਾ ਸਿਮਰਨ ਕਰੀਏ ਜੋ ਸਦੀਵੀ ਖੁਸ਼ੀ ਆਨੰਦ ਖੇੜਾ ਪ੍ਰਦਾਨ ਕਰੇਗਾ ....

ਜਬ ਲਗੁ ਤੇਲੁ ਦੀਵੇ ਮੁਖਿ
ਬਾਤੀ ਤਬ ਸੂਝੈ ਸਭੁ ਕੋਈ ॥
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥
ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥
ਤੂੰ ਰਾਮ ਨਾਮੁ ਜਪਿ ਸੋਈ ॥

(ਭਗਤ ਕਬੀਰ ਜੀ, ਅੰਗ ੪੭੭ --੭੮)

ਸੋ ਜਦੋਂ ਹੀ ਸਵਾਸ ਨਿੱਕਲੇ ਸਾਡੇ ਸਭ ਦੁਨਿਆਵੀ ਰਿਸਤੇ ਸਾਥ ਛੱਡ ਜਾਣਗੇ, ਹਰ ਕੋਈ ਘਰੋਂ ਬਾਹਰ ਕੱਢਣ ਲਈ ਕਾਹਲਾ ਹੋਵੇਗਾ। ਆਪੋ ਆਪਣੇ ਰਿਸ਼ਤਿਆਂ ਮੁਤਾਬਕ ਮਾਂ, ਘਰਵਾਲੀ ਆਦਿ ਵਿਰਲਾਪ ਕਰਨਗੇ ਪਰ



ਇਕਬਾਲ ਸਿੰਘ ਪੁੜੈਣ
ਲੈਕਚਰਾਰ ਕਮਰਸ

ਜਾਣਾ ਇਕੱਲੇ ਜੀਵ ਨੂੰ ਹੀ ਪਵੇਗਾ। ਸਾਨੂੰ ਆਪਣੇ ਕਰਮਾਂ ਦਾ ਹਿਸਾਬ ਆਪ ਹੀ ਦੇਣਾ ਪਵੇਗਾ। ਜੇ ਅਸੀਂ ਸਵਾਸ ਰਹਿੰਦਿਆ ਸਿਮਰਨ ਬੰਦਗੀ ਨਹੀਂ ਕਰਾਂਗੇ, ਮਾਇਆ ਦੇ ਚੁੰਗਲ ਕਾਲ ਜਾਲ ਵਿੱਚ ਫਸੇ ਰਹਾਂਗੇ ਤਾਂ ਜਮਾਂ ਦੀ ਮਾਰ ਦਾ ਭਾਗੀ ਦੁੱਖ ਸਹਾਰਨਾ ਪਵੇਗਾ...

ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥
ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥
ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥
ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ।

(ਭਗਤ ਕਬੀਰ ਜੀ , ਅੰਗ ੪੭੯)

ਆਓ ਸੱਚੇ ਗੁਰੂ ਜੀ ਦੀ ਸ਼ਰਨ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਤੇ ਪਹਿਰਾ ਦਈਏ ਤੇ ਗੁਰਬਾਣੀ ਅਨੁਸਾਰ ਜੀਵਨ ਢਾਲਣ ਦੀ ਕੋਸ਼ਿਸ਼ ਕਰੀਏ। ਵਾਹਿਗੁਰੂ ਜੀ ਸੁਮੱਤ ਬਖਸ਼ਣ, ਸਾਡੇ ਔਗੁਣ ਨਾ ਚਿਤਾਰਦੇ ਹੋਏ ਨਾਮ ਬਾਣੀ ਨਾਲ ਜੋੜਨ ਦੀ ਕਿਰਪਾ ਕਰਨ।



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਨੱਥ-ਨੱਥ ਵਧਾਈ



Best Western®

Holiday Inn Express & Suites


ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

ਸ. ਪਰਗਟ ਸਿੰਘ ਸੰਧੂ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

ਆਓ, ਹਨੇਰਿਆਂ ਖਿਲਾਫ਼ ਆਪਣੇ ਹਿੱਸੇ ਦੇ ਦੀਵੇ ਜਗਾਈਏ



ਦੀਵਾਲੀ ਦੇ ਤਿਉਹਾਰ ਨੂੰ ਵੱਖ-ਵੱਖ ਧਰਮਾਂ ਦੀਆਂ ਕੁਝ ਵੱਖ-ਵੱਖ ਘਟਨਾਵਾਂ ਨਾਲ ਵੀ ਜੋੜਿਆ ਜਾਂਦਾ ਹੈ ਪਰ ਕਿਤੇ ਨਾ ਕਿਤੇ ਇਸ ਦਾ ਸੰਬੰਧ ਉਤਰੀ ਭਾਰਤ ਦੇ ਰੁੱਤ ਚੱਕਰ ਨਾਲ ਵੀ ਜੁੜਦਾ ਹੈ। ਉੱਤਰੀ ਭਾਰਤ ਵਿਚ ਜਦੋਂ ਸਰਦ ਰੁੱਤ ਦੀ ਆਮਦ ਤੇ ਰਾਤਾਂ ਲੰਮੀਆਂ ਕੱਕਰ ਭਰੀਆਂ, ਵਧੇਰੇ ਸੰਘਣੇ ਹਨੇਰੇ ਵਾਲੀਆਂ ਹੋਣ ਲਗਦੀਆਂ ਹਨ ਤਾਂ ਦੀਵਿਆਂ ਦੀ ਮਹੱਤਤਾ ਹੋਰ ਵਧ ਜਾਂਦੀ ਹੈ। ਦੀਵਾਲੀ ਦੀਵਿਆਂ ਦਾ ਤਿਉਹਾਰ ਹੈ ਅਤੇ ਦੀਵੇ ਦਾ ਧਰਮ ਹੈ ਕਿ ਉਹ ਹਨੇਰੇ ਖਿਲਾਫ਼ ਬਲਦਾ ਰਹੇ। ਅੱਜ ਸਾਨੂੰ ਹਨੇਰੀਆਂ ਰਾਤਾਂ ਨੂੰ ਰੌਸ਼ਨ ਕਰਨ ਲਈ ਦੀਵਿਆਂ ਦੀ ਲੋੜ ਭਾਵੇਂ ਨਹੀਂ ਰਹੀ। ਪਰ ਸਾਡੇ ਮਨਾਂ ਅੰਦਰਲੇ ਪਸਰੇ ਅੰਧਕਾਰ ਨੂੰ ਦੂਰ ਕਰਨ ਲਈ ਸਾਨੂੰ ਗਿਆਨ ਦੇ ਚਿਰਾਗਾਂ ਦੀ ਪਹਿਲਾਂ ਨਾਲੋਂ ਵੀ ਕਿਤੇ ਵੱਧ ਲੋੜ ਹੈ। ਮਨੁੱਖ ਬੇਸ਼ੱਕ ਵਿਕਾਸ ਕਰ ਰਿਹਾ ਹੈ ਪਰ ਮਨਾਂ ਅੰਦਰਲੇ ਅੰਧਕਾਰ ਅੱਜ ਵੀ ਵਧ ਰਹੇ ਹਨ। ਅੱਜ ਸਾਡੇ ਮਨਾਂ ਅੰਦਰ ਵਿਖਾਵੇ ਦੀ ਮਨੋਬਿਰਤੀ ਬੜੀ ਪ੍ਰਬਲ ਹੋ ਗਈ ਹੈ। ਦੀਵਾਲੀ ਦੇ ਨਾਲ ਆਤਿਸ਼ਬਾਜ਼ੀ ਨੂੰ ਜੋੜ ਦਿੱਤਾ ਗਿਆ। ਸਾਡੇ ਧਰਮ ਅਸਥਾਨ ਜਿੱਥੋਂ ਲੋਕਾਈ ਨੂੰ ਮਾਨਵਤਾ ਦਾ ਪੈਗ਼ਾਮ ਮਿਲਣਾ ਹੁੰਦਾ ਹੈ ਤੇ ਵੀ ਹੁਣ ਬੰਬ ਪਟਾਕੇ ਚਲਾ ਕੇ ਹਵਾ ਨੂੰ ਪਲੀਤ ਕਰਨ ਵਰਗੀਆਂ ਗਤੀਵਿਧੀਆਂ ਸ਼ੁਰੂ ਹੋ ਗਈਆਂ ਹਨ।

ਅੱਜ ਦਾ ਮਨੁੱਖ ਭਾਵੇਂ ਆਪਣੇ-ਆਪ ਦਾ ਵਿਕਾਸ ਕਰਨ ਦਾ ਦਾਅਵਾ ਕਰਦਾ ਹੈ ਪਰ ਹਕੀਕਤ ਇਹ ਹੈ ਕਿ ਅੱਜ ਵੀ ਸਾਡੇ ਮਨਾਂ ਵਿਚ ਕਈ ਤਰ੍ਹਾਂ ਦੇ ਅੰਧਕਾਰ ਪਸਰੇ ਹੋਏ ਹਨ। ਸਾਡਾ ਅਜੋਕਾ ਸਮਾਜ ਭਾਵੇਂ ਪੜ੍ਹ-ਲਿਖ ਰਿਹਾ ਹੈ ਵਿਗਿਆਨਕ ਤਕਨੀਕਾਂ ਦੀ ਵਰਤੋਂ ਅਸੀਂ ਹਰ ਪਲ ਕਰ ਰਹੇ ਹਾਂ ਪਰ ਸਮਾਜ ਦੀ ਬਹੁਗਿਣਤੀ ਅਜੇ ਵੀ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਦੇ ਅੰਧਕਾਰ ਵਿਚ ਭਟਕ ਰਹੀ ਹੈ। ਸਾਡੀਆਂ ਔਲਾਦਾਂ ਨੂੰ ਅਗਿਆਨੀ ਅਤੇ ਅੰਧ-ਵਿਸ਼ਵਾਸ ਦੇ ਹਨੇਰਿਆਂ ਵਿਚ ਰੱਖਣ ਲਈ ਕਾਲੀਆਂ ਤਾਕਤਾਂ ਦੇ ਦਾਅਵੇਦਾਰ ਅੱਜ ਵੀ ਬੜੇ ਸਰਗਰਮ ਹਨ। ਸਾਨੂੰ ਗਿਆਨ ਵਿਗਿਆਨ ਦੇ ਪ੍ਰਕਾਸ਼ ਦੀ ਲੋੜ ਹੈ। ਸਮਾਜ ਵਿਚ ਭ੍ਰਿਸ਼ਟਾਚਾਰ, ਮਾਰਾਮਾਰੀ, ਗ਼ਰੀਬੀ, ਮੰਦਹਾਲੀ ਦਾ ਗਲਬਾ ਵਧ ਰਿਹਾ ਹੈ। ਰਿਸ਼ਵਤਖੋਰੀ ਅਤੇ ਕੁਟਿਲ ਨੀਤੀਆਂ ਨਾਲ ਦੂਜੇ ਨੂੰ ਪਛਾੜ ਕੇ ਅੱਗੇ ਲੰਘ ਜਾਣ ਦੀ ਪ੍ਰਵਿਰਤੀ ਨੂੰ ਸਨਮਾਨਜਨਕ ਸਮਝਿਆ ਜਾਣ ਲੱਗ ਪਿਆ ਹੈ। ਪੜ੍ਹੇ ਲਿਖੇ ਕੁਲੀਨ ਵਰਗ ਦਾ ਕਿਰਦਾਰ ਇਹ ਹੈ ਇਹ ਆਪਣੀ ਜ਼ਬਾਨ, ਆਪਣੀ ਮਿੱਟੀ ਅਤੇ ਆਪਣੀਆਂ ਨਿੱਗਰ ਕਦਰਾਂ ਕੀਮਤਾਂ ਨੂੰ ਤਿਆਗਣ ਵਿਚ ਮਾਣ ਮਹਿਸੂਸ ਕਰ ਰਿਹਾ ਹੈ। ਅਸੀਂ ਬੇਸ਼ੱਕ ਪੜ੍ਹ-ਲਿਖ ਗਏ ਹਾਂ ਪਰ ਸਾਡੇ ਮਨਾਂ ਅੰਦਰਲਾ ਅੰਧਕਾਰ ਹੋਰ ਸੰਘਣਾ ਹੋ ਰਿਹਾ ਹੈ ਜੋ ਸਾਡੇ ਲਈ ਬੇਹੱਦ ਖ਼ਤਰਨਾਕ ਹੈ। ਸਮਾਜ ਵਿਚ ਅੰਧ-ਵਿਸ਼ਵਾਸਾਂ, ਰੂੜੀਵਾਦੀ ਕਰਮਕਾਂਡਾਂ ਦਾ ਗਲਬਾ ਤੇਜ਼ੀ ਨਾਲ ਵਧ ਰਿਹਾ ਹੈ। ਸਮਾਜ ਵਿਚ ਗੁੰਡਾਗਰਦੀ, ਹਨੇਰਗਰਦੀ, ਹੁੱਲੜਬਾਜ਼ੀ ਲਗਾਤਾਰ ਵਧ ਰਹੀ ਹੈ। ਸੰਚਾਰ ਦੇ ਸਾਧਨ ਸਾਡੇ ਸਮਾਜ ਦੇ ਦੁੱਖਾਂ ਦਰਦਾਂ ਦੀ ਗੱਲ ਕਰਨ ਦੀ ਬਜਾਏ ਲੋਕਾਂ ਨੂੰ ਧਰਮਾਂ, ਜਾਤਾਂ ਪਾਤਾਂ, ਮੰਦਰਾਂ ਮਸਜਿਦਾਂ ਦੇ ਝਗੜਿਆਂ ਵਿਚ ਉਲਝਾਅ ਕੇ ਸਮਾਜ ਵਿਚ ਪਈਆਂ ਵੰਡੀਆਂ ਨੂੰ ਹੋਰ ਵਧਾ ਰਹੇ ਹਨ। ਸਮਾਜ ਵਿਚ ਵਖਰੇਵੇਂ ਸਦੀਆਂ ਤੋਂ ਚਲੇ ਆ ਰਹੇ ਹਨ ਪਰ ਇਨ੍ਹਾਂ ਨੂੰ ਫਿਰਕੂ ਰੰਗਤ ਦੇ ਕੇ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਦੀ ਪਰਵਿਰਤੀ ਅੱਜ ਦੇ ਸੱਭਿਅਕ ਅਖਵਾਏ ਜਾਣ ਵਾਲੇ ਸਾਡੇ ਸਮਾਜ ਵਿਚ ਸਿਖ਼ਰਾਂ 'ਤੇ ਹੈ। ਮਨੁੱਖੀ ਹੱਕਾਂ ਦੀ ਲੜਾਈ ਲੜਨ ਵਾਲੇ, ਮਾਨਵਤਾ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਲੇਖਕ, ਪੱਤਰਕਾਰ, ਸਾਹਿਤਕਾਰ ਕਤਲ ਹੋ ਰਹੇ ਹਨ। ਡਰ ਅਤੇ ਸਹਿਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਸਾਨੂੰ ਅੱਜ ਇਨ੍ਹਾਂ ਸਭ ਤਰ੍ਹਾਂ ਦੀਆਂ ਹਨੇਰੀਆਂ ਤਾਕਤਾਂ ਖਿਲਾਫ਼ ਦੇਸ਼ ਦੀ ਹਰ ਨੁੱਕਰੇ ਗਿਆਨ ਵਿਗਿਆਨ ਦੇ ਦੀਵੇ ਬਾਲਣ ਦੀ ਲੋੜ ਹੈ। ਇਹ ਧਰਤੀ ਜਿਸ 'ਤੇ ਸਾਡੀਆਂ ਔਲਾਦਾਂ ਨੇ ਵੀ ਰਹਿਣਾ ਹੈ, ਇਹ ਬੜਾ ਜ਼ਰੂਰੀ ਹੈ ਕਿ ਇੱਥੇ ਮਨੁੱਖ ਦੇ ਰਹਿਣ ਲਈ ਸਾਜ਼ਗਾਰ ਮਾਹੌਲ ਬਣਿਆ ਰਹੇ। ਹਰ ਤਰ੍ਹਾਂ ਦੇ ਅੰਧਕਾਰ

ਗੁਰਚਰਨ ਸਿੰਘ ਨੂਰਪੁਰੀ

ਖਿਲਾਫ਼, ਰੌਸ਼ਨ ਦਿਮਾਗਾਂ ਵਾਲੇ ਲੋਕਾਂ ਨੂੰ ਗਿਆਨ ਦੇ ਦੀਪ ਬਾਲਣ ਦੀ ਲੋੜ ਹੈ।

ਅਸੀਂ ਬੇਸ਼ੱਕ ਆਟੇ ਅਤੇ ਮਿੱਟੀ ਦੇ ਬਣੇ ਦੀਵਿਆਂ ਤੋਂ ਇਲੈਕਟ੍ਰਾਨਿਕ ਲੜੀਆਂ ਤੱਕ ਆ ਪਹੁੰਚੇ ਹਾਂ। ਪਰ ਸਾਡੇ ਕਿਰਦਾਰ ਦਿਨੋ-ਦਿਨ ਬੌਣੇ ਹੋ ਗਏ ਹਨ। ਸਾਡੇ ਜੀਵਨ ਚੋਂ ਪਵਿੱਤਰਤਾ ਗਵਾਚ ਰਹੀ ਹੈ ਅਸੀਂ ਦੀਵਾਲੀ ਵਰਗੇ ਪਵਿੱਤਰ ਤਿਉਹਾਰ ਤੇ ਵੱਡੇ ਪੱਧਰ 'ਤੇ ਪ੍ਰਦੂਸ਼ਣ ਫੈਲਾਅ ਕੇ ਹਵਾ ਨੂੰ ਗੰਦਾ ਕਰਨ ਲੱਗ ਪਏ ਹਾਂ। ਇਸ ਦਿਨ ਕਰੋੜਾਂ-ਅਰਬਾਂ ਦੇ ਪਟਾਕੇ ਚਲਾ ਕੇ ਟਨਾਂ ਦੇ ਟਨ ਜ਼ਹਿਰੀਲੀਆਂ ਗੈਸਾਂ ਦਾ ਜ਼ਹਿਰ ਹਵਾਵਾਂ ਵਿਚ ਘੋਲ ਦਿੰਦੇ ਹਾਂ। ਮਿੱਟੀ ਅਤੇ ਪਾਣੀ ਦੀ ਵੱਡੀ ਪੱਧਰ ਤੇ ਬਰਬਾਦੀ ਹੁੰਦੀ ਹੈ। ਧੂੰਏਂ ਨਾਲ ਭਰੀ ਹਵਾ ਵਿਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਸਾਨੂੰ ਆਪਣੇ ਤਿਉਹਾਰਾਂ 'ਤੇ ਜਸ਼ਨ ਮਨਾਉਣੇ ਚਾਹੀਦੇ ਹਨ ਪਰ ਇਸ ਤਰ੍ਹਾਂ ਬੰਬ ਪਟਾਕੇ ਚਲਾ ਕੇ ਹਰਗਿਜ਼ ਨਹੀਂ। ਸਾਡਾ ਆਲਾ ਦੁਆਲਾ ਦਿਨੋ ਦਿਨ ਪਲੀਤ ਹੋ ਰਿਹਾ ਹੈ। ਪੰਛੀ ਜੀਵ ਜੰਤੂ ਅਤੇ ਵੱਡੇ ਛੋਟੇ ਜਾਨਵਰ ਉੱਚੀ ਆਵਾਜ਼ ਵਿਚ ਚਲਦੇ ਪਟਾਕਿਆਂ ਨਾਲ ਤ੍ਰਹਿ ਜਾਂਦੇ ਹਨ। ਇਨ੍ਹਾਂ ਵਿਚ ਡਰ ਅਤੇ ਖੌਫ਼ ਪੈਦਾ ਹੁੰਦਾ ਹੈ। ਰੁੱਖ ਪੌਦੇ ਬਨਸਪਤੀ ਅਦਿ ਵੀ ਧੂੰਏਂ ਤੋਂ ਬੇਹੱਦ ਪ੍ਰਭਾਵਿਤ ਹੁੰਦੇ ਹਨ ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਇਹ ਧਰਤੀ ਕੇਵਲ ਮਨੁੱਖ ਦੇ ਰਹਿਣ ਲਈ ਨਹੀਂ ਹੈ ਇਸ 'ਤੇ ਦੂਜੇ ਜੀਵਾਂ ਦਾ ਵੀ ਹੱਕ ਹੈ। ਨਵੰਬਰ ਮਹੀਨੇ ਇਨ੍ਹਾਂ ਦਿਨਾਂ ਦੌਰਾਨ ਜਦੋਂ ਤਾਪਮਾਨ ਕੁਝ ਘੱਟ ਹੋਣ ਲਗਦਾ ਹੈ ਤਾਂ ਧੂੰਏਂ ਅਤੇ ਗਰਦ ਦਾ ਗੁਬਾਰ ਵਿਸ਼ਾਲ ਇਲਾਕੇ ਨੂੰ ਕਈ ਦਿਨ ਆਪਣੀ ਗ੍ਰਿਫਤ ਵਿਚ ਲਈ ਰੱਖਦਾ ਹੈ। ਇਸ ਨਾਲ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਕਈ ਲੋਕਾਂ ਦੇ ਦੁੱਖ ਵਿਚ ਹੋਰ ਵਾਧਾ ਹੋ ਜਾਂਦਾ ਹੈ। ਕਈ ਸਾਹ ਦਮੇਂ ਅਤੇ ਹਾਰਟ ਅਟੈਕ ਦੇ ਮਰੀਜ਼ ਤਰਾਹ-ਤਰਾਹ ਕਰਨ ਲੱਗ ਪਏ ਸਨ। ਧੂੰਏਂ ਦੇ ਗੁਬਾਰ ਨਾਲ ਪਸ਼ੂ ਪੰਛੀਆਂ ਸਮੇਤ ਮਨੁੱਖਾਂ, ਬੱਚਿਆਂ ਸਭ ਦੀ ਜ਼ਿੰਦਗੀ ਦੇ ਕੁਝ ਸਾਲ ਘੱਟ ਹੋ ਜਾਂਦੇ ਹਨ।

ਸਾਨੂੰ ਚਾਹੀਦਾ ਹੈ ਕਿ ਇਸ ਦਿਨ ਅਸੀਂ ਫ਼ਜ਼ੂਲ-ਖਰਚੀ ਕਰਨ ਦੀ ਬਜਾਏ ਲੋੜਵੰਦਾਂ ਦੇ ਕੰਮ ਆਈਏ। ਆਲੇ-ਦੁਆਲੇ ਕੰਮ ਕਰਦੇ ਕਿਰਤੀ ਲੋਕਾਂ ਭਾਵੇਂ ਉਹ ਅਖ਼ਬਾਰ ਦੇ ਕੇ ਜਾਣ ਵਾਲਾ ਹੈ ਜਾਂ ਸਾਡੇ ਲਈ ਗੈਸ ਦੀ ਸਪਲਾਈ ਕਰਦਾ ਹੈ ਜਾਂ ਸਾਡੇ ਘਰ ਦੇ ਆਲੇ-ਦੁਆਲੇ ਸਫ਼ਾਈ ਕਰਦਾ ਹੈ, ਉਸ ਨਾਲ ਦੀਵਾਲੀ ਦੀ ਖ਼ੁਸ਼ੀ ਸਾਂਝੀ ਕਰੀਏ। ਇਸ ਦਿਨ ਘਰਾਂ ਵਿਚ ਫੁੱਲ ਬੂਟੇ ਲਾਈਏ ਪਟਾਕਿਆਂ ਦੀ ਬਜਾਏ ਗਮਲੇ ਅਤੇ ਕਿਤਾਬਾਂ ਖ਼ਰੀਦੀਏ। ਘਰ ਵਿਚ ਲੱਗੇ ਗਮਲਿਆਂ ਨੂੰ ਰੰਗ ਰੋਗਨ ਕਰੀਏ। ਨਵੇਂ ਬੂਟੇ ਲਾਈਏ। ਲੋੜਵੰਦਾਂ ਦੀ ਮਦਦ ਕਰੀਏ ਚਾਰ ਪੰਜ ਹਜ਼ਾਰ ਰੁਪਏ ਦੇ ਪਟਾਕੇ ਖਰੀਦਣ ਨਾਲੋਂ ਉਸ ਬੱਚੇ ਦੀ ਮਦਦ ਕਰੀਏ ਜਿਸ ਨੂੰ ਕਿਤਾਬਾਂ ਕਾਪੀਆਂ ਦੀ ਲੋੜ ਹੈ। ਉਸ ਬੱਚੇ ਦੀ ਮਦਦ ਲਈ ਹੱਥ ਵਧਾਈਏ ਜੋ ਆਪਣੀ ਸਕੂਲ ਦੀ ਫ਼ੀਸ ਨਹੀਂ ਦੇ ਸਕਿਆ।

ਸਾਡੇ ਦੇਸ਼ ਦੀ ਮਿੱਟੀ ਦੇ ਜਾਏ ਸਦੀਆਂ ਤੋਂ ਹਨੇਰਗਰਦੀ ਖਿਲਾਫ ਜੂਝਦੇ ਆਏ ਹਨ। ਅੱਜ ਸਾਡਾ ਪੰਜਾਬੀ ਸਮਾਜ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਸਾਨੂੰ ਅੰਧਕਾਰ ਦੇ ਖਿਲਾਫ਼ ਖੜ੍ਹੇ ਹੋਣ ਦੀ ਲੋੜ ਹੈ। ਇੱਥੋਂ ਦੇ ਦਾਨਿਸ਼ਵਰ, ਸਾਹਿਤਕਾਰ, ਵਿਦਵਾਨ ਲੋਕ ਵੀ ਅੰਧਕਾਰ ਦੇ ਖਿਲਾਫ਼ ਸਮੇਂ-ਸਮੇਂ 'ਤੇ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਹਨ। ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਸਾਹਿਬ ਅਤੇ ਬੁੱਲੇ ਸ਼ਾਹ ਵਰਗੇ ਦਰਵੇਸ਼ਾਂ ਕੱਟੜ ਰੂੜੀਵਾਦੀ ਧਾਰਨਾਵਾਂ ਖਿਲਾਫ਼ ਲੋਕਾਈ ਨੂੰ ਜਾਗਰਤ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਭਾਈ ਗੁਰਦਾਸ ਜੀ ਨੇ ਉਸ ਸਮੇਂ ਸਮਾਜ ਵਿਚ ਪਏ ਹਨੇਰੇ ਖਿਲਾਫ਼ ਸੱਚ ਦਾ ਸੂਰਜ ਚੜ੍ਹਨ ਨਾਲ ਤੁਲਨਾ ਕੀਤੀ। ਅੱਜ ਵੀ ਹਨੇਰਗਰਦੀ ਖਿਲਾਫ ਸਾਡੇ ਸਮਾਜ ਨੂੰ ਬਲਦੇ ਅੱਖਰਾਂ ਦੀ ਲੋੜ ਹੈ। ਦਾਨਿਸ਼ਵਰਾਂ, ਵਿਦਵਾਨਾਂ, ਆਰਿਫ਼ਾਂ ਦੀ ਅਗਵਾਈ ਦੀ ਲੋੜ ਹੈ ਤਾਂ ਕਿ ਮਨਾਂ ਅੰਦਰਲੇ ਅੰਧਕਾਰ ਨੂੰ ਦੂਰ ਕਰਕੇ ਇਸ ਸਮਾਜ ਨੂੰ ਅਜਿਹੇ ਇਨਸਾਨਾਂ ਦਾ ਸਮਾਜ ਬਣਾਇਆ ਜਾ ਸਕੇ ਜਿਨ੍ਹਾਂ 'ਤੇ ਮਾਣ ਕੀਤਾ ਜਾ ਸਕੇ। ਆਓ ਦੀਵਾਲੀ ਦੇ ਇਸ ਪਵਿੱਤਰ ਤਿਉਹਾਰ ਤੇ ਆਪਣੇ ਮਨਾਂ ਨੂੰ ਗਿਆਨ ਦੀ ਰੌਸ਼ਨੀ ਨਾਲ ਰੁਸ਼ਨਾਉਣ ਦੇ ਨਾਲ-ਨਾਲ ਹਨੇਰਿਆਂ ਖਿਲਾਫ਼ ਬਲਦੇ ਰਹਿਣ ਦਾ ਸੰਕਲਪ ਕਰੀਏ।

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

LTA BROS.
LIVINGSTON CALIFORNIA

ਸ. ਹੈਰੀ ਸਿੰਘ ਭੰਗੂ

L T A Bros
11145 E Clausen Road
Turlock, CA 95380

ਸ. ਰਾਜਾ ਧਾਮੀ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

ਕਿਰਤ ਦੇ ਦੇਵਤਾ ਬਾਬਾ ਵਿਸ਼ਵਕਰਮਾ

ਅੱਜ ਸਵਾਲ ਉਠ ਰਿਹਾ ਹੈ ਕਿ ਸੰਸਾਰ ਦੀ ਰਚਨਾ ਕਦੋਂ ਅਤੇ ਕਿਸ ਨੇ ਕੀਤੀ। ਇਤਿਹਾਸ ਦੇ ਵੱਖ-ਵੱਖ ਖੋਜੀ ਆਪਣੀ ਖੋਜ ਦੇ ਆਧਾਰ 'ਤੇ ਲਿਖ ਜ਼ਰੂਰ ਰਹੇ ਹਨ, ਪਰ ਤਸੱਲੀਬਖਸ਼ ਉਤਰ ਨਾ ਹੋਣ ਕਾਰਨ ਇਹ ਤਾਣੀ ਸੁਲਝਣ ਦੀ ਬਜਾਇ ਹੋਰ ਉਲਝਦੀ ਜਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਜੀ ਦੀ 21ਵੀਂ ਪਉੜੀ ਵਿਚ ਬੜਾ ਸਪਸ਼ਟ ਉਤਰ ਦਿੰਦੇ : 'ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੈ ਜਾਣੈ ਸੋਈ॥' ਜਿਵੇਂ ਮਿਥਿਆਸ ਅਨੁਸਾਰ ਬਾਰਿਸ਼ ਦਾ ਦੇਵਤਾ ਇੰਦਰ ਮੰਨਿਆ ਜਾਂਦਾ ਹੈ, ਧਨ ਦੀ ਦੇਵੀ ਲਕਸ਼ਮੀ ਹੈ, ਵਿਦਿਆ ਤੇ ਸੰਗੀਤ ਦੀ ਦੇਵੀ ਸਰਸਵਤੀ ਨੂੰ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਬਾਬਾ ਵਿਸ਼ਵਕਰਮਾ ਜੀ ਨੂੰ ਦਸਤਕਾਰੀ ਦਾ ਦੇਵਤਾ ਕਿਹਾ ਜਾਂਦਾ ਹੈ। ਵਿਸ਼ਵਕਰਮਾ ਜੀ ਬਹੁਤ ਵਧੀਆ ਸ਼ਿਲਪਕਾਰ ਸਨ। ਉਨ੍ਹਾਂ ਨੂੰ ਭਵਨ ਕਲਾ ਨਿਰਮਾਣ ਦੇ ਮੋਢੀ ਮੰਨਿਆ ਜਾਂਦਾ ਹੈ। ਅੰਗਰੇਜ਼ ਲੇਖਕ ਜੌਹਨ ਰੌਬਰਟਸ ਵੱਲੋਂ ਆਪਣੀ ਪੁਸਤਕ 'ਵਿਸ਼ਵਕਰਮਾ ਐਂਡ ਹਿਜ ਜਨਰੇਸ਼ਨ' ਵਿਚ ਵਿਸ਼ਵਕਰਮਾ ਨੂੰ ਸ੍ਰਿਸ਼ਟੀ ਨੂੰ ਸ਼ਿੰਗਾਰਨ ਵਾਲਾ ਪਹਿਲਾ ਮਨੁੱਖ ਕਿਹਾ ਗਿਆ ਹੈ। ਰਿਗਵੇਦ ਵਿਚ ਸ੍ਰੀ ਵਿਸ਼ਵਕਰਮਾ ਜੀ ਨੂੰ ਸਰਵਦਰਸੀ ਦੱਸਿਆ ਗਿਆ ਹੈ। ਇਸ ਦੀ ਪੁਸ਼ਟੀ ਜਰਮਨ ਲੇਖਕ ਮਿਸਟਰ ਮੈਨਰੇਗਰ ਆਪਣੀ ਪੁਸਤਕ 'ਹਿਸਟਰੀ ਆਫ਼ ਦੀ ਵਰਲਡ' ਵਿਚ ਕਰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਵਿਸ਼ਵਕਰਮਾ ਜੀ ਨੇ ਵਿਸ਼ਨੂੰ ਦਾ ਚੱਕਰ, ਜਗਨ ਨਾਥ ਦੀ ਮੂਰਤੀ, ਸ਼ਿਵਜੀ ਦਾ ਤ੍ਰਿਸ਼ੂਲ, ਕੁਬੇਰ ਦੇ ਹਥਿਆਰ, ਦੇਵੀਆਂ ਦੇ ਗਹਿਣੇ ਤਿਆਰ ਕਰਕੇ ਉਨ੍ਹਾਂ ਨੂੰ ਦਿੱਤੇ। ਭਾਵੇਂ ਬਾਬਾ ਵਿਸ਼ਵਕਰਮਾ ਜੀ ਨੂੰ ਸ੍ਰਿਸ਼ਟੀ ਦੇ ਰਚਨਹਾਰੇ ਕਿਹਾ ਜਾਂਦਾ ਹੈ, ਪਰ ਉਨ੍ਹਾਂ ਤੋਂ ਉਪਰ ਵੀ ਕੋਈ ਸ਼ਕਤੀ ਸੀ ਜਿਸ ਦਾ ਕੋਈ ਭੇਦ ਨਹੀਂ ਪਾ ਸਕਿਆ, ਉਹ ਪਰਮ ਆਤਮਾ ਅਦ੍ਰਿਸ਼ਟ ਹੈ। ਉਸ ਨੂੰ ਕੋਈ ਨਹੀਂ ਵੇਖ ਸਕਦਾ ਪਰ ਉਹ ਕਣ-ਕਣ ਵਿਚ ਮੌਜੂਦ ਹੈ। ਸਾਰੇ ਤਕਨੀਕੀ ਮਾਹਿਰ ਟਿੱਕਾ ਭਾਈ ਦੂਜ ਵਾਲੇ ਦਿਨ ਬਾਬਾ ਵਿਸ਼ਵਕਰਮਾ ਜੀ ਅੱਗੇ ਅਰਦਾਸ ਕਰਕੇ ਆਪਣੇ ਔਜ਼ਾਰਾਂ ਨੂੰ ਧੂਫ-ਬੱਤੀ ਕਰਕੇ ਆਪਣੇ ਕੰਮ ਦੀ ਸਫ਼ਲਤਾ ਲਈ ਜੋਦੜੀ ਕਰਦੇ ਹਨ। ਇਹ ਦਿਨ ਮਹਾਂਰਿਸ਼ੀ ਵਿਸ਼ਵਕਰਮਾ ਜੀ ਪ੍ਰਤੀ ਅਥਾਹ ਸ਼ਰਧਾ ਦੇ ਪ੍ਰਗਟਾਵੇ ਵਾਲਾ ਦਿਨ ਹੋਣ ਕਾਰਨ ਵਿਸ਼ਵਕਰਮਾ ਜੀ ਦੀ ਫੋਟੋ ਰੱਖ ਕੇ ਹਵਨ ਕੀਤਾ ਜਾਂਦਾ ਹੈ ਅਤੇ ਫੋਟੋ ਨੂੰ ਮੱਥਾ ਟੇਕ ਕੇ ਗੁਣ-ਗਾਇਨ ਕੀਤਾ ਜਾਂਦਾ ਹੈ। ਅੱਜ ਵਿਗਿਆਨ ਦਾ ਯੁੱਗ ਹੈ। ਭਗਵਾਨ ਵਿਸ਼ਵਕਰਮਾ ਜੀ ਇਕ ਨੂਰੀ ਜੋਤ ਦੇ ਰੂਪ ਵਿਚ ਸੰਸਾਰ 'ਤੇ ਆਏ ਅਤੇ ਹੁਨਰ, ਕਲਾ ਤੇ ਵਿਗਿਆਨ ਨੂੰ ਵਿਕਸਿਤ ਕੀਤਾ।

ਵਿਸਵਕਰਮਾ ਪੁਰਾਣ ਦੇ (537) ਸਫਾ ਉਤੇ ਲਿਖਿਆ ਹੈ ਕਿ ਇਕ ਸਮੇਂ ਦੀ ਗੱਲ ਹੈ ਕਿ ਸਾਰੇ ਹੀ ਰਿਸੀ-ਮੁਨੀ ਅਤੇ ਦੇਵਤਿਆਂ ਨੇ ਇਕੱਠੇ ਹੋ ਕੇ ਉਸ ਰਚਨਹਾਰ ਭਗਵਾਨ ਵਿਸਵਕਰਮਾ ਜੀ ਦਾ ਅਸਵਮੇਧ ਯੱਗ ਸ਼ੁਰੂ ਕੀਤਾ ਅਤੇ ਰਿਸੀ ਮੁਨੀ ਵੇਦਾਂ ਦੇ ਮੰਤਰ ਉਚਾਰ ਕੇ ਭਗਵਾਨ ਵਿਸਵਕਰਮਾ ਜੀ ਦੀ ਪੂਜਾ ਕਰਨ ਲੱਗੇ। ਸਾਰੇ ਹੀ ਰਿਸੀ-ਮੁਨੀ ਉਸ ਰਚਨਹਾਰ ਦੀ ਪੂਜਾ ਕਰਨ ਲੱਗੇ ਅਤੇ ਅੰਤਰ ਧਿਆਨ ਹੋ ਕੇ ਚਤੁਰਭੁਜੀ ਭਗਵਾਨ ਦੇ ਚਰਨਾਂ ਨਾਲ ਲਿਵਲੀਨ ਹੋ ਗਏ। ਇਨ੍ਹਾਂ ਸੇਵਾ-ਭਾਵ ਅਤੇ ਤਪੱਸਿਆ ਤੋਂ ਖੁਸ ਹੋ ਕੇ ਆਕਾਸ ਵਿਚੋਂ ਗੈਬੀ ਆਵਾਜ ਆਈ ਜਾਂ ਜਿਸਨੂੰ ਰਿਸ਼ੀ ਲੋਕ ਆਕਾਸ਼ਬਾਣੀ ਵੀ ਕਹਿੰਦੇ ਹਨ। ਹੇ ਰਿਸੀਓ! ਤੁਹਾਡੀ ਸੇਵਾ ਅਤੇ ਭਗਤੀ ਭਾਵ ਤੋਂ ਮੈਂ ਬਹੁਤ ਹੀ ਖੁਸ ਹੋਇਆ ਹਾਂ ਅਤੇ ਤੁਸੀਂ ਵਰ ਮੰਗੋ ਕੀ ਮੰਗਣਾ ਚਾਹੁੰਦੇ ਹੋ। ਅੱਗੋਂ ਰਿਸੀਆਂ ਨੇ ਬੇਨਤੀ ਕੀਤੀ, ਹੇ ਪ੍ਰਭੂ ਜੀ ਅਸੀਂ ਤੁਹਾਡੇ ਅਨੇਕਾਂ ਹੀ ਸਰੂਪਾਂ ਦੇ ਦਰਸਨ ਕੀਤੇ ਹਨ, ਪਰ ਸਾਡੇ 'ਤੇ ਕ੍ਰਿਪਾ ਕਰੋ ਅਤੇ ਸਾਨੂੰ ਸ੍ਰਿਸਟੀ ਰਚਨ ਵਾਲਾ ਸਰੂਪ ਦਿਖਾਉ, ਜਿਸ ਸਰੂਪ ਵਿਚ ਤੁਸੀਂ ਇਸ ਸਾਰੀ ਹੀ ਸ੍ਰਿਸਟੀ ਦੀ ਰਚਨਾ ਕੀਤੀ ਹੈ। ਸਾਡੇ 'ਤੇ ਕ੍ਰਿਪਾ ਕਰੋ ਤੇ ਸਾਡੀ ਮਨੋਕਾਮਨਾ ਪੂਰੀ ਕਰੋ। ਰਿਸੀਆਂ ਦੀ ਇਹ ਬੇਨਤੀ ਸੁਣ ਕੇ ਫਿਰ ਆਕਾਸਬਾਣੀ ਹੋਈ। ਉਹ ਗੈਬੀ ਆਵਾਜ ਆਈ, ਹੇ ਰਿਸੀਓ! ਤੁਸੀਂ ਟਿੱਕਾ ਭਾਈ ਦੂਜ ਵਾਲੇ ਦਿਨ ਦਾ ਇੰਤਜਾਰ ਕਰੋ। ਉਸ ਦਿਨ ਸ੍ਰਿਸਟੀ ਰਚਨ ਵਾਲੇ ਸਰੂਪ ਦੇ ਤੁਹਾਨੂੰ ਦਰਸਨ ਹੋਣਗੇ। ਇਹ ਗੈਬੀ ਆਵਾਜ ਸੁਣ ਕੇ ਸਾਰੇ ਹੀ ਰਿਸੀ-ਮੁਨੀ ਬਹੁਤ ਖੁਸ ਹੋਏ ਅਤੇ ਟਿੱਕਾ ਭਾਈ ਦੂਜ ਵਾਲੇ ਦਿਨ ਦਾ ਇੰਤਜਾਰ ਕਰਨ ਲੱਗੇ। ਇਕ-ਇਕ ਮਿੰਟ ਸਕਿੰਟ ਵੀ ਸਾਲ ਵਾਂਗੂੰ ਬੀਤਦਾ ਸੀ। ਇੰਤਜਾਰ ਕਰਦਿਆਂ ਟਿੱਕਾ ਭਾਈ ਦੂਜ ਵਾਲਾ ਦਿਨ ਵੀ ਆ ਗਿਆ ਤਾਂ ਕੀ ਦੇਖਦੇ ਹਨ ਕਿ ਵਿਸਵਕਰਮਾ ਮੰਦਰ ਅੰਦਰ ਇਕ ਬੜਾ ਭਾਰੀ ਬੋਹੜ ਦਾ ਬ੍ਰਿਛ ਸੀ। ਉਸ ਦੇ ਥੱਲੇ ਰਚਨਹਾਰ ਭਗਵਾਨ ਵਿਸਵਕਰਮਾ ਜੀ ਦੇਵਤਿਆਂ ਸਮੇਤ ਆਸਣ ਲਗਾਈ ਬੈਠੇ ਸਨ। ਰਿਸੀਆਂ-ਮੁਨੀਆਂ ਅਤੇ ਸਾਰੇ ਹੀ ਲੋਕਾਂ ਨੇ ਹੁਮ-ਹੁਮਾ ਕੇ ਪ੍ਰਭੂ ਦੇ ਦਰਸਨ ਕੀਤੇ ਜਿਸ ਦੇ ਸਰੂਪ ਦਾ ਸਾਮ ਰੰਗ ਸੀ ਅਤੇ ਪੰਜ ਮੁੱਖ ਸੀ ਅਤੇ 10 ਭੁਜਾਂ ਸੀ ਜੋ ਸ੍ਰਿਸਟੀ ਦੀ ਰਚਨਾ ਕਰ ਰਹੀਆਂ ਸੀ ਅਤੇ ਪ੍ਰਭੂ ਜੀ ਦੇ ਸੱਜੇ ਤੇ ਖੱਬੇ ਪਾਸੇ ਰਿਸੀ ਮੁਨੀ ਪ੍ਰਭੂ ਜੀ ਦਾ ਧਿਆਨ ਲਗਾ ਕੇ ਬੈਠੇ ਸੀ।

1. ਮਨੂ ਜੀ 2. ਮਯ ਜੀ 3. ਤਵਸਟਾ ਜੀ 4. ਸ਼ਿਲਪੀ ਜੀ 5. ਦੇਵੰਗ 6. ਲਕਸਮੀ ਜੀ ਹੱਥ ਵਿਚ ਥਾਲ ਪਕੜੇ ਹੋਏ ਜਿਸ ਵਿੱਚ ਜੋਤ ਜਗ ਰਹੀ ਸੀ, ਜਿਸ ਵਿਚ ਭਗਵਾਨ ਵਿਸਵਕਰਮਾ ਜੀ ਮਾਇਆ ਦੇ ਢੇਰ ਲਗਾਈ ਜਾ ਰਹੇ ਸੀ। 7. ਅਤੇ ਬ੍ਰਹਮਾ ਜੀ ਹੱਥ ਜੋੜ ਕੇ ਪ੍ਰਭੂ ਜੀ ਦਾ ਧਿਆਨ ਲਗਾਈ ਖੜੇ ਹਨ 8. ਵਿਸਨੂੰ ਜੀ ਪ੍ਰਭੂ ਕੋਲੋਂ ਸਦਾ ਹੀ ਦੀਦ ਮੰਗ ਰਹੇ ਹਨ। 9. ਸਰਸਵਤੀ ਜੀ ਇਕ ਹੱਥ ਵਿੱਚ ਸਿਤਾਰ ਫੜ ਕੇ, ਦੂਜੇ ਹੱਥ ਵਿਚ ਹਾਰ ਲੈ ਕੇ ਅਤੇ ਤੀਸਰੇ ਹੱਥ ਵਿਚ ਮਾਲਾ ਹੈ ਅਤੇ ਚੌਥੇ ਹੱਥ ਵਿਚ ਗ੍ਰੰਥ ਹੈ। ਉਹ ਵੀ ਪ੍ਰਭੂ ਜੀ ਦਾ ਸਵਾਗਤ ਕਰਨ ਵਾਸਤੇ ਦੋਨਾਂ ਹੱਥਾਂ ਵਿਚ ਸਫੈਦ ਫੁੱਲਾਂ ਦਾ ਹਾਰ ਜਿਸ ਵਿਚ ਹਰੇ ਤੇ ਗੁਲਾਬੀ ਫੁੱਲ ਸੀ, ਉਹ ਲੈ ਕੇ ਬੈਠੇ ਸਨ ਅਤੇ ਉਨ੍ਹਾਂ ਦੇ ਕੋਲ ਸ਼ਿਵ ਸੰਕਰ ਭੋਲੇ ਨਾਥ ਜੀ ਡੱਮਰੂ ਲੈ ਕੇ ਚਤੁਰਭੁਜੀ ਸਰੂਪ ਵਿਚ ਅਤੇ ਜਟਾਂ ਵਿਚੋਂ ਗੰਗਾ ਵਗ ਰਹੀ ਸੀ, ਪ੍ਰਭੂ ਜੀ ਦੇ ਚਰਨਾਂ ਦਾ ਧਿਆਨ ਲਗਾਈ ਬੈਠੇ ਸਨ ਅਤੇ ਪਾਸ ਹੀ ਸਰੂਜ ਦੇਵਤਾ ਜੀ ਬੈਠੇ ਸਨ, ਨਾਲ ਹੀ ਇੰਦਰ ਦੇਵਤਾ ਵੀ ਹੱਥ ਜੋੜ ਕੇ ਖੜੋਤੇ ਸਨ। ਇਹ ਸਾਰੇ ਹੀ ਦੇਵਤੇ ਪ੍ਰਭੂ ਜੀ ਦੇ ਦਰਸਨ ਕਰ ਰਹੇ ਹਨ। ਪ੍ਰਭੂ ਜੀ ਦਾ ਇਕ ਚਰਨ ਚੰਦਨ ਦੀ ਚੌਂਕੀ ਉਤੇ ਰੱਖਿਆ ਹੋਇਆ ਸੀ ਅਤੇ ਦੂਸਰੇ ਚਰਨ ਦੀ ਚੌਂਕੜੀ ਮਾਰ ਕੇ ਬੈਠੇ ਸਨ। ਪ੍ਰਭੂ ਜੀ ਦੇ ਸਾਹਮਣੇ ਇਕ ਹੰਸ ਨਜ਼ਰ ਆ ਰਿਹਾ ਹੈ। ਇਹ ਸਾਰੇ ਹੀ ਪ੍ਰਭੂ ਜੀ ਦੇ ਦਰਸ਼ਨ ਕਰਕੇ ਨਦਰੋਂ-ਨਦਰੀ ਨਿਹਾਲ ਹੋ ਰਹੇ ਸੀ। ਪ੍ਰਭੂ ਪਹਿਲੇ ਹੱਥ ਨਾਲ ਲਕਸ਼ਮੀ ਜੀ ਨੂੰ ਮਾਇਆ ਦੇ ਅਤੁੱਟ ਭੰਡਾਰ ਬਖਸ ਰਹੇ ਹਨ, ਦੂਸਰੇ ਹੱਥ ਵਿੱਚ ਹਥੌੜੀ ਫੜੀ ਹੋਈ ਸੀ, ਤੀਸਰੇ ਹੱਥ ਵਿੱਚ ਨਾਰੀਅਲ ਦੀ ਠੂਠੀ, ਚੌਥੇ ਹੱਥ ਵਿੱਚ ਸੁਦਰਸਨ ਚੱਕਰ, ਪੰਜਵੇਂ ਹੱਥ ਵਿੱਚ ਅੰਮ੍ਰਿਤ ਦਾ ਕੁੰਭ ਫੜਿਆ ਹੋਇਆ ਸੀ, ਛੇਵੇਂ ਹੱਥ ਵਿੱਚ ਅਗਨੀ ਪਰਚੰਡ ਹੋਈ ਨਜਰ ਆਉਂਦੀ ਸੀ, ਸੱਤਵੇਂ ਹੱਥ ਵਿੱਚ ਤੀਰ ਨਜਰ ਆ ਰਿਹਾ ਸੀ, ਅੱਠਵੇਂ ਹੱਥ ਵਿੱਚ ਤ੍ਰਿਸੂਲ ਨਜਰ ਆ ਰਿਹਾ ਸੀ, ਨੌਵੇਂ ਹੱਥ ਵਿਚ ਆਪਣੀ ਲੀਲ੍ਹਾ ਨੂੰ ਆਪ ਹੀ ਜਾਣਦੇ ਸੀ ਅਤੇ ਦਸਵੇਂ ਹੱਥ ਵਿਚ ਢਾਲ ਪਕੜੀ ਹੋਈ ਸੀ ਅਤੇ ਪੰਜਾਂ ਹੀ ਮੁੱਖਾਂ ਉਤੇ ਸੋਨੇ ਦੇ ਤਾਜ ਸੋਭਦੇ ਸੀ ਅਤੇ ਨੂਰਾਨੀ ਜੋਤ ਜਗਮਗ ਕਰ ਰਹੀ ਸੀ।



ਭਗਵਾਨ ਵਿਸਵਕਰਮਾ ਜੀ ਦੇ ਗ੍ਰੰਥ ਦੀ ਖੋਜ

ਆਦਿ ਗ੍ਰੰਥਾਂ ਵਿਚ ਮਹਾਪੁਰਸਾਂ ਅਤੇ ਰਿਸੀਆਂ ਨੇ ਰਚਨਹਾਰੇ ਭਗਵਾਨ ਵਿਸਵਕਰਮਾ ਜੀ ਦੀ ਉਸਤਤੀ ਵੱਖੋ-ਵੱਖ ਢੰਗ ਨਾਲ ਵਰਣਨ ਕੀਤੀ ਹੈ, ਕਿਸੇ ਜਗ੍ਹਾ ਤਾਂ ਭਗਵਾਨ ਜੀ ਦੇ ਪੰਜ ਮੁੱਖ, 10 ਭੁਜਾਵਾਂ ਲਿਖੀਆਂ ਹਨ ਅਤੇ ਕਈ ਜਗ੍ਹਾ ਚਾਰ ਮੁੱਖ, ਅੱਠ ਭੁਜਾ ਲਿਖੀਆਂ ਹਨ, ਪਰ ਫਿਰ ਵੀ ਉਸ ਰਚਨਹਾਰ ਵਿਸਵਕਰਮਾ ਜੀ ਦੇ ਸਰੂਪ ਦੀ ਜਾਹਿਰੀ ਜੋਤ ਨੂੰ ਵਰਣਨ ਕੀਤਾ ਨਹੀਂ ਜਾ ਸਕਦਾ।

ਭਗਵਾਨ ਵਿਸਵਕਰਮਾ ਜੀ : ਇਹ ਸਾਰੇ ਹੀ ਬ੍ਰਹਿਮੰਡ ਦੀ ਰਚਨਾ ਅਤੇ ਪਾਲਣਾ ਕਰਨ ਵਾਲੇ ਭਗਵਾਨ ਵਿਸਵਕਰਮਾ ਜੀ ਹਨ ਅਤੇ ਇਸ ਸਾਰੇ ਹੀ ਸੰਸਾਰ ਨੂੰ ਸੁਖ ਵੰਡਦੇ ਹਨ ਅਤੇ ਸੁਹੱਪਣ ਦਿੰਦੇ ਹਨ। ਸ਼ਿਲਪ ਕਲਾ, ਗਿਆਨ ਵਿਗਿਆਨ ਦੀ ਜੋਤਿ ਪ੍ਰਕਾਸ ਕਰਦੇ ਹਨ। ਜਿਸ ਵੇਲੇ ਇਸ ਮਾਤ ਲੋਕ ਨੂੰ ਸ਼ਿੰਗਾਰਨ ਵਾਸਤੇ ਅਵਤਾਰ ਧਾਰਨ ਕਰਕੇ ਆਉਂਦੇ ਹਨ, ਉਸ ਵੇਲੇ ਮਾਤ ਲੋਕ ਵਿੱਚ ਆਪਣੇ ਸਮੇਂ ਨਾਲ ਅਨੇਕਾਂ ਹੀ ਮਹਾਪੁਰਸਾਂ ਤੇ ਰਿਸੀਆਂ-ਮੁਨੀਆਂ ਨੂੰ ਪੈਦਾ ਕਰਦੇ ਹਨ। ਜੋ ਵੀ ਸ਼ਿਲਪ ਰੂਪ ਵਿਚ ਪ੍ਰਭੂ ਜੀ ਸਬਦ ਉਚਾਰਨ ਕਰਦੇ ਹਨ, ਉਨ੍ਹਾਂ ਨੂੰ ਅਨੇਕਾਂ ਹੀ ਗ੍ਰੰਥਾਂ ਦਾ ਰੂਪ ਦੇ ਕੇ ਪ੍ਰਭੂ ਜੀ ਦੀ ਉਸਤਤੀ ਕਰਦੇ ਹਨ। ਇਨ੍ਹਾਂ ਸੰਸਾਰੀ ਜੀਵਾਂ ਨੂੰ ਉਨ੍ਹਾਂ ਸਬਦਾਂ ਦੇ ਸਿਮਰਨ ਕਰਨ ਦਾ ਢੰਗ ਦੱਸ ਕੇ ਸਿਮਰਨ ਕਰਵਾਉਂਦੇ ਹਨ ਅਤੇ ਰਿਸੀ-ਮੁਨੀ ਪ੍ਰਭੂ ਜੀ ਦਾ ਆਪ ਵੀ ਸਿਮਰਨ ਕਰਦੇ ਹਨ।

ਨੂਰੀ ਜੋਤ : ਸਾਡੇ ਸਾਰੇ ਹੀ ਵੇਦ ਪੁਰਾਣ ਅਤੇ ਸਾਰੇ ਹੀ ਗੁਰੂ ਪੀਰ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਸ੍ਰਿਸਟੀ ਦੀ ਸਿਰਜਨਾ ਕਰਨ ਵਾਲਾ ਮਾਲਕ ਇਕ ਹੈ ਅਤੇ ਇਸ ਸੰਸਾਰ ਰੂਪੀ ਬਗੀਚੇ ਦੀ ਸਿਰਜਨਾ ਕਰਨੀ ਅਤੇ ਬਗੀਚੇ ਨੂੰ ਸੋਹਣਾ ਬਣਾਉਣ ਲਈ ਅਸਮਾਨ ਉਤੇ ਚੰਨ, ਸੂਰਜ, ਤਾਰਿਆਂ ਵਿਚ ਵੀ ਉਸਦੀ ਜੋਤ ਦਾ ਹੀ ਪ੍ਰਕਾਸ਼ ਹੈ। ਫੇਰ ਵੀ ਇਸ ਬਗੀਚੇ ਨੂੰ ਸੋਹਣਾ ਬਣਾਉਣ ਲਈ ਸ਼ਿਲਪ-ਕਲਾ ਦਾ ਪ੍ਰਕਾਸ ਰਹਿੰਦਾ ਹੈ। ਜਿਸ ਨਾਲ ਦਿਮਾਗ ਵਿਚ ਨਵੇਂ ਤੋਂ ਨਵੇਂ ਤਰੀਕੇ ਸੁੱਝਦੇ ਹਨ, ਜਿਨ੍ਹਾਂ ਨਾਲ ਅਸੀਂ ਨਵੀਆਂ ਤੋਂ ਨਵੀਆਂ ਵਸਤੂਆਂ ਇਜਾਦ ਕਰਦੇ ਹਾਂ। ਉਸ ਗੈਬੀ ਜੋਤ ਦਾ ਵਰਣਨ ਕਰਨਾ ਬਹੁਤ ਹੀ ਮੁਸ਼ਕਿਲ ਹੈ। ਉਸ ਪ੍ਰਕਾਸ਼ ਕਰਨ ਵਾਲੀ ਸਕਤੀ ਦਾ ਨਾਮ ਗਿਆਨੀ ਲੋਕ ਕਾਦਰ ਦੀ ਕੁਦਰਤ ਵੀ ਕਹਿੰਦੇ ਹਨ। ਇਹ ਸਾਰੇ ਹੀ ਸੰਸਾਰ ਨੂੰ ਸੋਹਣਾ ਬਣਾ ਕੇ ਸੁਹੱਪਣ ਦਿੰਦੀ ਹੈ। ਇਸ ਨਾਲ ਸਾਰਾ ਹੀ ਸੰਸਾਰ ਸੋਹਣਾ ਅਤੇ ਮਨਮੋਹਣਾ ਲੱਗਦਾ ਹੈ। ਇਸ ਜੋਤ ਨੂੰ ਸਤਿਨਾਮ ਕਰਤਾ ਪੁਰਖ, ਵਾਹਿਗੁਰੂ, ਰਾਮ ਰਹੀਮ, ਵਿਸ਼ਵਕਰਮਾ ਜੀ ਵੀ ਕਿਹਾ ਜਾਂਦਾ ਹੈ। ਪਰ ਇਸ ਸ੍ਰਿਸਟੀ ਦੇ ਰਚਨ ਦਾ ਪਤਾ ਨਹੀਂ ਲੱਗ ਸਕਿਆ ਕਿ ਭਗਵਾਨ ਨੇ ਇਸ ਸ੍ਰਿਸਟੀ ਦੀ ਰਚਨਾ ਕਦੋਂ ਤੇ ਕਿਵੇਂ ਕੀਤੀ ਸੀ। ਸਾਇੰਸਦਾਨ ਲੋਕ ਆਪਣੇ-ਆਪਣੇ ਅੰਦਾਜ਼ੇ ਲਾਉਂਦੇ ਹਨ। ਪਰ ਸ੍ਰਿਸਟੀ ਦੀ ਰਚਨਾ ਬਾਰੇ ਸਤਿਗੁਰੂ ਨਾਨਕ ਦੇਵ ਜੀ ਆਪਣੀ ਪਵਿੱਤਰ ਬਾਣੀ ਜਪੁ ਜੀ ਸਾਹਿਬ ਪਉੜੀ ਨੰਬਰ 30 ਵਿਚ ਇਉ ਫੁਰਮਾਸਉਂਦੇ ਹਨ:

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣ॥
ਓਹ ਵੇਖੈ ਓਨਾ ਨਦਰਿ ਨ
ਆਵੈ ਬਹੁਤਾ ਏਹੁ ਵਿਡਾਣੁ॥
ਆਦੇਸੁ ਤਿਸੈ ਆਦੇਸੁ
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥30॥

ਵਿਸਵਕਰਮਾ ਦਿਵਸ, ਜੋ ਬਾਬਾ ਜੀ ਨੂੰ ਸਮਰਪਿਤ ਹੈ, ਦੇ ਸੁੱਭ ਅਵਸਰ ਉੱਤੇ ਹਰ ਰਾਜ ਮਿਸਤਰੀ, ਤਰਖਾਣ, ਔਜ਼ਾਰਾਂ ਦੇ ਨਿਰਮਾਤਾ ਅਤੇ ਹਰ ਪ੍ਰਕਾਰ ਦੀ ਵਰਕਸਾਪ ਮਸ਼ੀਨਰੀ ਦੀ ਵਰਤੋਂ ਕਰਨ ਵਾਲੇ ਸਭ ਵਿਸ਼ਵਕਰਮਾ ਜੀ ਦੀ ਕਿਰਤ ਦੇ ਦੇਵਤੇ ਦੇ ਰੂਪ ਵਿੱਚ ਪੂਜਾ ਕਰਦੇ ਹਨ . ਆਓ, ਇਸ ਸੁੱਭ ਦਿਹਾੜੇ ਉੱਤੇ ਬਾਬਾ ਜੀ ਦੀ ਦੱਸੀ ਦਸਤਕਾਰੀ ਦੀ ਕਲਾ ਅਤੇ ਉੱਚ-ਦਾਰਸਨਿਕਤਾ ਨੂੰ ਧਾਰਨ ਕਰਨ ਦੀ ਪ੍ਰਤਿੱਗਿਆ ਕਰੀਏ।

ਗੁਰਪ੍ਰੀਤ ਸਿੰਘ ਖਹਿਰਾ

ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਸ: ਹਰਮਿੰਦਰ ਸਿੰਘ ਸਮਾਣਾ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

(209) 481-7750

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ
ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

A&I Trucking Co.

123 E. Lee Road Watsonville, CA


Ph: 931-247-4637


ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ


Gurvinder Singh Gakhal


Paramvir Singh Gakhal


Jaskaran Singh Gakhal


Karamvir Singh Gakhal


Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

ਗਾਖਲ ਬ੍ਰਦਰਜ਼

ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ



ਸ:ਸੰਤੋਖ ਸਿੰਘ ਝਿੰਗੜਾ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ



ਲੱਖ-ਲੱਖ ਵਧਾਈ

ਕਮਿਉਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਸੀਨੀਅਰ ਪੱਤਰਕਾਰ ਸ੍ਰ. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ, ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ



ਲੱਖ-ਲੱਖ ਵਧਾਈ



ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ

ਸ. ਬਲਜੀਤ ਸਿੰਘ ਮਾਨ ਅਤੇ ਸਮੂਹ ਮਾਨ ਪਰਿਵਾਰ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਰੋਸ਼ਨੀਆਂ ਦੇ ਤਿਉਹਾਰ ਦੀਵਾਲੀ
ਦੀਆਂ
ਲੱਖ-ਲੱਖ ਵਧਾਈਆਂ

Dr. Paramjit Singh DDS

ਅਸੀਂ ਸੋਮਵਾਰ, ਮੰਗਲਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ

ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਲੈਂਦੇ ਹਾਂ ਅਤੇ ਜਿਨ੍ਹਾਂ ਕੋਲ ਇੰਸ਼ੋਰੈਂਸ ਨਹੀਂ,
ਕੈਸ਼ਪੇਮੈਂਟ ਵਾਲਿਆਂ ਸਪੈਸ਼ਲ ਡਿਸਕਾਊਂਟ ਹੈ

4598 S. Tracy Blvd, Suite 150, Tracy, CA 95377

Phone : 209-221-6666,Fax : 209-221-7002





ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

SinghSigns

ELECTRICAL· GRAPHIC· ENGRAVING

Sales - Installation - Repair

WE FABRICATE & SERVICE ALL ELECTRICAL SIGNS

44279 FREMONT BLVD. UNIT P FREMONT, CA 94538

510-573-3162

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

DESIGNED FOR QUALITY SIGH, ENGINEERED TO LAST !



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ



ਸ. ਬਲਵਿੰਦਰ ਸਿੰਘ ਭੂੰਦੜ
ਰਾਜ ਸਭਾ ਮੈਂਬਰ



ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ



ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ

ਹਰ ਘਰ 'ਚ ਖ਼ੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖ਼ੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ



ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ

ਸ. ਜੋਗਾ ਸਿੰਘ ਹੀਰਾ
925-719-4359

ਸ. ਜੀਤ ਸਿੰਘ
510-750-2810

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ



ਸਵਰਗੀ ਸ਼ਿਵਰਾਜ ਸਿੰਘ ਸੰਘੇੜਾ
ਦੀ ਨਿੱਘੀ ਯਾਦ ਵਿਚ

ਲੱਖ-ਲੱਖ ਵਧਾਈ



ਜਥੇਦਾਰ ਸੱਜਣ ਸਿੰਘ ਸੰਘੇੜਾ





ਸ਼੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ ਉਨ੍ਹਾਂ ਦੇ ਵੀਰ ਸ਼੍ਰ. ਜੇ.ਪੀ. ਸਿੰਘ ਲਾਲੀ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ

ਲੱਖ-ਲੱਖ
ਵਧਾਈ

ਸਾਬਕਾ ਪ੍ਰਧਾਨ ਸੁੱਚਾ ਸਿੰਘ
913 256 9498

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਬਿਜਨਸਮੈਨ



ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ

St. Louis State Missouri USA



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

VANCO

TRUCK & AUTO PLAZA

TEL : 208-466-0833, FAX : 209-466-2740



ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ

ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਸ੍ਰ. ਸੁਖਚੈਨ ਸਿੰਘ ਬੱਚਾਜੀਵੀ ਬੇਗੋਵਾਲ,
ਸ੍ਰ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ

St. Louis State
Missouri USA



ਮੀਰੀ ਪੀਰੀ ਦੇ ਮਾਲਕ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਜੀ ਦੇ
ਬੰਦੀਛੋੜ ਦਿਵਸ ਅਤੇ ਦੀਵਾਲੀ ਦੀ

ਲੱਖ-ਲੱਖ ਵਧਾਈ

ਸੰਤਾਂ ਮਾਹਾਪੁਰਸ਼ਾ ਦੀ ਛੋਹ ਪ੍ਰਾਪਤ ਪਰਿਵਾਰ ਹਮੇਸ਼ਾ ਹੀ ਗੁਰੂ ਦੇ ਭਾਣੇ ਵਿੱਚ
ਰਹਿਕੇ ਕਿਰਤ ਕਮਾਈ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ,
ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਤੇ ਅਮਰੀਕਾ ਦੇ ਵੱਡੇ ਬਿਜ਼ਨਸਮੈਨ



ਸ਼੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ਼੍ਰ. ਜੋਗਾ ਸਿੰਘ ਘੋਤੜਾ ਮਿਆਣੀ
ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ
Binghamton New York



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration

3073 W Ashlan Ave <> Fresno, CA 93722

Ph. (559) 243-9200

Fax (559) 549-6211

or visit

www.rakhrataxservice.com

or avtar06@gmail.com



ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ

ਲੱਖ-ਲੱਖ ਵਧਾਈਆਂ

ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ


ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ



ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ







ਸਾਬਕਾ ਪ੍ਰਧਾਨ ਮੰਤਰੀ ਸਵ. ਡਾ. ਮਨਮੋਹਨ ਸਿੰਘ ਦੇ ਨਾਲ ਯਾਦਗਾਰੀ ਤਸਵੀਰਾਂ



ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ
ਲੱਖ-ਲੱਖ ਵਧਾਈਆਂ

ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ

ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

Cold Rush Trucking Inc Manteca CA

209-328-5546 | Email : coldrushinc1313@gmail.com



ਸ਼੍ਰ. ਪ੍ਰਮਜੀਤ ਸਿੰਘ ਸ਼੍ਰ. ਅਵਤਾਰ ਸਿੰਘ, ਸ਼੍ਰ. ਪ੍ਰੇਮ ਸਿੰਘ, ਸ਼੍ਰ. ਗੁਰਫਤਿਹ ਸਿੰਘ
ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਭਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ



ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ

ਬੰਦੀ ਛੋੜ ਦਿਵਸ ਅਤੇ ਰੌਸ਼ਨੀਆਂ ਦੇ ਪਵਿੱਤਰ ਤਿਉਹਾਰ ਦੀਵਾਲੀ ਦੀਆਂ ਸੰਗਤਾਂ ਨੂੰ

ਲੱਖ-ਲੱਖ ਵਧਾਈ



ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਗੁਰੂ ਅਤੇ ਪੰਥ ਦੇ ਦਾਸ

ਸ. ਮਨਜੀਤ ਸਿੰਘ ਉੱਪਲ

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ





RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਬੇਨਤੀ ਕਰਤਾ

ਸ. ਕਸ਼ਮੀਰ ਸਿੰਘ ਧਾਮੀ
ਅਤੇ ਸਮੂਹ ਪਰਿਵਾਰ,ਯੂਬਾ ਸਿਟੀ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ

ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

Singh

Semiconductors

Semiconductors, Inc, 1501 Fulton Place, Fremont, CA 94539

Tel. : 510-490-4900



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ





ਮੁਲਤਾਨੀ ਬ੍ਰਦਰਜ਼
ਸ੍ਰ. ਨਿਰੰਜਨ ਸਿੰਘ ਮੁਲਤਾਨੀ,
ਸ੍ਰ. ਯਾਦਵਿੰਦਰ ਸਿੰਘ ਮੁਲਤਾਨੀ
ਅਤੇ ਸ੍ਰ. ਕੁਲਵਿੰਦਰ ਸਿੰਘ ਮੁਲਤਾਨੀ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ





ਗਿੱਲ ਬ੍ਰਦਰਜ਼
ਸ੍ਰ. ਮਹਿੰਦਰ ਸਿੰਘ ਗਿੱਲ
ਸ੍ਰ. ਸੁਖਵਿੰਦਰ ਸਿੰਘ ਗਿੱਲ
ਸ੍ਰ. ਸੁਖਤੇਜ ਸਿੰਘ ਗਿੱਲ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

ਲੱਖ-ਲੱਖ ਵਧਾਈ

ਨੌਜਵਾਨ ਆਗੂ ਅਤੇ
ਫਰੀਮਾਂਟ ਸਿਟੀ ਦੇ ਮੇਅਰ

CITY OF Fremont

ਡਾ. ਰਾਜ ਸਲਵਾਨ

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ



kw LAKE WASHINGTON SO
KELLERWILLIAMS. REALTY

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਮਾਂ ਬੋਲੀ ਦੇ
ਸੇਵਾਦਾਰ ਅਤੇ ਸਿਆਟਲ ਵਾਸ਼ਿੰਗਟਨ ਦੇ ਉਘੇ ਬਿਜਨਸਮੈਨ
ਸ੍ਰ. ਚਰਨਜੀਤ ਸਿੰਘ ਸਿਆਟਲ (ਸੀ.ਜੇ ਸਿੰਘ)
M. 206-295-5993 | 866-205-0865

ਹੱਸੋ ਤੇ ਖ਼ੁਸ਼ੀਆਂ ਮਾਣੋ



ਮਨਪ੍ਰੀਤ ਸਿੰਘ ਰੂਬੀ

ਮਨੁੱਖੀ ਜੀਵਨ ਖ਼ੁਸ਼ੀਆਂ ਅਤੇ ਗ਼ਮੀਆਂ ਦਾ ਸੁਮੇਲ ਹੈ। ਜਿਹੜੇ ਲੋਕ ਖ਼ੁਸ਼ਦਿਲ, ਹੌਸਲੇ ਵਾਲੇ ਤੇ ਸਕਾਰਾਤਮਕ ਸੋਚ ਵਾਲੇ ਹੋਣ ਉਨ੍ਹਾਂ ਦੇ ਜੀਵਨ ਵਿੱਚ ਰੌਣਕ, ਸਾਂਝ ਅਤੇ ਤਰੱਕੀ ਦੇ ਮੌਕੇ ਵਧਦੇ ਰਹਿੰਦੇ ਹਨ ਜਦੋਂਕਿ ਹਰ ਵੇਲੇ ਨਿਰਾਸ਼, ਸ਼ਿਕਾਇਤਾਂ ਅਤੇ ਰੋਣ-ਧੋਣ ਵਿੱਚ ਡੁੱਬੇ ਰਹਿਣ ਵਾਲੇ ਮਨੁੱਖ ਦਾ ਜੀਵਨ ਹਮੇਸ਼ਾ ਮੁਸ਼ਕਿਲਾਂ ਵਿੱਚ ਹੀ ਉਲਝਿਆ ਰਹਿੰਦਾ ਹੈ।

ਮਨੁੱਖੀ ਜੀਵਨ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ। ਕਦੇ ਸੁੱਖ ਆਉਂਦਾ ਹੈ ਤੇ ਕਦੇ ਦੁੱਖ, ਕਦੇ ਜਿੱਤ ਮਿਲਦੀ ਹੈ ਤੇ ਕਦੇ ਹਾਰ, ਕਦੇ ਰਾਹ ਪੱਧਰਾ ਹੁੰਦਾ ਹੈ ਤੇ ਕਦੇ ਕੰਡਿਆਂ ਨਾਲ ਭਰਪੂਰ। ਜੇ ਜ਼ਿੰਦਗੀ ਵਿੱਚ ਸਿਰਫ਼ ਸੁੱਖ ਹੀ ਟੱਕਰਦੇ ਤਾਂ ਸ਼ਾਇਦ ਮਨੁੱਖ ਨੂੰ ਸੁੱਖ ਦੀ ਕੀਮਤ ਦਾ ਪਤਾ ਹੀ ਨਾ ਲੱਗਦਾ। ਦੁੱਖ ਵੀ ਜੀਵਨ ਦਾ ਅਟੁੱਟ ਹਿੱਸਾ ਹਨ, ਪਰ ਅਸਲ ਫ਼ਰਕ ਇਸ ਗੱਲ ਨਾਲ ਪੈਂਦਾ ਹੈ ਕਿ ਅਸੀਂ ਦੁੱਖਾਂ ਦਾ ਸਾਹਮਣਾ ਕਿਸ ਤਰ੍ਹਾਂ ਕਰਦੇ ਹਾਂ। ਕੋਈ ਵਿਅਕਤੀ ਔਖੀ ਘੜੀ ਵਿੱਚ ਟੁੱਟ ਜਾਂਦਾ ਹੈ ਅਤੇ ਕੋਈ ਉਸੇ ਔਖੀ ਘੜੀ ਨੂੰ ਆਪਣੀ ਤਾਕਤ ਬਣਾ ਕੇ ਅੱਗੇ ਵਧਣ ਦਾ ਤਰੀਕਾ ਲੱਭ ਲੈਂਦਾ ਹੈ।

ਖ਼ੁਸ਼ ਰਹਿਣ ਦਾ ਅਰਥ ਇਹ ਨਹੀਂ ਕਿ ਮਨੁੱਖ ਨੂੰ ਜੀਵਨ ਦੀਆਂ ਹਕੀਕਤਾਂ ਤੋਂ ਅਣਜਾਣ ਹੋਣਾ ਚਾਹੀਦਾ ਹੈ। ਜ਼ਿੰਦਗੀ ਵਿੱਚ ਜਦੋਂ ਕੋਈ ਨੁਕਸਾਨ ਹੋਵੇ, ਰਿਸ਼ਤਾ ਟੁੱਟੇ, ਆਰਥਿਕ ਮੁਸ਼ਕਿਲ ਆਵੇ ਜਾਂ ਕੋਈ ਸੁਪਨਾ ਪੂਰਾ ਨਾ ਹੋਵੇ ਤਾਂ ਦੁੱਖ ਮਹਿਸੂਸ ਹੋਣਾ ਸੁਭਾਵਿਕ ਹੈ। ਅੱਖਾਂ ਵਿੱਚ ਹੰਝੂਆਂ ਦਾ ਆ ਜਾਣਾ ਵੀ ਮਨੁੱਖੀ ਸੁਭਾਅ ਦਾ ਹਿੱਸਾ ਹੈ, ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਨਿਰਾਸ਼ਾ ਤੇ ਹੰਝੂ ਸਾਡੀ ਸੋਚ ਉੱਤੇ ਕਬਜ਼ਾ ਕਰ ਲੈਂਦੇ ਹਨ ਅਤੇ ਅਸੀਂ ਹਰ ਗੱਲ ਵਿੱਚ ਨਕਾਰਾਤਮਕਤਾ ਦੇਖਣ ਲੱਗ ਪੈਂਦੇ ਹਾਂ। ਦੁੱਖ ਨੂੰ ਮਹਿਸੂਸ ਕਰਨਾ ਗ਼ਲਤ ਨਹੀਂ, ਪਰ ਦੁੱਖ ਨੂੰ ਹੀ ਆਪਣੀ ਜ਼ਿੰਦਗੀ ਬਣਾ ਲੈਣਾ ਜ਼ਰੂਰ ਨੁਕਸਾਨਦਾਇਕ ਹੈ।

ਅੱਜ ਦੇ ਸਮੇਂ ਵਿੱਚ ਮਨੁੱਖ ਕੋਲ ਜਿਵੇਂ ਜਿਵੇਂ ਸੁੱਖ-ਸਹੂਲਤਾਂ ਵਧਦੀਆਂ ਜਾ ਰਹੀਆਂ ਹਨ, ਉਵੇਂ ਹੀ ਮਨ ਦੀ ਸ਼ਾਂਤੀ ਤੇ ਖ਼ੁਸ਼ ਰਹਿਣ ਦੀ ਪ੍ਰਵਿਰਤੀ ਮਨਫ਼ੀ ਹੁੰਦੀ ਜਾ ਰਹੀ ਹੈ। ਮੋਬਾਈਲ ਫੋਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਦੁਨੀਆ ਨੂੰ ਮੁੱਠੀ ਵਿੱਚ ਬੰਦ ਕਰ ਦਿੱਤਾ ਹੈ। ਅਸੀਂ ਪਲ-ਪਲ ਦੂਜਿਆਂ ਦੀ ਜ਼ਿੰਦਗੀ ਦੇਖਦੇ ਹਾਂ। ਦੂਜਿਆਂ ਦੀ ਖ਼ੁਸ਼ੀ ਨੂੰ ਦੇਖ ਕੇ ਕਈ ਲੋਕ ਆਪਣੀ ਜ਼ਿੰਦਗੀ ਤੋਂ ਅਸੰਤੁਸ਼ਟ ਹੋਣ ਲੱਗ ਪੈਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਸੋਸ਼ਲ ਮੀਡੀਆ ਉੱਤੇ ਦਿਖਾਈ ਜਾਣ ਵਾਲੀ ਜ਼ਿੰਦਗੀ ਹਮੇਸ਼ਾ ਅਸਲੀ ਨਹੀਂ ਹੁੰਦੀ। ਇਸ ਲਈ ਦੂਜਿਆਂ ਨਾਲ ਤੁਲਨਾ ਕਰਕੇ ਆਪਣੀ ਖ਼ੁਸ਼ੀ ਨੂੰ ਖ਼ਤਮ ਕਰਨਾ ਸਿਆਣਪ ਨਹੀਂ ਸਮਝੀ ਜਾ ਸਕਦੀ।

ਖ਼ੁਸ਼ੀ ਦਾ ਸਬੰਧ ਧਨ-ਦੌਲਤ ਜਾਂ ਵੱਡੀਆਂ ਪ੍ਰਾਪਤੀਆਂ ਨਾਲ ਨਹੀਂ ਹੁੰਦਾ। ਕਈ ਵਾਰ ਪਰਿਵਾਰ ਨਾਲ ਬੈਠ ਕੇ ਕੀਤੀ ਇੱਕ ਸਾਧਾਰਨ ਗੱਲਬਾਤ, ਦੋਸਤ ਦੀ ਇੱਕ ਪਿਆਰ ਭਰੀ ਫੋਨ ਕਾਲ, ਬੱਚੇ ਦੀ ਮੁਸਕਰਾਹਟ, ਮਾਂ-ਬਾਪ ਦੀ ਦੁਆ, ਸਵੇਰ ਦੀ ਸੈਰ ਜਾਂ ਕੁਦਰਤ ਦੇ ਸੁਹੱਪਣ ਨੂੰ ਮਾਣਨਾ ਵੀ ਮਨੁੱਖ ਨੂੰ ਅੰਦਰੋਂ ਖ਼ੁਸ਼ੀ ਦੇ ਸਕਦਾ ਹੈ, ਪਰ ਅਸੀਂ ਵੱਡੀਆਂ ਖ਼ੁਸ਼ੀਆਂ ਦੀ ਭਾਲ ਵਿੱਚ ਇਨ੍ਹਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਅਣਡਿੱਠ ਕਰ ਦਿੰਦੇ ਹਾਂ। ਘਰ ਦੀ ਖ਼ੁਸ਼ਹਾਲੀ ਵਿੱਚ ਹੱਸਮੁੱਖ ਸੁਭਾਅ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਜਿਸ ਘਰ ਵਿੱਚ ਪਰਿਵਾਰ ਦੇ ਮੈਂਬਰ ਇੱਕ-ਦੂਜੇ ਨਾਲ ਪਿਆਰ ਨਾਲ ਗੱਲ ਕਰਦੇ ਹਨ, ਇੱਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ ਅਤੇ ਮੁਸ਼ਕਿਲ ਸਮੇਂ ਵਿੱਚ ਸਾਥ ਦਿੰਦੇ ਹਨ, ਉਸ ਘਰ ਵਿੱਚ ਘੱਟ ਸਾਧਨਾਂ ਦੇ ਬਾਵਜੂਦ ਸਕੂਨ, ਖ਼ੁਸ਼ੀ ਅਤੇ ਸੁੱਖ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਦੇ ਉਲਟ ਜੇ ਘਰ ਵਿੱਚ ਹਰ ਸਮੇਂ ਤਕਰਾਰ, ਤਾਅਨੇ, ਸ਼ਿਕਾਇਤਾਂ ਅਤੇ ਗੁੱਸਾ ਹੋਵੇ ਤਾਂ ਵੱਡੇ ਤੋਂ ਵੱਡਾ ਮਕਾਨ ਤੇ ਸਹੂਲਤਾਂ ਵੀ ਸਕੂਨ ਨਹੀਂ ਦੇ ਸਕਦਾ।

ਅੱਜ ਪਰਿਵਾਰਕ ਰਿਸ਼ਤਿਆਂ ਵਿੱਚ ਵਧ ਰਹੀ ਦੂਰੀ ਵੀ ਚਿੰਤਾ ਦਾ ਵਿਸ਼ਾ ਹੈ। ਇੱਕੋ ਘਰ ਵਿੱਚ ਰਹਿੰਦੇ ਹੋਏ ਵੀ ਕਈ ਵਾਰ ਪਰਿਵਾਰਕ ਮੈਂਬਰ ਇੱਕ-ਦੂਜੇ ਨਾਲ ਗੱਲ ਕਰਨ ਲਈ ਸਮਾਂ ਨਹੀਂ ਕੱਢਦੇ। ਹਰ ਕੋਈ ਆਪਣੇ ਮੋਬਾਈਲ ਜਾਂ ਆਪਣੀ ਹੀ ਦੁਨੀਆ ਵਿੱਚ ਰੁੱਝਿਆ ਹੋਇਆ ਹੈ। ਅਜਿਹੇ ਮਾਹੌਲ ਵਿੱਚ ਆਪਸੀ ਸਾਂਝ ਘਟਦੀ ਜਾਂਦੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਘਰ ਇੱਟਾਂ, ਸੀਮਿੰਟ ਅਤੇ ਮਹਿੰਗੇ ਸਾਮਾਨ ਨਾਲ ਨਹੀਂ ਬਣਦਾ ਸਗੋਂ ਘਰ ਪਿਆਰ, ਵਿਸ਼ਵਾਸ, ਸਤਿਕਾਰ ਅਤੇ ਸੁਖਾਵੇਂ ਮਾਹੌਲ ਨਾਲ ਬਣਦਾ ਹੈ।

ਜਿਹੜਾ ਇਨਸਾਨ ਹਰ ਵੇਲੇ ਦੂਜਿਆਂ ਦੀਆਂ ਕਮੀਆਂ ਲੱਭਦਾ ਰਹਿੰਦਾ ਹੈ, ਉਸ ਦੀ ਸੰਗਤ ਵੀ ਲੋਕਾਂ ਨੂੰ ਪਸੰਦ ਨਹੀਂ ਆਉਂਦੀ। ਇਸ ਦੇ ਉਲਟ ਹੱਸਮੁੱਖ, ਮਿਲਣਸਾਰ ਅਤੇ ਮਦਦਗਾਰ ਵਿਅਕਤੀ ਜਿੱਥੇ ਜਾਂਦਾ ਹੈ ਉੱਥੇ ਆਪਣਾਪਣ ਪੈਦਾ ਕਰ ਲੈਂਦਾ ਹੈ। ਉਸ ਦੀ ਮੌਜੂਦਗੀ ਮਾਹੌਲ ਨੂੰ ਹਲਕਾ ਫੁਲਕਾ ਬਣਾ ਕੇ ਖ਼ੁਸ਼ਗਵਾਰ ਬਣਾ ਦਿੰਦੀ ਹੈ ਅਤੇ ਇਹ ਮਾਹੌਲ ਹਰ ਕਿਸੇ ਨੂੰ ਆਪਣੇ ਵੱਲ ਖਿੱਚਦਾ ਹੈ। ਅਸਲ ਵਿੱਚ ਚੰਗਾ ਤੇ ਹੱਸਮੁੱਖ ਸੁਭਾਅ ਕੁਦਰਤ ਵੱਲੋਂ ਮਿਲੀ ਵਡਮੁੱਲੀ ਦਾਤ ਹੈ।

ਸਾਡੇ ਸੱਭਿਆਚਾਰ ਵਿੱਚ ਵਿਆਹ ਅਤੇ ਹੋਰ ਖ਼ੁਸ਼ੀਆਂ ਦੇ ਸਮਾਗਮਾਂ ਮੌਕੇ ਪੈਂਦੀਆਂ ਬੋਲੀਆਂ, ਗਿੱਧਾ, ਭੰਗੜਾ, ਤਿਉਹਾਰ, ਮੇਲੇ, ਖੇਡ ਮੇਲੇ, ਅਖਾੜੇ, ਲੋਕ-ਗੀਤ ਅਤੇ ਸਾਂਝੇ ਸਮਾਗਮ ਸਿਰਫ਼ ਮਨੋਰੰਜਨ ਦੇ ਸਾਧਨ ਨਹੀਂ ਸਗੋਂ ਸਮਾਜਿਕ ਏਕਤਾ ਤੇ ਭਾਈਚਾਰਕ ਸਾਂਝ ਦਾ ਸਬੂਤ ਸਨ। ਮੁੱਢ ਤੋਂ ਹੀ ਸਾਡੇ ਸਮਾਜ ਖ਼ਾਸ ਕਰਕੇ ਪੰਜਾਬ ਵਿੱਚ ਰੀਤ ਰਹੀ ਹੈ ਕਿ ਜੇਕਰ ਕਿਸੇ ਘਰ ਖ਼ੁਸ਼ੀ ਹੁੰਦੀ ਤਾਂ ਸਾਰਾ ਪਿੰਡ ਖ਼ੁਸ਼ੀ ਵਿੱਚ ਸ਼ਾਮਲ ਹੁੰਦਾ ਅਤੇ ਜੇਕਰ ਕਿਸੇ ਦੇ ਘਰ ਦੁੱਖ ਦੀ ਘੜੀ ਆਉਂਦੀ ਤਾਂ ਸਾਰਾ ਭਾਈਚਾਰਾ ਉਸ ਪਰਿਵਾਰ ਦੇ ਦੁੱਖ ਵਿੱਚ ਦਿਲੋਂ ਸ਼ਰੀਕ ਹੁੰਦਾ ਸੀ। ਇਹੀ ਸਾਂਝ ਪੰਜਾਬੀ ਜੀਵਨ ਦੀ ਅਸਲੀ ਤਾਕਤ ਰਹੀ ਹੈ, ਪਰ ਸਮੇਂ, ਹਾਲਾਤ, ਮਨੁੱਖ ਦੀ ਸੁੰਗੜਦੀ ਜਾ ਰਹੀ ਸੋਚ ਅਤੇ ਆਧੁਨਿਕ ਯੁੱਗ ਦੇ ਨਿੱਤ ਨਵੇਂ ਵਰਤਾਰਿਆਂ ਨੇ ਇਸ ਸਭ ਕੁਝ ਨੂੰ ਖੋਰਾ ਲਗਾਇਆ ਹੈ।

ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਇਹ ਸਿੱਖਿਆ ਦੇਣ ਦੀ ਲੋੜ ਹੈ ਕਿ ਸਫਲਤਾ ਤੋਂ ਭਾਵ ਸਿਰਫ਼ ਵੱਡੀ ਨੌਕਰੀ, ਵੱਡਾ ਕਾਰੋਬਾਰ, ਚੰਗੀ ਆਮਦਨ ਜਾਂ ਵਿਦੇਸ਼ ਜਾਣਾ ਨਹੀਂ ਹੈ ਸਗੋਂ ਅਸਲ ਸਫਲਤਾ ਤਾਂ ਉਸ ਹਾਲਤ ਵਿੱਚ ਹੈ ਜਦੋਂ ਮਨੁੱਖ ਆਪਣੇ ਪਰਿਵਾਰ ਨੂੰ ਸਮਾਂ ਦੇ ਸਕੇ, ਰਿਸ਼ਤਿਆਂ ਨੂੰ ਸੰਭਾਲ ਸਕੇ, ਕਿਸੇ ਲੋੜਵੰਦ ਦੇ ਕੰਮ ਆ ਸਕੇ, ਸਮਾਜ ਲਈ ਕੁਝ ਚੰਗਾ ਕਰ ਸਕੇ ਅਤੇ ਵਿਪਰੀਤ ਹਾਲਤਾਂ ਵਿੱਚ ਵੀ ਆਪਣੇ ਅੰਦਰ ਸ਼ਾਂਤੀ ਕਾਇਮ ਰੱਖ ਸਕੇ। ਇਹੋ ਨਹੀਂ ਸਗੋਂ ਜੇਕਰ ਧਨ, ਜ਼ਮੀਨ, ਜਾਇਦਾਦ ਅਤੇ ਕੁਦਰਤ ਵੱਲੋਂ ਮਿਲੀਆਂ ਦਾਤਾਂ ਦੇ ਬਾਵਜੂਦ ਮਨ ਹਰ ਵੇਲੇ ਬੇਚੈਨ ਰਹੇ ਤਾਂ ਇਨ੍ਹਾਂ ਪ੍ਰਾਪਤੀਆਂ ਦੀ ਖ਼ੁਸ਼ੀ ਵੀ ਅਧੂਰੀ ਹੀ ਰਹਿ ਜਾਂਦੀ ਹੈ ਅਤੇ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਹੀ ਮਨ ਦੀ ਸ਼ਾਂਤੀ ਤੇ ਖ਼ੁਸ਼ੀ ਲਈ ਕਾਫ਼ੀ ਨਹੀਂ ਹਨ।

ਹੱਸਮੁੱਖ ਸੁਭਾਅ ਦਾ ਹੋਣਾ ਮਨੁੱਖ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਖ਼ੁਸ਼ ਰਹਿੰਦਾ ਹੈ ਤਾਂ ਉਸ ਦੀ ਸੋਚ ਵਿੱਚ ਵੀ ਸਕਾਰਾਤਮਕਤਾ ਅਤੇ ਤਾਜ਼ਗੀ ਆਉਂਦੀ ਹੈ। ਉਹ ਸਮੱਸਿਆਵਾਂ ਨੂੰ ਵਧੇਰੇ ਦੂਰਅੰਦੇਸ਼ੀ ਨਾਲ ਦੇਖ ਸਕਦਾ ਹੈ। ਇਸ ਦੇ ਉਲਟ ਹਰ ਵੇਲੇ ਤਣਾਅ ਅਤੇ ਨਿਰਾਸ਼ਾ ਵਿੱਚ ਰਹਿਣ ਵਾਲਾ ਵਿਅਕਤੀ ਛੋਟੀ ਸਮੱਸਿਆ ਨੂੰ ਵੀ ਵੱਡੀ ਮੁਸੀਬਤ ਸਮਝ ਲੈਂਦਾ ਹੈ। ਇਸ ਲਈ ਜੀਵਨ ਵਿੱਚ ਕੰਮ ਅਤੇ ਜ਼ਿੰਮੇਵਾਰੀਆਂ ਦੇ ਨਾਲ-ਨਾਲ ਪਰਿਵਾਰ ਨਾਲ ਸਮਾਂ ਬਿਤਾਉਣਾ, ਸਵੈ-ਪੜਚੋਲ ਅਤੇ ਆਪਣੇ ਮਨ ਨੂੰ ਆਰਾਮ ਦੇਣ ਲਈ ਵੀ ਸਮਾਂ ਕੱਢਣਾ ਜ਼ਰੂਰੀ ਹੈ। ਜੇਕਰ ਅਸੀਂ ਦਿਨ ਦੀ ਸ਼ੁਰੂਆਤ ਹੱਸ ਕੇ ਕਰਦੇ ਹਾਂ ਤਾਂ ਪੂਰਾ ਦਿਨ ਚੰਗਾ ਅਤੇ ਸਕਾਰਾਤਮਕਤਾ ਨਾਲ ਭਰਪੂਰ ਰਹਿੰਦਾ ਹੈ। ਹੱਸਣਾ ਰਾਤ ਨੂੰ ਚੰਗੀ ਨੀਂਦ ਲੈਣ ਵਿੱਚ ਮਦਦ ਕਰਦਾ ਹੈ।

ਇੱਥੇ ਇਹ ਸਮਝਣ ਦੀ ਵੀ ਲੋੜ ਹੈ ਕਿ ਖ਼ੁਸ਼ ਹੋਣਾ ਅਤੇ ਹੱਸਣਾ ਦੋ ਵੱਖ-ਵੱਖ ਅਵਸਥਾਵਾਂ ਹਨ। ਖ਼ੁਸ਼ ਹੋਣਾ ਇਨਸਾਨ ਦੀ ਉਸਾਰੂ ਮਾਨਸਿਕ ਅਵਸਥਾ ਨੂੰ ਦਰਸਾਉਂਦਾ ਹੈ ਜਦੋਂਕਿ ਹਾਸਾ ਕਈ ਵਾਰ ਬਣਾਉਟੀ, ਵਿਅੰਗਮਈ ਅਤੇ ਕੂਟਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ। ਫਿਰ ਵੀ ਮੰਨਿਆ ਜਾਂਦਾ ਹੈ ਕਿ ਖੁੱਲ੍ਹ ਕੇ ਹੱਸਣ ਨਾਲ ਖ਼ੂਨ ਦਾ ਸੰਚਾਰ ਵਧੀਆ ਹੁੰਦਾ ਹੈ ਅਤੇ ਆਕਸੀਜਨ ਸਹੀ ਢੰਗ ਨਾਲ ਸਰੀਰ ਦੇ ਸਾਰੇ ਅੰਗਾਂ ਤੱਕ ਪਹੁੰਚਦੀ ਹੈ। ਹਾਸਾ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਪੈਦਾ ਕਰਦਾ ਹੈ। ਇਸ ਲਈ ਹੀ ਯੋਗਾ ਕਲਾਸਾਂ ਵਿੱਚ ਉੱਚੀ ਹੱਸਣ 'ਤੇ ਵੀ ਜ਼ੋਰ ਦਿੱਤਾ ਜਾਂਦਾ ਹੈ। ਹਸਾਉਣ ਲਈ ਹੀ ਵਿਸ਼ੇਸ਼ ਤੌਰ 'ਤੇ ਫਿਲਮਾਂ ਅਤੇ ਕਾਮੇਡੀ ਸ਼ੋਅ ਬਣ ਰਹੇ ਹਨ। ਇਹੋ ਨਹੀਂ ਸਗੋਂ ਮਈ ਦੇ ਪਹਿਲੇ ਐਤਵਾਰ ਨੂੰ 'ਵਿਸ਼ਵ ਹਾਸਾ ਦਿਵਸ' ਵਜੋਂ ਮਨਾਇਆ ਜਾਣ ਲੱਗਿਆ ਹੈ, ਪਰ ਇੱਥੇ ਇਹ ਸਮਝਣ ਦੀ ਜ਼ਰੂਰ ਲੋੜ ਹੈ ਕਿ ਹੱਸਣਾ ਤੇ ਮਨ ਦਾ ਖ਼ੁਸ਼ ਹੋਣਾ ਦੋ ਵੱਖ-ਵੱਖਰੀਆਂ ਗੱਲਾਂ ਹਨ। ਕੁਝ ਸਮੇਂ ਲਈ ਹੱਸ ਲੈਣਾ ਅਤੇ ਆਪਣੇ ਮਨ ਨੂੰ ਖ਼ੁਸ਼ ਰਹਿ ਸਕਣ ਦੇ ਕਾਬਲ ਬਣਾਉਣਾ ਵੱਖ-ਵੱਖ ਅਵਸਥਾਵਾਂ ਹਨ। ਇਸ ਲਈ ਖ਼ੁਸ਼ ਰਹਿਣਾ ਹੱਸਣ ਤੋਂ ਵਧੇਰੇ ਅਹਿਮ ਹੋ ਜਾਂਦਾ ਹੈ। ਜਿਸ ਮਨੁੱਖ ਨੇ ਹਰ ਤਰ੍ਹਾਂ ਦੇ ਹਾਲਾਤ ਵਿੱਚੋਂ ਖ਼ੁਸ਼ ਰਹਿਣ ਦਾ ਢੰਗ ਲੱਭ ਲਿਆ, ਉਸ ਨੂੰ ਫਿਰ ਉੱਚੀ ਹੱਸ ਕੇ ਦਿਖਾਵਾ ਕਰਨ ਦੀ ਲੋੜ ਨਹੀਂ ਪੈਂਦੀ।

ਇਸ ਤੋਂ ਇਲਾਵਾ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਭੱਜਣ ਦੀ ਬਜਾਏ ਉਨ੍ਹਾਂ ਦਾ ਹੌਸਲੇ ਨਾਲ ਸਾਹਮਣਾ ਕਰਨਾ ਹੀ ਜ਼ਿੰਦਗੀ ਦੀ ਅਸਲ ਜਿੱਤ ਹੈ। ਇਤਿਹਾਸ ਵਿੱਚ ਅਜਿਹੇ ਅਨੇਕਾਂ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਵੱਡੀਆਂ ਮੁਸ਼ਕਿਲਾਂ ਦੇ ਬਾਵਜੂਦ ਹਿੰਮਤ ਨਹੀਂ ਹਾਰੀ। ਉਨ੍ਹਾਂ ਨੇ ਹਾਲਾਤ ਨੂੰ ਆਪਣੀ ਕਿਸਮਤ ਮੰਨ ਕੇ ਬੈਠਣ ਦੀ ਬਜਾਏ ਹਾਲਾਤ ਬਦਲਣ ਦੀ ਕੋਸ਼ਿਸ਼ ਕੀਤੀ। ਮਨੁੱਖ ਦੀ ਇਹੋ ਜੁਝਾਰੂ ਸੋਚ ਉਸ ਨੂੰ ਹੋਰਾਂ ਜੀਵਾਂ ਤੋਂ ਵੱਖਰਾ ਕਰਦੀ ਹੈ। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਹਰ ਵੇਲੇ ਹੱਸਣ ਅਤੇ ਖ਼ੁਸ਼ ਰਹਿਣ ਦਾ ਦਿਖਾਵਾ ਕਰਨਾ ਜ਼ਰੂਰੀ ਨਹੀਂ। ਜੇ ਕੋਈ ਮਨੁੱਖ ਦੁੱਖ ਵਿੱਚ ਹੈ ਤਾਂ ਉਸ ਦੇ ਦੁੱਖ ਨੂੰ ਸਮਝਣਾ ਅਤੇ ਉਸ ਨੂੰ ਸਮਾਂ ਦੇਣਾ ਵੀ ਮਨੁੱਖਤਾ ਹੈ। ਉਲਝਣ ਵਿੱਚ ਫਸੇ ਵਿਅਕਤੀ ਦੀ ਗੱਲ ਸੁਣਨਾ ਅਤੇ ਉਸ ਦਾ ਹੌਸਲਾ ਵਧਾਉਣ ਲਈ ਦਿੱਤਾ ਸਾਥ ਮਨੁੱਖ ਨੂੰ ਮੁੜ ਖੜ੍ਹਾ ਹੋਣ ਦੀ ਤਾਕਤ ਦਿੰਦਾ ਹੈ।

ਇਹ ਵੀ ਜ਼ਰੂਰੀ ਹੈ ਕਿ ਅਸੀਂ ਦੂਜਿਆਂ ਦੀ ਖ਼ੁਸ਼ੀ ਨਾਲ ਈਰਖਾ ਕਰਨ ਦੀ ਥਾਂ ਹੋਰਾਂ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣਾ ਸਿੱਖੀਏ। ਕਿਸੇ ਦੀ ਤਰੱਕੀ ਦੇਖ ਕੇ ਜਦੋਂ ਅਸੀਂ ਸੜਨ ਲੱਗ ਪਈਏ ਤਾਂ ਸਾਡੇ ਮਨ ਦੀ ਸ਼ਾਂਤੀ ਖ਼ਤਮ ਹੋ ਜਾਂਦੀ ਹੈ। ਇਸ ਦੇ ਉਲਟ ਜੇ ਅਸੀਂ ਦੂਜੇ ਦੀ ਸਫਲਤਾ ਉੱਤੇ ਖ਼ੁਸ਼ ਹੋਈਏ ਅਤੇ ਉਸ ਤੋਂ ਪ੍ਰੇਰਣਾ ਲਈਏ ਤਾਂ ਸਾਡੀ ਆਪਣੀ ਜ਼ਿੰਦਗੀ ਵੀ ਬਿਹਤਰ ਬਣ ਸਕਦੀ ਹੈ। ਅਸਲ ਵਿੱਚ ਹੱਸਦੇ ਰਹਿਣ ਤੋਂ ਭਾਵ ਜੀਵਨ 'ਚੋਂ ਦੁੱਖ ਨੂੰ ਖ਼ਤਮ ਕਰਨਾ ਨਹੀਂ ਸਗੋਂ ਦੁੱਖਾਂ ਦੇ ਬਾਵਜੂਦ ਜੀਵਨ ਨੂੰ ਸਕਾਰਾਤਮਕ ਸੋਚ ਨਾਲ ਜਿਊਣ ਦਾ ਢੰਗ ਅਪਣਾਉਣਾ ਹੈ। ਬਹੁਤੀ ਵਾਰ ਪ੍ਰਸਥਿਤੀਆਂ ਨੂੰ ਬਦਲਣਾ ਹਰ ਸਮੇਂ ਮਨੁੱਖ ਦੇ ਹੱਥ ਵਿੱਚ ਨਹੀਂ ਹੁੰਦਾ, ਪਰ ਉਨ੍ਹਾਂ ਪ੍ਰਸਥਿਤੀਆਂ ਪ੍ਰਤੀ ਆਪਣਾ ਰਵੱਈਆ ਬਦਲਣਾ ਮਨੁੱਖ ਦੇ ਹੱਥ ਵਿੱਚ ਜ਼ਰੂਰ ਹੁੰਦਾ ਹੈ। ਜੇ ਸੋਚ ਵਿੱਚ ਸਕਾਰਾਤਮਕਤਾ, ਦਿਲ ਵਿੱਚ ਹੌਸਲਾ ਅਤੇ ਚਿਹਰੇ ਉੱਤੇ ਮੁਸਕਰਾਹਟ ਹੋਵੇ ਤਾਂ ਔਖੇ ਰਸਤੇ ਵੀ ਸੌਖੇ ਲੱਗਣ ਲੱਗਦੇ ਹਨ।

ਅੱਜ ਸਾਨੂੰ ਆਪਣੇ ਘਰਾਂ, ਸਕੂਲਾਂ, ਦਫ਼ਤਰਾਂ ਅਤੇ ਸਮਾਜ ਵਿੱਚ ਹਾਸੇ, ਸਾਂਝ, ਸਹਿਯੋਗ ਅਤੇ ਪਿਆਰ ਦਾ ਮਾਹੌਲ ਸਿਰਜਣ ਦੀ ਲੋੜ ਹੈ। ਇੱਕ-ਦੂਜੇ ਦੀਆਂ ਕਮੀਆਂ ਗਿਣਾਉਣ ਦੀ ਬਜਾਏ ਹੌਸਲਾ ਦੇਈਏ, ਨਿਰਾਸ਼ ਕਰਨ ਦੀ ਬਜਾਏ ਆਸ ਜਗਾਈਏ ਅਤੇ ਰਿਸ਼ਤਿਆਂ ਵਿੱਚ ਕੰਧਾਂ ਖੜ੍ਹੀਆਂ ਕਰਨ ਦੀ ਬਜਾਏ ਪੁਲ ਬਣੀਏ ਕਿਉਂਕਿ ਛੋਟੀ ਜਿਹੀ ਜ਼ਿੰਦਗੀ ਨੂੰ ਗਿਲਿਆਂ-ਸ਼ਿਕਵਿਆਂ ਵਿੱਚ ਗੁਆਉਣਾ ਸਿਆਣਪ ਨਹੀਂ ਮੰਨਿਆ ਜਾ ਸਕਦਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਜੀਵਨ ਵਿੱਚ ਖ਼ੁਸ਼ੀ ਸਿਰਫ਼ ਹਾਲਤਾਂ ਨਾਲ ਨਹੀਂ ਸਗੋਂ ਸਾਡੀ ਸੋਚ ਨਾਲ ਵੀ ਪੈਦਾ ਹੁੰਦੀ ਹੈ। ਜਿਹੜਾ ਮਨੁੱਖ ਥੋੜ੍ਹੇ ਵਿੱਚ ਖ਼ੁਸ਼ ਰਹਿਣਾ, ਔਖੇ ਵੇਲੇ ਹੌਸਲਾ ਰੱਖਣ ਅਤੇ ਦੂਜਿਆਂ ਨਾਲ ਆਪਣੀ ਖ਼ੁਸ਼ੀ ਸਾਂਝੀ ਕਰਨਾ ਸਿੱਖ ਲੈਂਦਾ ਹੈ, ਉਸ ਦੀ ਜ਼ਿੰਦਗੀ ਅਸਲ ਅਰਥਾਂ ਵਿੱਚ ਸੁਖਾਲੀ ਤੇ ਖ਼ੁਸ਼ਗਵਾਰ ਹੋ ਜਾਂਦੀ ਹੈ। ਇਸ ਲਈ ਆਓ, ਦੁੱਖਾਂ ਨੂੰ ਸਮਝੀਏ, ਪਰ ਉਨ੍ਹਾਂ ਦੇ ਗੁਲਾਮ ਨਾ ਬਣੀਏ, ਮੁਸ਼ਕਿਲਾਂ ਦਾ ਸਾਹਮਣਾ ਕਰੀਏ, ਪਰ ਆਸ ਨਾ ਛੱਡੀਏ ਅਤੇ ਆਪਣੇ ਘਰਾਂ ਵਿੱਚ ਅਜਿਹੀ ਰੌਣਕ ਪੈਦਾ ਕਰੀਏ ਕਿ 'ਹੱਸਦਿਆਂ ਦੇ ਘਰ ਵਸਦੇ, ਰੋਂਦਿਆਂ ਦੇ ਖਾਨੇ ਖ਼ਰਾਬ' ਕਹਾਵਤ ਅੱਜ ਦੇ ਸਮੇਂ ਵੀ ਸੱਚ ਹੋ ਨਿੱਬੜੇ।





ਆਹ ਲੈ ਮਾਏ ਸਾਂਭ ਕੁੰਜੀਆਂ...

ਚਾਰ ਦਿਨ ਮੌਜਾਂ ਮਾਣ ਕੇ ਲਾ ਕੇ
ਸੁੱਖਾਂ ਦੇ ਸਮੁੰਦਰਾਂ 'ਚ ਤਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ
ਬਾਪੂ ਤੇਰੇ ਪਿਆਰ ਸਦਕਾ
ਅਸਾਂ ਰੱਜ ਰੱਜ ਪਹਿਨਿਆ ਹੰਢਾਇਆ
ਪੱਗ ਤੇਰੀ ਰੱਖੀ ਸਾਂਭ ਕੇ
ਇਹਨੂੰ ਦਾਗ ਨਾ ਹਵਾ ਜਿੰਨਾ ਲਾਇਆ
ਇੱਕ ਰਾਤ ਹੋਰ ਰੱਖ ਲੈ ਜਾਵਾਂ
ਬਾਬਲਾ ਤੇਰੇ ਬਲਿਹਾਰੀ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ

ਧੀਆਂ ਦੀਆਂ ਭਾਵਨਾਵਾਂ ਨੂੰ ਪੰਜਾਬੀ ਕਵੀ ਦੀਪਕ ਜੈਤੋਈ ਨੇ ਉਕਤ ਗੀਤ ਰਾਹੀਂ ਬਾਖੂਬੀ ਬਿਆਨ ਕੀਤਾ ਹੈ। ਸੱਚ ਮੁੱਚ ਧੀਆਂ ਅਤੇ ਧਰੇਕਾਂ ਵਿਹੜੇ ਦੀ ਰੌਣਕ ਹੁੰਦੀਆਂ ਹਨ। ਧੀਆਂ ਬਿਨਾਂ ਪਰਿਵਾਰ ਅਧੂਰਾ ਹੈ, ਇਹ ਗੱਲ ਉਹ ਲੋਕ ਜ਼ਿਆਦਾ ਜਾਣਦੇ ਹਨ ਜਿਨ੍ਹਾਂ ਦੇ ਘਰ ਧੀਆਂ ਤੋਂ ਸੱਖਣੇ ਹਨ। ਜੇਕਰ ਅਸੀਂ ਭਾਰਤੀ ਇਤਿਹਾਸ ਦੇ ਪਿਛਲੇ ਸਮਿਆਂ 'ਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਾਡੇ ਦੇਸ਼ ਦਾ ਔਰਤ ਵਰਗ ਸਦੀਆਂ ਤੋਂ ਗੁਲਾਮੀ ਦੀ ਦਲਦਲ ਵਿੱਚ ਫਸਿਆ ਹੋਇਆ ਹੈ। ਜਦੋਂ ਦੇਸ਼ ਵਿੱਚ ਜਾਤੀ ਵਿਵਸਥਾ ਬਣੀ ਸੀ, ਉਸ ਵਿੱਚ ਵੀ ਔਰਤ ਨੂੰ ਸਮਾਨਤਾ ਦਾ ਦਰਜਾ ਨਹੀਂ ਦਿੱਤਾ ਗਿਆ। ਉਸ ਨੂੰ ਪੜ੍ਹਨ ਲਿਖਣ ਅਤੇ ਆਜ਼ਾਦ ਘੁੰਮਣ ਵਰਗੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਸੀ।

ਜਿਉਂ ਜਿਉਂ ਵਕਤ ਬਦਲਦਾ ਗਿਆ ਅਤੇ ਮਨੁੱਖ ਜਾਗਰੂਕ ਹੁੰਦਾ ਗਿਆ ਅਤੇ ਔਰਤਾਂ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦੀਆਂ ਗਈਆਂ। ਅੱਜ ਭਾਵੇਂ ਦੁਨੀਆ ਨੇ ਬਹੁਤ ਤਰੱਕੀ ਕਰ ਲਈ ਹੈ ਅਤੇ ਔਰਤਾਂ ਵੀ ਅਸਮਾਨ ਵਿੱਚ ਉਡਾਰੀਆਂ ਲਾ ਰਹੀਆਂ ਹਨ, ਪਰ ਅਜੇ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਔਰਤਾਂ ਅਸਮਾਨਤਾਵਾਂ ਦਾ ਸ਼ਿਕਾਰ ਹੋ ਰਹੀਆਂ ਹਨ। ਇਸੇ ਕਰਕੇ ਸੰਯੁਕਤ ਰਾਸ਼ਟਰ ਮਹਾਸਭਾ ਨੇ 2011 ਤੋਂ 11 ਅਕਤੂਬਰ ਨੂੰ ਬਾਲੜੀਆਂ ਲਈ ਅੰਤਰਰਾਸ਼ਟਰੀ ਦਿਵਸ ਐਲਾਨਿਆ ਸੀ। ਇਸ ਦਿਵਸ ਦਾ ਉਦੇਸ਼ ਲੜਕੀਆਂ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ 'ਤੇ ਧਿਆਨ ਕੇਂਦਰਿਤ ਕਰਨਾ ਹੈ। ਭਾਰਤ ਸਰਕਾਰ ਦੀਆਂ ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੀਆਂ ਵਿਆਪਕ ਪ੍ਰਚਾਰ ਯੋਜਨਾਵਾਂ ਦੇ ਬਾਵਜੂਦ ਭਾਰਤ ਵਿੱਚ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸੰਕਲਪਾਂ ਦਾ ਟੀਚਾ ਅਜੇ ਨੇੜੇ ਨਹੀਂ ਆ ਰਿਹਾ ਹੈ। ਭਾਰਤ ਹੀ ਇੱਕ ਅਜਿਹਾ ਵੱਡਾ ਦੇਸ਼ ਹੈ ਜਿੱਥੇ ਲੜਕਿਆਂ ਨਾਲੋਂ ਕੁੜੀਆਂ ਦੀ ਜਨਮ ਦਰ ਘੱਟ ਅਤੇ ਮੌਤ ਦਰ ਜ਼ਿਆਦਾ ਹੈ। ਇਸ ਦੇ ਨਾਲ ਹੀ ਕੁੜੀਆਂ ਦੇ ਸਕੂਲ ਛੱਡਣ ਦੀ ਸੰਭਾਵਨਾ ਵੀ ਜ਼ਿਆਦਾ ਹੈ।

ਭਾਰਤ ਵਿੱਚ ਰੁਜ਼ਗਾਰ, ਭੀਖ ਮੰਗਣ, ਜਿਨਸੀ ਸ਼ੋਸ਼ਣ ਅਤੇ ਬਾਲ ਮਜ਼ਦੂਰੀ ਵਰਗੇ ਕਈ ਉਦੇਸ਼ਾਂ ਲਈ ਅਣਗਿਣਤ ਬੱਚਿਆਂ ਦੀ ਤਸਕਰੀ ਕੀਤੀ ਜਾਂਦੀ ਹੈ ਜਿਨ੍ਹਾਂ ਵਿੱਚ ਜ਼ਿਆਦਾਤਰ ਗਿਣਤੀ ਕੁੜੀਆਂ ਦੀ ਹੈ। ਦੇਸ਼ ਵਿੱਚ ਹਰ ਸਾਲ 60 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋ ਜਾਂਦੇ ਹਨ, ਜਿਨ੍ਹਾਂ ਵਿੱਚ ਕੁੜੀਆਂ ਦੀ ਪ੍ਰਤੀਸ਼ਤਤਾ ਜ਼ਿਆਦਾ ਹੈ। ਦੇਸ਼ ਵਿੱਚ ਕੁੜੀਆਂ ਕੋਲ ਕੁਝ ਖ਼ਤਰੇ ਅਤੇ ਕਮਜ਼ੋਰੀਆਂ ਹਨ ਜਿਨ੍ਹਾਂ ਦਾ ਉਹ ਸਿਰਫ਼ ਇਸ ਲਈ ਸਾਹਮਣਾ ਕਰਦੀਆਂ ਹਨ ਕਿਉਂਕਿ ਉਹ ਕੁੜੀਆਂ ਹਨ। ਇਨ੍ਹਾਂ ਵਿੱਚੋਂ ਬਹੁਤੇ ਜੋਖਮ ਸਿੱਧੇ ਤੌਰ 'ਤੇ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਨੁਕਸਾਨਾਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦਾ ਲੜਕੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਜਿਨ੍ਹਾਂ ਕੁੜੀਆਂ ਨੂੰ ਆਜ਼ਾਦ ਮਾਹੌਲ ਮਿਲਿਆ ਹੈ, ਉਹ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਪੱਧਰ 'ਤੇ ਮਿਸਾਲ ਬਣ ਚੁੱਕੀਆਂ ਹਨ।

ਕੁਲਦੀਪ ਸਿੰਘ ਸਾਹਿਲ

ਅੱਜ ਭਾਰਤ ਦੀਆਂ ਧੀਆਂ ਨਾ ਸਿਰਫ਼ ਲੜਾਕੂ ਜਹਾਜ਼ ਉਡਾ ਰਹੀਆਂ ਹਨ, ਸਗੋਂ ਜੰਗ ਦੇ ਮੋਰਚੇ 'ਤੇ ਵੀ ਤਾਇਨਾਤ ਹਨ। ਚੰਦਰਯਾਨ 3 ਦੀ ਸਫਲਤਾ ਵਿੱਚ ਭਾਰਤ ਦੀਆਂ ਧੀਆਂ ਦਾ ਵੀ ਅਹਿਮ ਯੋਗਦਾਨ ਰਿਹਾ ਹੈ। ਫਿਰ ਵੀ ਭਾਰਤੀ ਸਮਾਜ ਵਿੱਚ ਪਿਤਾ-ਪੁਰਖੀ ਵਿਚਾਰ, ਮਰਿਆਦਾ, ਪਰੰਪਰਾਵਾਂ ਅਤੇ ਢਾਂਚੇ ਕਾਇਮ ਹਨ ਜਿਸ ਕਾਰਨ ਬਹੁਤੀਆਂ ਕੁੜੀਆਂ ਆਪਣੇ ਕਈ ਹੱਕਾਂ ਦਾ ਪੂਰਾ ਆਨੰਦ ਨਹੀਂ ਮਾਣ ਪਾਉਂਦੀਆਂ। ਲਿੰਗਕ ਵਿਤਕਰੇ ਅਤੇ ਸਮਾਜਿਕ ਨਿਯਮਾਂ ਅਤੇ ਪ੍ਰਥਾਵਾਂ ਦੇ ਪ੍ਰਚਲਣ ਕਾਰਨ ਲੜਕੀਆਂ ਨੂੰ ਬਾਲ ਵਿਆਹ, ਕਿਸ਼ੋਰ ਗਰਭ ਅਵਸਥਾ, ਘਰੇਲੂ ਕੰਮ, ਮਾੜੀ ਸਿੱਖਿਆ ਅਤੇ ਸਿਹਤ, ਜਿਨਸੀ ਸ਼ੋਸ਼ਣ ਅਤੇ ਹਿੰਸਾ ਦੀਆਂ ਸੰਭਾਵਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਲਿੰਗ ਅਸਮਾਨਤਾ ਦੇ ਨਤੀਜੇ ਵਜੋਂ ਕੁੜੀਆਂ ਲਈ ਅਸਮਾਨ ਮੌਕੇ ਹੁੰਦੇ ਹਨ। ਕੁੜੀਆਂ ਅਤੇ ਲੜਕੇ ਪੂਰੇ ਦੇਸ਼ ਵਿੱਚ ਵੱਖੋ-ਵੱਖਰੇ ਢੰਗ ਨਾਲ ਕਿਸ਼ੋਰ ਅਵਸਥਾ ਦਾ ਅਨੁਭਵ ਕਰਦੇ ਹਨ। ਜਦੋਂਕਿ ਲੜਕਿਆਂ ਨੂੰ ਵਧੇਰੇ ਆਜ਼ਾਦੀ ਦਾ ਅਨੁਭਵ ਹੁੰਦਾ ਹੈ, ਕੁੜੀਆਂ ਨੂੰ ਉਨ੍ਹਾਂ ਦੀ ਆਜ਼ਾਦੀ ਨਾਲ ਘੁੰਮਣ ਅਤੇ ਫ਼ੈਸਲੇ ਲੈਣ ਦੀ ਸਮਰੱਥਾ 'ਤੇ ਵਿਆਪਕ ਸੀਮਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਕੰਮ, ਸਿੱਖਿਆ, ਵਿਆਹ ਅਤੇ ਸਮਾਜਿਕ ਸਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ। ਜਿਵੇਂ-ਜਿਵੇਂ ਕੁੜੀਆਂ ਅਤੇ ਮੁੰਡੇ ਵੱਡੇ ਹੁੰਦੇ ਜਾਂਦੇ ਹਨ, ਕੁੜੀਆਂ ਲਈ ਰੁਕਾਵਟਾਂ ਵਧਦੀਆਂ ਜਾਂਦੀਆਂ ਹਨ ਅਤੇ ਅਖੀਰ ਤੱਕ ਜਾਰੀ ਰਹਿੰਦੀਆਂ ਹਨ।

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਲੜੀ ਦਿਵਸ ਦੇ ਸਮਾਗਮਾਂ ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਸਕੀਮਾਂ ਦੇ ਬਾਵਜੂਦ ਲੜਕੀਆਂ ਪ੍ਰਤੀ ਸਮਾਜ ਦੇ ਰਵੱਈਏ ਵਿੱਚ ਕੋਈ ਖ਼ਾਸ ਤਬਦੀਲੀ ਨਹੀਂ ਆਈ ਹੈ। ਅੱਜ ਵੀ ਸ਼ਹਿਰਾਂ ਵਿੱਚ ਪ੍ਰਤੀ ਹਜ਼ਾਰ ਲੜਕਿਆਂ ਪਿੱਛੇ ਕੁੜੀਆਂ ਦੀ ਗਿਣਤੀ ਪੇਂਡੂ ਖੇਤਰਾਂ ਨਾਲੋਂ ਘੱਟ ਹੈ। ਇਸ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਗਰਭ ਅਵਸਥਾ ਦੌਰਾਨ ਭਰੂਣ ਜਾਂਚ ਦੀਆਂ ਸਹੂਲਤਾਂ ਹਨ, ਉੱਥੇ ਬੱਚੀ ਦਾ ਭਰੂਣ ਸੁਰੱਖਿਅਤ ਨਹੀਂ ਹੈ। ਪੇਂਡੂ ਖੇਤਰਾਂ ਵਿੱਚ ਸੰਤੋਸ਼ਜਨਕ ਲਿੰਗ ਅਨੁਪਾਤ ਦੇ ਬਾਵਜੂਦ, ਉੱਥੇ ਡਾਕਟਰੀ ਸਹੂਲਤਾਂ ਦੀ ਘਾਟ ਕਾਰਨ ਨਵਜੰਮੇ ਬੱਚਿਆਂ ਤੋਂ ਲੈ ਕੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਜ਼ਿਆਦਾ ਹੈ, ਜਿਸ ਵਿੱਚ ਲੜਕੀਆਂ ਦੀ ਪ੍ਰਤੀਸ਼ਤਤਾ ਜ਼ਿਆਦਾ ਹੈ।

ਇਸੇ ਸਰਵੇਖਣ ਅਨੁਸਾਰ ਦੇਸ਼ ਵਿੱਚ ਅਜੇ ਵੀ 23 ਫੀਸਦੀ ਕਿਸ਼ੋਰਾਂ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਹੋ ਜਾਂਦਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਲੜਕੀਆਂ ਹਨ। ਸਰਵੇਖਣ ਵਿੱਚ 15 ਤੋਂ 19 ਸਾਲ ਦੀ ਉਮਰ ਦੀਆਂ 6.8 ਫੀਸਦੀ ਕੁੜੀਆਂ ਬਾਲ ਵਿਆਹ ਕਾਰਨ ਗਰਭਵਤੀ ਜਾਂ ਮਾਵਾਂ ਪਾਈਆਂ ਗਈਆਂ। ਲੜਕੀਆਂ ਵਿਰੁੱਧ ਜਿਨਸੀ ਅਪਰਾਧਾਂ ਵਿੱਚ ਵੀ ਵਾਧਾ ਹੋਇਆ ਹੈ। ਬੇਸ਼ੱਕ ਭਾਰਤੀ ਸੰਸਕ੍ਰਿਤੀ ਵਿੱਚ ਕੰਨਿਆ ਨੂੰ ਲਕਸ਼ਮੀ ਮੰਨਿਆ ਜਾਂਦਾ ਹੈ ਅਤੇ ਕਈ ਮੌਕਿਆਂ 'ਤੇ ਪੂਜਾ ਕੀਤੀ ਜਾਂਦੀ ਹੈ, ਪਰ ਸਮਾਜ ਵਿੱਚ ਮੌਜੂਦ ਕੁਝ ਸ਼ੈਤਾਨ ਲੋਕਾਂ ਕਰਕੇ ਦੇਸ਼ ਵਿੱਚ ਦੇਵੀ ਵਜੋਂ ਪੂਜਣ ਵਾਲੀਆਂ ਕੁੜੀਆਂ ਅਸੁਰੱਖਿਅਤ ਹਨ। 2021 'ਚ ਲੜਕੀਆਂ ਨਾਲ ਬਲਾਤਕਾਰ ਦੇ 37,511 ਮਾਮਲੇ ਦਰਜ ਕੀਤੇ ਗਏ ਜੋ 2022 'ਚ ਵਧ ਕੇ 38,030 ਹੋ ਗਏ। 2023 ਵਿੱਚ ਇਹ ਅੰਕੜੇ 32000 ਦੇ ਕਰੀਬ ਸਨ। ਇਸੇ ਤਰ੍ਹਾਂ ਜਿਨਸੀ ਹਮਲਿਆਂ ਦੀ ਗਿਣਤੀ ਵਿੱਚ 3.1 ਪ੍ਰਤੀਸ਼ਤ ਅਤੇ ਜਿਨਸੀ ਉਤਪੀੜਨ ਵਿੱਚ 10.4 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਭਾਰਤ ਉਦੋਂ ਤੱਕ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਵੇਗਾ ਜਦੋਂ ਤੱਕ ਲੜਕੀਆਂ ਅਤੇ ਲੜਕਿਆਂ ਦੋਵਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਦੇ ਬਰਾਬਰ ਮੌਕੇ ਨਹੀਂ ਦਿੱਤੇ ਜਾਂਦੇ। ਹਰ ਬੱਚਾ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਦਾ ਹੱਕਦਾਰ ਹੈ, ਪਰ ਉਨ੍ਹਾਂ ਦੇ ਜੀਵਨ ਵਿੱਚ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਦੇ ਜੀਵਨ ਵਿੱਚ ਲਿੰਗ ਅਸਮਾਨਤਾਵਾਂ ਇਸ ਅਸਲੀਅਤ ਵਿੱਚ ਰੁਕਾਵਟ ਪਾਉਂਦੀਆਂ ਹਨ। ਸਿੱਖਿਆ, ਜੀਵਨ ਦੇ ਹੁਨਰਾਂ, ਖੇਡਾਂ ਅਤੇ ਹੋਰ ਬਹੁਤ ਕੁਝ ਵਿੱਚ ਨਿਵੇਸ਼ ਕਰਕੇ ਅਤੇ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਕੇ ਲੜਕੀਆਂ ਦੀ ਮਹੱਤਤਾ ਨੂੰ ਉੱਚਾ ਚੁੱਕਣਾ ਮਹੱਤਵਪੂਰਨ ਹੈ। ਰਾਜਨੀਤਕ ਆਧਾਰ 'ਤੇ ਲੜਕੀਆਂ 'ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਮੁਆਫ਼ ਕਰਨਾ ਜਾਂ ਉਨ੍ਹਾਂ ਦੀ ਰੱਖਿਆ ਕਰਨਾ ਵੀ ਇੱਕ ਗੰਭੀਰ ਸਮਾਜਿਕ ਅਪਰਾਧ ਹੈ। ਲੜਕੀਆਂ ਦੀ ਮਹੱਤਤਾ ਨੂੰ ਵਧਾ ਕੇ ਅਸੀਂ ਸਮੂਹਿਕ ਤੌਰ 'ਤੇ ਖ਼ਾਸ ਨਤੀਜਿਆਂ ਦੀ ਪ੍ਰਾਪਤੀ ਵਿੱਚ ਯੋਗਦਾਨ ਪਾ ਸਕਦੇ ਹਾਂ।

ਸਾਡੇ ਦੇਸ਼ ਦੀਆਂ ਧੀਆਂ ਬਹੁਤ ਸਮਝਦਾਰ ਅਤੇ ਮਿਹਨਤੀ ਹਨ, ਜੇਕਰ ਉਨ੍ਹਾਂ ਨੂੰ ਉੱਡਣ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਦੀ ਉਡਾਰੀ ਲੜਕਿਆਂ ਨਾਲੋਂ ਲੰਮੀ ਅਤੇ ਉੱਚੀ ਹੋ ਨਿੱਬੜਦੀ ਹੈ। ਦੇਖਣ ਵਿੱਚ ਆਇਆ ਹੈ ਕਿ ਰਾਜਨੀਤਕ, ਪ੍ਰਸ਼ਾਸਨਿਕ ਅਤੇ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਔਰਤਾਂ ਜ਼ਿਆਦਾ ਸਫਲ ਰਹੀਆਂ ਹਨ। ਸਿਆਣੇ ਕਹਿੰਦੇ ਹਨ ਕਿ ਧੀ ਬਿਨਾਂ ਪਰਿਵਾਰ ਅਧੂਰਾ ਹੈ, ਇਹ ਬਿਲਕੁਲ ਸੱਚ ਕਿਹਾ ਹੈ ਧੀਆਂ ਦੀ ਅਹਿਮੀਅਤ ਉਨ੍ਹਾਂ ਨੂੰ ਜ਼ਿਆਦਾ ਪਤਾ ਹੈ, ਜਿਨ੍ਹਾਂ ਕੋਲ ਧੀ ਨਹੀਂ ਹੈ। ਧੀਆਂ ਹੀ ਮਾਵਾਂ, ਦਾਦੀ, ਨਾਨੀ ਬਣਦੀਆਂ ਹਨ, ਧੀਆਂ ਤੋਂ ਬਿਨਾਂ ਦੁਨੀਆ ਅੱਗੇ ਨਹੀਂ ਵਧ ਸਕਦੀ। ਧੀਆਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਤਿਹਾਈ ਹਿੱਸਾ ਹੀ ਆਪਣੇ ਮਾਪਿਆਂ ਕੋਲ ਰਹਿਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਵਿਆਹ ਤੋਂ ਬਾਅਦ ਬਹੁਤ ਸਾਰੀਆਂ ਕੁੜੀਆਂ ਨੂੰ ਪਰਾਏ ਘਰ ਦੇ ਅਨੁਕੂਲ ਹੋਣ ਲਈ ਬਹੁਤ ਸਮਾਂ ਲੱਗ ਜਾਂਦਾ ਹੈ, ਇਸੇ ਲਈ ਹਰ ਧੀ ਵਿਆਹ ਵਾਲੇ ਦਿਨ ਭਾਵੁਕ ਹੋ ਕੇ ਆਪਣੀ ਮਾਂ ਨੂੰ ਆਖਦੀ ਹੈ;

ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ...



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਦੀਵਾਲੀ ਤੇ ਬੰਦੀ ਛੋੜ ਦਿਵਸ

ਰਮਾਇਣ ਦੱਸੇ ਜਿੱਤ ਰਾਵਣ ਨੂੰ, ਜਦੋਂ ਰਾਮ ਅਯੁੱਧਿਆ ਆਏ।
ਚੌਦਾਂ ਸਾਲ ਬਣਵਾਸ ਕੱਟ ਕੇ, ਲੋਕਾਂ ਖੁਸ਼ੀ 'ਚ ਦੀਵੇ ਜਗਾਏ।
ਚਾਰ ਚੁਫ਼ੇਰੇ ਵੱਜੇ ਢੋਲ ਢਮੱਕੇ, ਪਰਜਾ ਖੜ੍ਹ ਗਈ ਬੰਨ੍ਹ ਕਤਾਰਾਂ।
ਜੈ ਸੀਤਾ ਰਾਮ ਦੇ ਬੋਲ ਗੂੰਜਦੇ, ਵੱਜੇ ਸ਼ਹਿਨਾਈ ਵਿੱਚ ਬਜ਼ਾਰਾਂ।

ਤਖਤੋਂ ਭਰਤ ਖੜਾਵਾਂ ਚੁੱਕੀਆਂ, ਵੱਡੇ ਭਰਾਤਾ ਨੂੰ ਰਾਜ ਬਿਠਾਵੇ।
ਦਿਲੋਂ ਜਾਨ ਨਾਲ ਕਰਦਾ ਸੇਵਾ, ਸਵਾਗਤ ਵਿੱਚ ਰੀਝ ਰਿਝਾਵੇ।
ਉੱਚੇ ਸਿੰਘਾਸਨ ਉੱਤੇ ਬਿਠਾਏ, ਮਰਿਯਾਦਾ ਪਰਸ਼ੋਤਮ ਰਾਮ।
ਝੁਕ ਨਮਸਕਾਰ ਕਰਦੇ ਦੇਵਤੇ, ਨਾਲੇ ਉੱਚਰਦੇ ਸਭ ਜੈ ਰਾਮ।

ਇਹ ਚਾਨਣ ਦਾ ਤਿਉਹਾਰ, ਇਉਂ ਲਿਖਿਆ ਵਿੱਚ ਇਤਿਹਾਸ।
ਸਿੱਖਾਂ ਦੇ ਤੀਸਰੇ ਪਾਤਿਸ਼ਾਹ, ਦੀਵਾਲੀ ਬੈਸਾਖੀ ਚੁਣ ਕੇ ਖਾਸ।
ਧਰਮ ਪ੍ਰਚਾਰ ਕੀਤਾ ਸ਼ੁਰੂ, ਗੁਰੂ ਅਮਰ ਦਾਸ ਨੇ ਮੰਜੀ ਥਾਪ।
ਆਉ ਸਿੱਖੋ ਰਲ ਨਾਮ ਜਪੋ, ਤਾਰੋ ਦੂਸਰੇ ਤਾਈਂ ਤੇ ਖੁਦ ਆਪ।

ਸ਼ਹੀਦ ਕਰ ਗੁਰੂ ਅਰਜਨ, ਜਹਾਂਗੀਰ ਲਾਏ ਜੁਰਮਾਨੇ ਭਾਰੀ।
ਬਾਲ ਗੁਰੂ ਹਰਗੋਬਿੰਦ ਤੋਂ, ਵੱਡੀ ਰਕਮ ਗਈ ਨਾ ਉਤਾਰੀ।
ਕਰ ਲਏ ਗ੍ਰਿਫਤਾਰ ਫਿਰ, ਸੁੱਟੇ ਕਿਲ੍ਹੇ ਗਵਾਲੀਅਰ ਦੀ ਜੇਲ੍ਹ।
ਢਿੱਲਾ ਹੋਏ ਜਹਾਂਗੀਰ ਤਾਂ, ਫ਼ਕੀਰ ਦੱਸਦਾ ਕੀ ਹੈ ਸਾਰਾ ਖੇਲ੍ਹ।

ਕਹੇ ਫ਼ਕੀਰ ਬਾਦਸ਼ਾਹ ਨੂੰ, ਸੱਚੇ ਪਾਤਸ਼ਾਹ ਨੂੰ ਕੀਤਾ ਤੂੰ ਕੈਦ।
ਬੇਕਸੂਰੇ ਨੂੰ ਤਸੀਹੇ ਦੇ ਕੇ, ਜਾਪੇ ਭੁੱਲ ਗਿਐਂ ਖੁਦਾ ਤੂੰ ਸ਼ਾਇਦ।
ਜੇ ਅਜ਼ਾਦ ਕਰ ਦੇਂ ਉਸਨੂੰ, ਤੇਰੇ ਮਾਫ਼ ਹੋ ਜਾਣ ਸਾਰੇ ਗੁਨਾਹ।
ਵਰਨਾਂ ਹੋ ਜਾਉ ਤਿਆਰ, ਕੁਦਰਤ ਕਰ ਨਾ ਦੇਵੇ ਫ਼ਨਾਹ।

ਸੁਣਿਆ ਜਦੋਂ ਬਾਦਸ਼ਾਹ, ਦਰਬਾਰੀਆਂ ਨਾਲ ਕਰੇ ਸਲਾਹ।
ਛੱਡ ਦੇਈਏ ਦਰਵੇਸ਼ ਨੂੰ, ਤਾਂਕਿ ਬੱਚ ਜਾਈਏ ਹੋਣੋਂ ਤਬਾਹ।
ਸੋਚ ਸਮਝ ਵਿਚਾਰ ਕੇ, ਬਾਦਸ਼ਾਹ ਕਰ ਦਿੱਤਾ ਫੁਰਮਾਨ।
ਛੱਡ ਦਿੱਤੇ ਛੇਵੇਂ ਪਾਤਸ਼ਾਹ, 52 ਰਾਜੇ ਦੇ ਕੇ ਪੂਰਾ ਇੱਜ਼ਤ ਮਾਨ।

ਇੰਝ ਬੰਦੀ ਛੋੜ ਦੇ ਦਿਨ, ਗੁਰੂ ਜੀ ਪਹੁੰਚ ਗਏ ਅੰਮ੍ਰਿਤਸਰ।
ਸਿੱਖਾਂ ਦੀਪਮਾਲਾ ਕਰ ਕੇ, ਮਨਾਈ ਦੀਵਾਲੀ ਫਿਰ ਹਰ ਘਰ।
ਰਲ ਹਿੰਦੂ ਸਿੱਖ ਮਨਾਉਂਦੇ, ਜਗਮਗ ਕਰੇ ਸਿਫ਼ਤੀ ਦਾ ਘਰ।
ਮਜ਼ਬਾਂ ਦਾ ਹਨ੍ਹੇਰਾ ਦੂਰ ਕਰੇ, ਦਿਲਾਂ 'ਚ ਪਰਕਾਸ਼ ਜਾਵੇ ਭਰ!

- ਸੇਵਾ ਸਿੰਘ "ਨੂਰਪੁਰੀ"

ਸਿਜਦਾ

ਮਾਨਵਤਾ ਦਾ ਆਸ਼ਕ ਸੀ ਜੋ, ਗਿਆਨੀ ਤੇ ਵਿਗਿਆਨੀ।
ਗੁਰੂ ਨਾਨਕ ਜਿਹਾ ਜੱਗ ਤੇ ਲੋਕੋ, ਮਿਲਣਾ ਨਹੀਂ ਕੋਈ ਸਾਨੀ।

ਹਿੰਦੋਸਤਾਨ ਦਾ ਚੱਪਾ-ਚੱਪਾ, ਦੇਸ਼-ਵਿਦੇਸ਼ ਸੀ
ਗਾਹਿਆ।ਮਰਦਾਨੇ ਨੂੰ ਸਾਥੀ ਲੈ ਕੇ, ਰੱਬੀ ਨਾਦ ਸੁਣਾਇਆ।

ਸੱਜਣ ਠੱਗ ਜਾਂ ਕੌਡਾ ਰਾਖਸ਼, ਜਾਂ ਫਿਰ ਵਲੀ ਕੰਧਾਰੀ।
ਲੋਕ-ਭਲਾਈ ਕਰਨ ਲੱਗੇ, ਸਭ ਭੇਖੀ ਤੇ ਹੰਕਾਰੀ।

ਕਰਮਕਾਂਡ ਤੇ ਜਾਤ-ਪਾਤ ਦਾ, ਭੇਦ ਮਿਟਾਇਆ ਬਾਬੇ।
ਲਾਲੋ ਨੂੰ ਉਸ ਗਲ਼ ਨਾਲ ਲਾਇਆ, ਭਾਗੋ ਵਰਗੇ ਜਾਗੇ।

ਮੰਗਿਆ ਸਰਬੱਤ ਦਾ ਭਲਾ, ਤੇ ਸਭ ਨੂੰ ਸੀ ਇੱਕ ਕੀਤਾ।
ਨਾਰੀ ਨੂੰ ਉੱਚ-ਰੁਤਬਾ ਦਿੱਤਾ, ਪਾਟਿਆਂ ਨੂੰ ਉਸ ਸੀਤਾ।

ਬਾਬਰ ਨੂੰ ਉਸ ਜਾਬਰ ਕਹਿ ਕੇ, ਫਿੱਟ ਲਾਹਨਤ ਸੀ ਪਾਈ।
ਗੁਰੂ ਬਾਬੇ ਦੇ ਕੌਤਕ ਅੱਜ ਤੱਕ, ਗਾਵੇ ਸੁਣੇ ਲੋਕਾਈ।

ਹਿੰਦੂ-ਮੁਸਲਿਮ ਦੱਬੇ-ਕੁਚਲੇ, ਉਸ ਲਈ ਸਨ ਇਕ ਜੈਸੇ।
ਕੁੱਲ ਦੁਨੀਆਂ ਲਈ ਅਜਬ ਬਾਤ ਹੈ, ਕੰਮ ਕੀਤੇ ਨੇ ਕੈਸੇ।

ਨਾਥਾਂ, ਪੀਰਾਂ, ਜੋਗੀਆਂ ਨੇ ਜਦ, ਸੁਣੀ ਗੁਰੂ ਦੀ ਬਾਣੀ।
ਮਿਟ ਗਈ ਹਉਮੈ ਸੀਸ ਝੁਕਾਇਆ, ਬਣ ਗਏ ਉਹਦੇ ਹਾਣੀ।

ਲਹਿਣੇ ਨੂੰ ਗੁਰੂ ਅੰਗਦ ਬਣਾ ਕੇ, ਸੌਂਪ ਦਿੱਤੀ ਗੁਰਿਆਈ।
ਪੁੱਤਰਾਂ ਨੂੰ ਇੱਕ ਪਾਸੇ ਕੀਤਾ, ਰੀਤੀ ਨਵੀਂ ਚਲਾਈ।

ਗੁਰੂ ਬਾਬੇ ਦਾ ਜਸ ਤੇ ਬਾਣੀ, ਸੁਣੀ ਬੇਟੀ ਜਦ 'ਰੂਹੀ'।
ਨਿੱਤ ਸਵੇਰੇ 'ਜਪੁਜੀ' ਪੜ੍ਹਦੀ, ਕਰਦੀ ਤੂੰ ਹੀ ਤੂੰ ਹੀ।

ਆਓ ਸਾਰੇ ਰਲ਼ ਕੇ ਆਪਾਂ, ਬਾਣੀ ਗੁਰੂ ਦੀ ਗਾਈਏ।
ਚੜ੍ਹਦੀ ਕਲਾ 'ਚ ਰਹੀਏ, ਨਾਲ਼ੇ ਸਭ ਦੀ ਖ਼ੈਰ ਮਨਾਈਏ।

ਪ੍ਰੋ. ਨਵ ਸੰਗੀਤ ਸਿੰਘ

ਦਵਈਆ ਛੰਦ:-

ਦੀਵਾਲੀ ਦੇ ਸੱਤ ਦੀਵੇ

ਕੁਝ ਤਾਂ ਮੈਂ ਵੀ ਕਰ ਦਿਖਲਾਵਾਂ, ਨਿਸ਼ਚਾ ਕਰ ਲਾਂ ਕੇਰਾਂ।
ਦੁਨੀਆਂ ਦੇ ਹਰ ਕੋਨੇ ਅੰਦਰ, ਚਾਨਣ ਪਿਆ ਬਖੇਰਾਂ।
ਰਾਤੀਂ ਇਸ ਦੀਵਾਲੀ ਨੂੰ ਮੈਂ, ਦੀਵੇ ਸੱਤ ਜਗਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਲਟਲਟ ਬਲੇ ਪਿਆਰ ਦਾ ਦੀਵਾ, ਹਰ ਹਿਰਦੇ ਦੇ ਅੰਦਰ।
ਹਰ ਇੱਕ ਰੂਹ ਹੀ ਕਰੇ ਇਬਾਦਤ, ਹਰ ਇੱਕ ਦਿਲ ਹੀ ਮੰਦਰ।
ਵੈਰ ਵਿਰੋਧ ਈਰਖਾ ਸਾੜੇ, ਜੜ੍ਹ ਤੋਂ ਪੁੱਟ ਦਿਖਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਵਾਂ।

ਤੰਦਰੁਸਤੀ ਦਾ ਦੀਵਾ ਦੂਜਾ, ਕੰਚਨ ਹੋਵੇ ਕਾਇਆ।
ਸਦਾ ਨਿਰੋਗ ਰਹੇ ਹਰ ਕੋਈ, ਗ਼ਮ ਦਾ ਪਵੇ ਨਾ ਛਾਇਆ।
ਹਰ ਬੂਟਾ ਹੀ ਹਰਿਆ ਹੋਵੇ, ਸਦ ਹੀ ਪਾਣੀ ਪਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਬਾਲਾਂ ਇੱਕ ਵਿਵੇਕ ਦਾ ਦੀਵਾ, ਭਰਮ ਭੁਲੇਖਾ ਜਾਵੇ।
ਝੂਠੇ ਛੱਪਰ ਟੁੱਟੀ ਜਾਵਣ, ਗਿਆਨ ਹਨੇਰੀ ਆਵੇ।
ਵਿੱਦਿਆ, ਬੁੱਧੀ, ਸੂਝ ਬੂਝ ਦਾ, ਚਾਨਣ ਖੂਬ ਫੈਲਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਧਨ ਦਾ ਦੀਵਾ ਕਰੇ ਰੋਸ਼ਨੀ, ਹਰਕਿ ਬਨੇਰੇ ਉੱਤੇ।
ਹਰਘਰ ਵਿੱਚ ਲੱਛਮੀ ਆਵੇ, ਖੁਸ਼ਹਾਲੀ ਦੀ ਰੁੱਤੇ।
ਸਭ ਦੀ ਲੋਚਾ ਪੂਰੀ ਹੋਵੇ, ਦਿਲ ਤੋਂ ਕਰਾਂ ਦੁਆਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਹਾਸਿਆਂ ਵਾਲਾ ਦੀਵਾ ਜਗਦਾ, ਲਾਟ ਏਸ ਦੀ ਨੱਚੇ।
ਖਿੜਦੇ ਦਿੱਸਣ ਸਭ ਨਰ-ਨਾਰੀ, ਜੀਕਣ ਹੱਸਦੇ ਬੱਚੇ।
ਖੁਸ਼ੀਆਂ ਦਾ ਦੀਵਾ ਚੌਮੁਖੀਆ, ਸਾਂਝੀ ਥਾਂ ਵੀ ਲਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਦੀਵਾ ਇੱਕ ਸਹਿਜ ਦਾ ਐਸਾ, ਮੱਠਾ ਚਾਨਣ ਦੇਵੇ।
ਸ਼ਾਂਤੀ ਅਤੇ ਨਿਮਰਤਾ ਵਰਗੇ, ਮਿਲਣ ਨਾ ਕਿਧਰੇ ਮੇਵੇ।
'ਜੀਓ ਅਤੇ ਜੀਉਣ ਦੇਵੋ', ਸਭ ਨੂੰ ਸਬਕ ਪੜ੍ਹਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਸੱਤਵਾਂ ਦੀਵਾ ਸਿਦਕ ਦਾ ਜੇ ਉਸ ਇੱਕ ਸੱਚੇ ਤੇ ਆਵੇ।
ਜਿਸ ਨੇ ਸਭ ਨੂੰ ਪੈਦਾ ਕੀਤਾ, ਸਭ ਨੂੰ ਰਿਜ਼ਕ ਪੁਚਾਵੇ।
ਨਾਮ ਓਸ ਦਾ ਕਦੇ ਨਾ ਭੁੱਲਾਂ, ਰਾਤ ਦਿਨੇ ਪਿਆ ਗਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਸੱਤੇ ਦੀਵੇ ਬਲ੍ਹਦੇ ਸਾਰੇ, ਇੱਕ ਸੇਧ ਵਿੱਚ ਰੱਖਾਂ।
ਸਦਾ ਰੋਸ਼ਨੀ ਦੇਵਣ ਵਾਲੇ, ਦੀਵੇ ਜਗਣੇ ਲੱਖਾਂ।
ਹਰ ਦਿਲ ਤਾਈਂ ਧੜਕਣ ਦੇਵਾਂ, ਨੱਚਾਂ ਅਤੇ ਨਚਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਜਸਵਿੰਦਰ ਸਿੰਘ ਰੁਪਾਲ
9814715796

ਰੌਸ਼ਨੀਆਂ ਦਾ ਤਿਓਹਾਰ

ਦੀਵਾਲੀ ਆਈ ਦੀਵਾਲੀ ਆਈ,
ਖ਼ੁਸ਼ੀਆਂ ਖੇੜੇ ਨਾਲ ਲਿਆਈ।
ਰੌਸ਼ਨੀਆਂ ਦਾ ਇਹ ਤਿਉਹਾਰ,
ਰੌਣਕ ਲੱਗਦੀ ਸ਼ਹਿਰ ਬਜ਼ਾਰ।
ਸਭ ਨੇ ਸੋਹਣੇ ਕੱਪੜੇ ਪਾਉਂਦੇ,
ਸਜੀਆਂ ਦੁਕਾਨਾਂ ਵੇਖਣ ਆਉਂਦੇ।
ਲੜੀਆਂ ਨੇ ਜੱਗ ਮੱਗ ਕਰਦੀਆਂ,
ਚਾਨਣ ਨਾਲ ਚੁਫ਼ੇਰਾ ਭਰਦੀਆਂ।
ਮੰਜਿਆਂ ਦੇ ਉੱਤੇ ਰੱਖੇ ਪਟਾਕੇ,
ਵੱਡੇ ਛੋਟੇ ਸਭ ਖ਼ਰੀਦਣ ਆ ਕੇ।
ਕਿਧਰੇ ਫੁੱਲ ਝੜੀਆਂ ਤੇ ਅਨਾਰ,
ਕਿੰਨੇ ਸੋਹਣੇ ਬਣਾ ਟੰਗੇ ਹਾਰ।
ਰੰਗ ਬਰੰਗੀਆਂ ਨੇ ਮਠਿਆਈਆਂ,
ਮੇਜ਼ਾਂ ਤੇ ਕਿਵੇਂ ਰੱਖ ਸਜਾਈਆਂ।
ਸੁਵਾਣੀਆ ਵੀ ਘਰ ਖੂਬ ਸ਼ਿੰਗਾਰੇ,
ਸਭਨਾਂ ਦੇ ਤਾਂਈ ਲੱਗਦੇ ਪਿਆਰੇ।
ਦੀਵਿਆਂ ਵਿੱਚ ਤੇਲ ਅਸੀਂ ਪਾ ਕੇ,
ਰੱਖੇ ਬਨੇਰੇ ਤੇ ਕਤਾਰ ਬਣਾਕੇ।
ਇੱਕ ਪਾਸੇ ਮਸ਼ਾਲ ਜਗਾਈ,
ਉਸ ਨੇ ਰੌਸ਼ਨੀ ਹੋਰ ਵਧਾਈ।
ਮਠਿਆਈ ਖਾਂਧੀ ਤੇ ਪਟਾਕੇ ਚਲਾਏ,
ਪੱਤੋ, ਨੂੰ ਖੂਬ ਨਜ਼ਾਰੇ ਆਏ।

ਹਰਪ੍ਰੀਤ ਪੱਤੋ

ਦੀਵਾਲੀ



ਦੀਵਾਲੀ ਦੀ ਰਾਤ ਸੁਹਾਣੀ।
ਹਰਿਮੰਦਿਰ ਵਿਚ ਅੰਮ੍ਰਿਤ ਬਾਣੀ।
ਕਰਮਾਂ ਵਾਲੇ ਕਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।
ਹਰਗੋਬਿੰਦ ਜੀ ਵਾਪਸ ਆਏ।
ਬਵੰਜਾ ਰਾਜੇ ਨਾਲ ਲਿਆਏ।
ਅੰਬਰੋਂ ਤਾਰੇ ਲਹਿਣ ਉਹ ਬਾਬਾ
ਦੀਵੇ ਜਗਦੇ ਰਹਿਣ ਉਹ ਬਾਬਾ।
ਭਰਤ, ਖੜਾਵਾਂ-ਤਖ਼ਤ ਸਜਾਕੇ।
ਰਾਮ-ਲਕਛਮਣ ਬੈਠੇ ਆਕੇ।
ਮੋਹ ਦੇ ਦਰਿਆ ਵਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।
ਖ਼ੁਸ਼ਬੂ ਇਕ ਹੈ ਸਭ ਧਰਮਾਂ ਦੀ।
ਭਾਰਤ ਮਾਂ ਦੇ ਸ਼ੁੱਭ ਕਰਮਾਂ ਦੀ।
ਫੁੱਲਾਂ ਲੱਦੀ ਟਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।
ਘਰ-ਘਰ ਦੇ ਵਿਚ ਤੋਟ ਨਾ ਆਵੇ।
ਰਿਸ਼ਤਿਆਂ ਦੇ ਵਿਚ ਖੋਟ ਨਾ ਆਵੇ।
ਰਲ-ਮਿਲ ਸਾਰੇ ਬਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।
ਚਮਨ ਚੋਂ ਕੋਈ ਫੁੱਲ ਨਾ ਟੁੱਟੇ।
ਨੇਰ੍ਹੀ ਝੱਖੜ ਚਾਅ ਨਾ ਲੁੱਟੇ।
ਉਡਦੀਆਂ ਤਿਤਲੀਆਂ ਬਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।
ਬਾਲਮ ਮੇਰਾ ਭਾਰਤ ਮੰਦਿਰ।
ਅਰਚਨ ਪੂਜਾ ਇਸ਼ਦੇ ਅੰਦਰ।
ਰੱਬ ਦੀਆਂ ਮਿਹਰਾਂ ਕਹਿਣ ਉਹ ਬਾਬਾ।
ਦੀਵੇ ਜਗਦੇ ਰਹਿਣ ਉਹ ਬਾਬਾ।

ਬਲਵਿੰਦਰ ਬਾਲਮ ਗੁਰਦਾਸਪੁਰ
9815625409

ਹਰੀ ਦੀਵਾਲੀ

ਰੌਸ਼ਨੀਆਂ ਦਾ ਇਹ ਤਿਉਹਾਰ
ਗਹਿਮਾ-ਗਹਿਮੀ ਵਿੱਚ ਬਜ਼ਾਰ।

ਆਤਿਸ਼ਬਾਜ਼ੀ, ਫੁਲਝੜੀਆਂ ਤੇ
ਨਾਲ਼ੇ ਵਿਕਦੇ ਪਏ ਅਨਾਰ।

ਮੇਲਾ ਹੈ ਇਹ ਖ਼ੁਸ਼ੀਆਂ ਵਾਲ਼ਾ
ਸਜਧਜ ਕੇ ਸਭ ਹੋਏ ਤਿਆਰ।

ਮੋਮਬੱਤੀਆਂ, ਦੀਵਿਆਂ ਦੇ ਨਾਲ਼
ਸਜੀ ਹੋਈ ਹੈ ਹਰ ਦੀਵਾਰ।

ਸ਼ਰਧਾ ਤੇ ਸਤਿਕਾਰ ਵਜੋਂ ਨੇ
ਭਰੇ ਹੋਏ ਮੰਦਰ, ਗੁਰ-ਦੁਆਰ।

ਸ਼ੋਰ, ਪਟਾਕੇ ਅਤੇ ਧੂੰਏਂ ਤੋਂ
ਤੋਬਾ ਕਰੀਏ ਮੇਰੇ ਯਾਰ!

ਪ੍ਰਦੂਸ਼ਣ ਤੋਂ ਮੁਕਤ ਰਹਾਂਗੇ
ਸਿਹਤਮੰਦ ਹੋਵੇ ਸੰਸਾਰ।

ਹਰੀ ਦੀਵਾਲੀ ਹੋਵੇ ਜੇਕਰ
ਖ਼ੁਸ਼ੀਆਂ ਦੀ ਮਹਿਕੇ ਗ਼ੁਲਜ਼ਾਰ।

ਮਿਲਜੁਲ ਸਾਰੇ ਖ਼ੁਸ਼ੀ ਮਨਾਈਏ
ਹਰ ਇੱਕ ਦਾ ਕਰੀਏ ਸਤਿਕਾਰ।

ਗਿਆਨ ਦਾ ਦੀਪਕ ਵੀ ਰੁਸ਼ਨਾਈਏ
ਮਿਹਰ ਕਰੇ ਸਭ ਤੇ ਕਰਤਾਰ।

ਜਜ਼ਬਾ ਜੇਕਰ ਹੋਏ ਅਜੇਹਾ
ਹੋਵਾਂਗੇ ਨਾ ਕਦੇ ਖ਼ੁਆਰ।

ਹੁਕਮ-ਆਦੇਸ਼ ਨਹੀਂ ਹੈ ਕੋਈ
'ਨਵ ਸੰਗੀਤ' ਦਾ ਬਾਲ-ਪਿਆਰ।



ਪ੍ਰੋ. ਨਵ ਸੰਗੀਤ ਸਿੰਘ
9417692015

ਫੇਸ-ਬੁਕ ਬਨਾਮ ਫੀਲਡ

ਸੋਸ਼ਲ ਮੀਡੀਆ ਚੰਦ ਦੀ ਚਾਨਣੀ ਏਂ
ਸੂਰਜ ਚੜ੍ਹਦਿਆਂ ਛਪਨ ਚਕੋਰ ਹੁੰਦੇ।
'ਨੈਰੇਟਿਵ' ਬਣਾਉਂਦਾ ਕੋਈ ਹੋਰ ਭਾਵੇਂ
ਲੇਕਿਨ ਪੈ ਜਾਂਦੇ 'ਚੋਰਾਂ 'ਤੇ ਮੋਰ' ਹੁੰਦੇ।
ਕੱਚੇ ਕੰਨਾਂ ਦੇ ਕਾਹਲੀ ਵਿੱਚ ਭੱਜਦੇ ਐ
ਸ਼ਾਂਤ ਹੋ ਕੇ ਫਿਰ ਬਦਲਦੇ 'ਤੋਰ' ਹੁੰਦੇ।
ਉਦੋਂ 'ਕੌਲ-ਇਕਰਾਰ' ਸਭ ਭੁੱਲ ਜਾਂਦੇ
ਜਦ ਕੋਈ ਰੂ-ਬਰੂ 'ਡੋਰ ਟੂ ਡੋਰ' ਹੁੰਦੇ।
ਐਗ਼ਜ਼ਿਟ ਪੋਲਾਂ ਦੇ ਅੰਕੜੇ ਪੈਣ ਫਿੱਕੇ
ਚੋਣ-ਨਤੀਜੇ ਜਦ 'ਨਵੇਂ ਨਿਕੋਰ' ਹੁੰਦੇ।
ਫੇਸ-ਬੁਕ 'ਤੇ ਪਾਰਾ ਤਾਂ ਰਹੇ ਚੜ੍ਹਿਆ
ਫੀਲਡ ਵਿੱਚ ਹਾਲਾਤ 'ਕੁੱਝ ਹੋਰ' ਹੁੰਦੇ!



-ਤਰਲੋਚਨ ਸਿੰਘ ਦੁਪਾਲਪੁਰ
001-408-905-5517

ਚਾਨਣ ਦੀ ਭਾਲ

ਕਾਲਖ਼ ਦੇ ਇਸ ਦੌਰ ਵਿੱਚ, ਚਾਨਣ ਦੀ ਭਾਲ ਹੈ,
ਨਫ਼ਰਤ ਦੇ ਇਸ ਸ਼ਹਿਰ ਵਿੱਚ, ਮੁਹੱਬਤ ਦੀ ਭਾਲ ਹੈ।

ਸੁੱਕੇ ਰੁੱਖ ਉਦਾਸ ਨੇ, ਉੱਜੜੇ ਗੁਲਜ਼ਾਰ ਨੇ,
ਵੀਰਾਨ ਦਿਲਾਂ ਦੇ ਵਿੱਚ, ਬਹਾਰਾਂ ਦੀ ਭਾਲ ਹੈ।

ਭੁੱਖ ਨੇ ਖੋਹੇ ਸੁਪਨੇ ਸਭ, ਸੱਧਰਾਂ ਲਹੂ-ਲੁਹਾਨ,
ਤਪਦੀਆਂ ਹੋਈਆਂ ਰਾਹਵਾਂ, ਛਾਵਾਂ ਦੀ ਭਾਲ ਹੈ।

ਟੁੱਟੇ ਜਿਸਮ, ਥੱਕੇ ਕਦਮ, ਅੱਖਾਂ ਵਿੱਚ ਹਨੇਰ,
ਭਟਕੇ ਹੋਏ ਰਾਹੀਆਂ ਨੂੰ, ਮੰਜ਼ਿਲਾਂ ਦੀ ਭਾਲ ਹੈ।

ਘਰਾਂ ਵਿੱਚ ਗ਼ਮ ਦਾ ਵਾਸ ਹੈ, ਰੋਂਦੇ ਨਿੱਕੇ ਬਾਲ,
ਸੁੰਨੇ ਪਏ ਚੁੱਲ੍ਹਿਆਂ ਨੂੰ, ਰੋਟੀ ਦੀ ਭਾਲ ਹੈ।

ਜ਼ਹਿਰੀਲੀ ਪੌਣ ਵਗੇ, ਪਾਣੀ ਹੋਇਆ ਗੰਧਲਾ,
ਸੌਖੇ ਸਾਹਾਂ ਵਾਸਤੇ, ਰੁੱਤ ਨਵੀਂ ਦੀ ਭਾਲ ਹੈ।

'ਅਮਰ' ਦੇ ਅੱਲ੍ਹੇ ਜ਼ਖ਼ਮ ਨੇ, ਦੁੱਖਾਂ ਦੇ ਵਿਛੇ ਜਾਲ,
ਪਿਆਸੀ ਰੂਹ ਦੇ ਵਾਸਤੇ, ਛਹਿਬਰ ਦੀ ਭਾਲ ਹੈ।

ਅਮਰਜੀਤ ਦਸੂਹਾ
8968933711

ਆਦਮੀ

ਹਾਂ! ਬੜਾ ਫਰਕ ਹੁੰਦਾ ਹੈ
ਆਦਮੀ ਆਦਮੀ ਵਿਚ
ਹਰ ਆਦਮੀ ਆਦਮੀ ਨਹੀਂ ਹੁੰਦਾ
ਬੇਸ਼ੱਕ ਸਰੀਰਕ ਬਣਤਰ ਇਕਸਾਰ ਹੁੰਦੀ
ਪਰ ਮਾਨਸਿਕ ਪੱਧਰ ਨਹੀਂ ।

ਕੋਈ ਇੱਕ ਹੀ ਮਰਦ-ਅਗੰਮੜਾ ਹੁੰਦਾ
ਕੋਈ ਕੋਈ ਹੀ ਤੁਰਦੇ ਰਹਿਣ ਦਾ ਸੂਚਕ ਹੁੰਦਾ
ਕੋਈ ਵਿਰਲਾ ਹੀ ਸਰਵਣ-ਪੁੱਤਰ ਕਹਾਉਂਦਾ
ਤੇ ਹਰ ਇਕ ਦੀ ਪਤਨੀ
ਖਦੀਜਾ ਵਾਂਗ ਖੁਸ਼ਕਿਸਮਤ ਨਹੀਂ ਹੁੰਦੀ
ਕੋਈ ਟਾਵੇਂ ਹੀ ਹਮ-ਰਾਹੀ ਬਣਦੇ ।

ਕਿਸੇ ਭਾਗਾਂ ਵਾਲੀ ਨੂੰ ਹੀ
ਹਮ-ਖਿ਼?ਆਲੀ ਦਾ ਸਾਥ ਮਿਲਦਾ
ਪੋਟਿਆਂ 'ਤੇ ਗਿਣਨ ਜੋਗੇ ਹੀ
ਮੋਢੇ ਨਾਲ ਮੋਢਾ ਮਿਲਾ ਕੇ ਚਲਦੇ ਹਨ
ਬਹੁਤੇ ਤਾਂ ਦੋ ਕਦਮ ਅੱਗੇ ਹੋ ਕੇ ਚਲਦੇ
ਦੁੱਖ-ਸੁੱਖ ਦੇ ਸ਼ਰੀਕ ਘੱਟ ਹੀ ਹੁੰਦੇ
ਬਹੁਤੇ ਤਾਂ ਜਰੂਰਤਾਂ ਦੇ ਹੀ ਭਾਈਵਾਲ ਨੇ ।

ਮਾਂ-ਭੈਣ ਦੀ ਗਾਲ੍ਹ ਦਾ ਤਕੀਆ-ਕਲਾਮ
ਘਰਾਂ ਵਿਚਲੀ ਖਿੱਚੋਤਾਣ, ਘੁਟਣ
ਇਸ ਕੌੜੇ-ਸੱਚ ਦਾ ਸੂਚਕ ਹੈ ।
ਉਸ ਨੂੰ ਬੜਾ ਫਰਕ ਪੈਂਦਾ ਹੈ
ਜਿਹਦੇ ਭਾਗਾਂ ਵਿਚ ਸ਼ਰਾਬੀ-ਕਬਾਬੀ,
ਗਾਲ੍ਹ-ਮੰਦਾ ਕਰਨ ਵਾਲਾ
ਜਾਂ ਜਜਬਾਤਾਂ ਦਾ ਕਾਤਲ ਹੁੰਦਾ।

ਜੇ ਔਰਤ ਕੋਮਲਤਾ ਦੀ ਪ੍ਰਤੀਕ ਹੈ
ਤਾਂ ਆਦਮੀ ਸ਼ਕਤੀ ਦਾ ਸੂਚਕ ਹੈ
ਗ੍ਰਹਿਸਥ ਜੀਵਨ ਵਿੱਚ ਦੋਵੇਂ
ਸਾਈਕਲ ਦੇ ਦੋ ਪਹੀਏ ਹਨ
ਜੇ ਇੱਕ ਦੀ ਵੀ ਹਵਾ ਘੱਟ ਜਾਵੇ
ਸਾਈਕਲ ਕਦੀ ਰਫਤਾਰ ਨਹੀਂ ਫੜਦਾ
'ਤੇ ਜੇ ਹਵਾ ਵੱਧ ਭਰ ਜਾਵੇ
ਤਾਂ ਟਾਇਰ ਦਾ ਫਟਣਾ ਯਕੀਨੀ ਹੈ॥

ਵੀਨਾ ਬਟਾਲਵੀ
9463229499

ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਬੁਨਿਆਦੀ ਢਾਂਚੇ ਨਾਲੋਂ ਸਿੱਖਣ ਨੂੰ ਤਰਜੀਹ ਦੇਣੀ ਚਾਹੀਦੀ ਹੈ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਸਕੂਲਾਂ ਦੇ ਵਿਦਿਆਰਥੀਆਂ ਨਾਲ ਭਰੇ ਹੋਣ ਦੇ ਬਾਵਜੂਦ, ਬੁਨਿਆਦੀ ਸਾਖਰਤਾ ਅਤੇ ਸੰਖਿਆਵਾਂ ਵਰਗੇ ਬੁਨਿਆਦੀ ਹੁਨਰ ਪਛੜ ਰਹੇ ਹਨ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ, ਭਾਰਤ ਨੇ ਸਿੱਖਿਆ ਦੇ ਖੇਤਰ ਵਿੱਚ ਖਾਸ ਤੌਰ ’ਤੇ ਬੁਨਿਆਦੀ ਢਾਂਚੇ ਅਤੇ ਸਕੂਲਾਂ ਤੱਕ ਪਹੁੰਚ ਵਧਾਉਣ ਦੇ ਮਾਮਲੇ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਕਲਾਸਰੂਮ ਹੁਣ ਜੀਵਨ ਦੇ ਸਾਰੇ ਖੇਤਰਾਂ ਦੇ ਬੱਚਿਆਂ ਨੂੰ ਅਨੁਕੂਲਿਤ ਕਰਦੇ ਹਨ ਅਤੇ ਸਰਕਾਰੀ ਪਹਿਲਕਦਮੀਆਂ ਨੇ ਲੱਖਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਣਾਲੀ ਵਿੱਚ ਲਿਆਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਹਾਲਾਂਕਿ, ਇਹਨਾਂ ਪ੍ਰਾਪਤੀਆਂ ਦੇ ਬਾਵਜੂਦ, ਇੱਕ ਮਹੱਤਵਪੂਰਨ ਹਿੱਸਾ ਅਣਗੌਲਿਆ ਰਹਿੰਦਾ ਹੈ - ਸਿੱਖਣ ਦੀ ਗੁਣਵੱਤਾ। ਬੁਨਿਆਦੀ ਢਾਂਚਾ ਵਧ-ਫੁੱਲ ਰਿਹਾ ਹੋ ਸਕਦਾ ਹੈ, ਪਰ ਵਿਦਿਆਰਥੀਆਂ ਨੂੰ ਭਵਿੱਖ ਦੀ ਸਫਲਤਾ ਲਈ ਲੋੜੀਂਦੇ ਬੁਨਿਆਦੀ ਹੁਨਰ ਅਕਸਰ ਪਿੱਛੇ ਰਹਿ ਜਾਂਦੇ ਹਨ। ਇਸ ਨੂੰ ਸਮਝਣ ਲਈ, ਇੱਕ ਕਿਸਾਨ ਦੀ ਕਲਪਨਾ ਕਰੋ ਜੋ ਚੰਗੀ ਵਾਢੀ ਵਾਲੀ ਮਿੱਟੀ ਵਿੱਚ ਲਗਨ ਨਾਲ ਬੀਜ ਬੀਜਦਾ ਹੈ, ਸਿਰਫ ਵਾਢੀ ਨੂੰ ਨਾਕਾਫੀ ਸਮਝਦਾ ਹੈ ਕਿਉਂਕਿ ਬੀਜ ਮਿੱਟੀ ਦੇ ਅਨੁਕੂਲ ਨਹੀਂ ਸਨ। ਇਸੇ ਤਰ੍ਹਾਂ, ਬੁਨਿਆਦੀ ਢਾਂਚੇ ਵਿੱਚ ਭਾਰਤ ਦੀ ਵਿਦਿਅਕ ਤਰੱਕੀ ਸ਼ਲਾਘਾਯੋਗ ਹੈ, ਪਰ ਵਿਦਿਆਰਥੀਆਂ ਦੇ ਬੁਨਿਆਦੀ ਹੁਨਰ-ਸਿੱਖਿਆ ਦੇ ਬੀਜ-ਅਜੇ ਵੀ ਉਹ ਮਜ਼ਬੂਤ ਨਤੀਜੇ ਨਹੀਂ ਦੇ ਰਹੇ ਹਨ ਜਿਨ੍ਹਾਂ ਦੀ ਅਸੀਂ ਉਮੀਦ ਕਰਦੇ ਹਾਂ। ਸਾਲ ਦਰ ਸਾਲ, ਐਜੂਕੇਸ਼ਨ ਦੀ ਸਲਾਨਾ ਸਥਿਤੀ ਰਿਪੋਰਟ (ਏਐਸਈਆਰ) ਅਤੇ ਨੈਸ਼ਨਲ ਅਚੀਵਮੈਂਟ ਸਰਵੇ (ਐਨਏਐਸ) ਵਰਗੇ ਸਰਵੇਖਣ ਇੱਕ ਹੈਰਾਨ ਕਰਨ ਵਾਲੀ ਹਕੀਕਤ ਨੂੰ ਪ੍ਰਗਟ ਕਰਦੇ ਹਨ: ਵਿਦਿਆਰਥੀਆਂ ਦਾ ਇੱਕ ਵੱਡਾ ਹਿੱਸਾ ਬੁਨਿਆਦੀ ਸਾਖਰਤਾ ਅਤੇ ਸੰਖਿਆਵਾਂ ਵਰਗੇ ਜ਼ਰੂਰੀ ਹੁਨਰਾਂ ਨਾਲ ਸੰਘਰਸ਼ ਕਰਦਾ ਹੈ। ਇਹ ਸਿੱਖਿਆ ਦੇ ਨਿਰਮਾਣ ਬਲਾਕ ਹਨ, ਜਿਨ੍ਹਾਂ ਤੋਂ ਬਿਨਾਂ ਸਮੁੱਚੀ ਇਮਾਰਤ ਹਿੱਲੀ ਰਹਿੰਦੀ ਹੈ। ਵਿਦਿਆਰਥੀ ਸਕੂਲ ਵਿੱਚ ਸਾਲ ਬਿਤਾ ਰਹੇ ਹਨ, ਪਰ ਬਹੁਤ ਸਾਰੇ ਉਮੀਦ ਕੀਤੇ ਪੱਧਰ ’ਤੇ ਨਹੀਂ ਸਿੱਖ ਰਹੇ ਹਨ। ਸਕੂਲੀ ਸਿੱਖਿਆ ਅਤੇ ਅਸਲ ਸਿਖਲਾਈ ਦੇ ਵਿਚਕਾਰ ਚਿੰਤਾਜਨਕ ਪਾੜਾ ਸਿਸਟਮ ਵਿੱਚ ਇੱਕ ਮਹੱਤਵਪੂਰਨ ਨੁਕਸ ਵੱਲ ਇਸ਼ਾਰਾ ਕਰਦਾ ਹੈ। ਜੇਕਰ ਮੁੱਢਲੇ ਹੁਨਰਾਂ ਦਾ ਛੇਤੀ ਪਾਲਣ ਪੋਸ਼ਣ ਨਹੀਂ ਕੀਤਾ ਜਾਂਦਾ ਹੈ, ਤਾਂ ਵਿਦਿਅਕ ਤਰੱਕੀ ਦੇ ਲਾਭ ਅਧੂਰੇ ਰਹਿਣਗੇ, ਜਿਵੇਂ ਕਿ ਕਿਸਾਨ ਦੀ ਮਾੜੀ ਫ਼ਸਲ। ਨੈਸ਼ਨਲ ਐਜੂਕੇਸ਼ਨ ਪਾਲਿਸੀ (ਐਨਈਪੀ) 2020 ਦੀ ਸ਼ੁਰੂਆਤ ਉਮੀਦ ਦੀ ਇੱਕ ਨਵੀਂ ਭਾਵਨਾ ਲਿਆਉਂਦੀ ਹੈ। ਇਹ ਪਰਿਵਰਤਨਸ਼ੀਲ ਪਰਿਵਰਤਨ ਅਤੇ ਇੱਕ ਅਜਿਹੀ ਪ੍ਰਣਾਲੀ ਵੱਲ ਇੱਕ ਤਬਦੀਲੀ ਦਾ ਵਾਅਦਾ ਕਰਦਾ ਹੈ ਜੋ ਸਿਰਫ਼ ਸਿੱਖਿਆ ਤੱਕ ਪਹੁੰਚ ਨੂੰ ਹੀ ਨਹੀਂ, ਸਗੋਂ ਸਿੱਖਣ ਦੀ ਗੁਣਵੱਤਾ ਦੀ ਕਦਰ ਕਰਦਾ ਹੈ। ਫਾਊਂਡੇਸ਼ਨਲ ਅਤੇ ਸਕੂਲ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਫਰੇਮਵਰਕ ਦੇ ਨਾਲ, NEP 2020 ਚੰਗੀ ਤਰ੍ਹਾਂ ਡਿਜ਼ਾਈਨ ਕੀਤੇ ਮੁਲਾਂਕਣਾਂ ਦੁਆਰਾ ਵਿਦਿਅਕ ਪ੍ਰਗਤੀ ਨੂੰ ਮਾਪਣ ਅਤੇ ਉਸ ਅਨੁਸਾਰ ਅਨੁਕੂਲ ਦਖਲਅੰਦਾਜ਼ੀ ਦੀ ਲੋੜ ’ਤੇ ਜ਼ੋਰ ਦਿੰਦਾ ਹੈ।

ਟੀਚਾ ਸਪੱਸ਼ਟ ਹੈ: ਸਿਖਿਆਰਥੀਆਂ ਦੀ ਇੱਕ ਪੀੜ੍ਹੀ ਨੂੰ ਉਭਾਰਨਾ ਜੋ ਨਾ ਸਿਰਫ਼ ਗਿਆਨ ਨਾਲ ਲੈਸ ਹਨ, ਸਗੋਂ ਆਧੁਨਿਕ ਸੰਸਾਰ ਵਿੱਚ ਪ੍ਰਫੁੱਲਤ ਹੋਣ ਲਈ ਜ਼ਰੂਰੀ ਸੋਚਣ ਦੇ ਹੁਨਰ ਵੀ ਹਨ। ਖੋਜ ਲਗਾਤਾਰ ਇਹ ਦਰਸਾਉਂਦੀ ਹੈ ਕਿ ਮੁਲਾਂਕਣ ਸਿੱਖਿਆ ਨੂੰ ਸੁਧਾਰਨ ਵਿੱਚ ਇੱਕ ਪਰਿਵਰਤਨਸ਼ੀਲ ਭੂਮਿਕਾ ਨਿਭਾਉਂਦੇ ਹਨ। ਉਹਨਾਂ ਦਾ ਮੁਢਲਾ ਟੀਚਾ ਵਿਦਿਆਰਥੀਆਂ ਜਾਂ ਸਕੂਲਾਂ ਨੂੰ ਦਰਜਾਬੰਦੀ ਕਰਨਾ ਨਹੀਂ ਹੈ, ਸਗੋਂ ਇਹ ਜਾਣਕਾਰੀ ਪ੍ਰਦਾਨ ਕਰਨਾ ਹੈ ਕਿ ਵਿਦਿਆਰਥੀ ਆਪਣੀ ਵਿਦਿਅਕ ਯਾਤਰਾ ’ਤੇ ਕਿੱਥੇ ਖੜ੍ਹੇ ਹਨ। ਵਿਅਕਤੀਗਤ, ਸਕੂਲ, ਅਤੇ ਸਿਸਟਮ ਪੱਧਰਾਂ ’ਤੇ ਵਿਦਿਆਰਥੀ ਕੀ ਜਾਣਦੇ ਹਨ ਅਤੇ ਕੀ ਕਰ ਸਕਦੇ ਹਨ, ਇਸ ਦੀ ਪਛਾਣ ਕਰਕੇ, ਮੁਲਾਂਕਣ ਸਿੱਖਿਅਕਾਂ ਨੂੰ ਨਿਸ਼ਾਨਾ ਦਖਲਅੰਦਾਜ਼ੀ ਵਿਕਸਿਤ ਕਰਨ ਲਈ ਇੱਕ ਰੋਡਮੈਪ ਪੇਸ਼ ਕਰਦੇ ਹਨ ਜੋ ਖਾਸ ਸਿੱਖਣ ਦੇ ਅੰਤਰ ਨੂੰ ਹੱਲ ਕਰ ਸਕਦੇ ਹਨ। ਸਿੱਖਣ ਨੂੰ ਬਦਲਣ ਦੀ ਕੋਸ਼ਿਸ਼ ਵਿੱਚ, ASER ਅਤੇ NAS ਵਰਗੇ ਵੱਡੇ ਪੈਮਾਨੇ ਦੇ ਮੁਲਾਂਕਣ ਮਹੱਤਵਪੂਰਨ ਹੋਣਗੇ। ASER, ਇੱਕ ਘਰੇਲੂ-ਅਧਾਰਿਤ ਸਰਵੇਖਣ, ਬੁਨਿਆਦੀ ਸਾਖਰਤਾ ਅਤੇ ਅੰਕਾਂ ਦੇ ਹੁਨਰਾਂ ਵਿੱਚ ਸਮਝ ਪ੍ਰਦਾਨ ਕਰਦਾ ਹੈ, ਜਦੋਂ ਕਿ NAS ਪਾਠਕ੍ਰਮ ਦੇ ਨਤੀਜਿਆਂ ਦੀ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਇੱਕ ਵਿਆਪਕ ਦ੍ਰਿਸ਼ ਪੇਸ਼ ਕਰਦਾ ਹੈ। ਹਾਲ ਹੀ ਵਿੱਚ, ਰਾਜ ਵਿੱਦਿਅਕ ਪ੍ਰਾਪਤੀ ਸਰਵੇਖਣ (SEAS) NCERT ਦੁਆਰਾ ਵਿੱਦਿਅਕ ਪ੍ਰਗਤੀ ਵਿੱਚ ਰਾਜ-ਪੱਧਰ ਦੀ ਸੂਝ ਪ੍ਰਦਾਨ ਕਰਨ ਲਈ ਕਰਵਾਇਆ ਗਿਆ ਸੀ। ਵਿਦਿਆਰਥੀਆਂ ਦੇ ਪ੍ਰਦਰਸ਼ਨ ’ਤੇ ਸਿਰਫ਼ ਰਿਪੋਰਟ ਕਾਰਡ ਬਣਾਉਣਾ ਹੀ ਕਾਫ਼ੀ ਨਹੀਂ ਹੈ। ਡੇਟਾ ਦੀ ਵਰਤੋਂ ਨੀਤੀਗਤ ਫੈਸਲਿਆਂ ਨੂੰ ਸੂਚਿਤ ਕਰਨ ਅਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਖਾਸ ਦਖਲਅੰਦਾਜ਼ੀ ਨੂੰ ਲਾਗੂ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਕੀਤਾ ਗਿਆ ਤਾਂ ਵਿਦਿਆਰਥੀ ਇਸੇ ਤਰ੍ਹਾਂ ਦਾ ਸਾਹਮਣਾ ਕਰਦੇ ਰਹਿਣਗੇਸਾਲ ਦਰ ਸਾਲ ਚੁਣੌਤੀਆਂ, ਥੋੜ੍ਹੇ ਜਿਹੇ ਸੁਧਾਰ ਦੇ ਨਾਲ। ਵੱਡੇ ਪੈਮਾਨੇ ਦੇ ਮੁਲਾਂਕਣਾਂ ਨੂੰ ਵਿਦਿਅਕ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਇੱਕ ਵੱਡੀ ਰਣਨੀਤੀ ਵਿੱਚ ਪਹਿਲੇ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਜਦੋਂ ਕਿ NAS ਸਿੱਖਿਆ ਪ੍ਰਣਾਲੀ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਪੇਸ਼ ਕਰਦਾ ਹੈ, ਰਾਜ-ਪੱਧਰੀ ਮੁਲਾਂਕਣ ਸਰਵੇਖਣ (SAS) ਵਿੱਚ ਸਕੂਲ ਪੱਧਰ ’ਤੇ ਖਾਸ ਮੁੱਦਿਆਂ ’ਤੇ ਜ਼ੂਮ ਇਨ ਕਰਨ ਦੀ ਸਮਰੱਥਾ ਹੈ। NEP 2020 ਇਹਨਾਂ ਸਰਵੇਖਣਾਂ ਦੀ ਮਹੱਤਤਾ ਨੂੰ ਪਛਾਣਦਾ ਹੈ ਅਤੇ ਇਹ ਸਿਫ਼ਾਰਸ਼ ਕਰਦਾ ਹੈ ਕਿ ਹਰ ਰਾਜ ਲਗਾਤਾਰ ਸੁਧਾਰ ਕਰਨ ਲਈ ਆਪਣੀ ਜਨਗਣਨਾ-ਅਧਾਰਿਤ ਮੁਲਾਂਕਣ ਕਰਵਾਏ। ਸਥਾਨਕ ਸੰਦਰਭਾਂ ’ਤੇ ਧਿਆਨ ਕੇਂਦ੍ਰਤ ਕਰਕੇ, SAS ਵਿਅਕਤੀਗਤ ਰਾਜਾਂ ਦੁਆਰਾ ਦਰਪੇਸ਼ ਵਿਲੱਖਣ ਚੁਣੌਤੀਆਂ ਬਾਰੇ ਕੀਮਤੀ ਸੂਝ ਪ੍ਰਦਾਨ ਕਰ ਸਕਦਾ ਹੈ, ਵਧੇਰੇ ਨਿਸ਼ਾਨਾ ਦਖਲਅੰਦਾਜ਼ੀ ਨੂੰ ਸਮਰੱਥ ਬਣਾਉਂਦਾ ਹੈ। ਹਾਲਾਂਕਿ, SAS ਦੀ ਪ੍ਰਭਾਵਸ਼ੀਲਤਾ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਰਾਜ ਆਪਣੇ ਉਦੇਸ਼ਾਂ ਨੂੰ ਕਿੰਨੀ ਚੰਗੀ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ। SAS ਨੂੰ ਅਸਲ ਵਿੱਚ ਪ੍ਰਭਾਵਸ਼ਾਲੀ ਬਣਾਉਣ ਲਈ, ਰਾਜਾਂ ਨੂੰ ਆਪਣੇ ਮੁਲਾਂਕਣ ਢਾਂਚੇ ਨੂੰ ਸਪਸ਼ਟ ਉਦੇਸ਼ਾਂ ਨਾਲ ਇਕਸਾਰ ਕਰਨ ਦੀ ਲੋੜ ਹੈ। ਇੱਕ ਚੰਗੀ ਤਰ੍ਹਾਂ ਤਿਆਰ ਕੀਤੇ ਮੁਲਾਂਕਣ ਨੂੰ ਰਾਜ ਪੱਧਰ ’ਤੇ ਵਿਦਿਅਕ ਪ੍ਰਣਾਲੀ ਦੀਆਂ ਲੋੜਾਂ ’ਤੇ ਵਿਚਾਰ ਕਰਨਾ ਚਾਹੀਦਾ ਹੈ, ਅਤੇ ਇਕੱਤਰ ਕੀਤੇ ਗਏ ਅੰਕੜਿਆਂ ਦੀ ਵਰਤੋਂ ਸਕੂਲਾਂ ਨੂੰ ਦਰਜਾਬੰਦੀ ਕਰਨ ਦੀ ਬਜਾਏ ਸਹਾਇਤਾ ਅਤੇ ਸੁਧਾਰ ਲਈ ਕੀਤੀ ਜਾਣੀ ਚਾਹੀਦੀ ਹੈ। ਭਾਰਤ ਦੇ ਰਾਜ ਇਹ ਯਕੀਨੀ ਬਣਾਉਣ ਲਈ ਚੰਗਾ ਕਰਨਗੇ ਕਿ ਸਿੱਖਿਆ ਪ੍ਰਣਾਲੀ ਦੇ ਸਾਰੇ ਹਿੱਸੇਦਾਰ—ਅਧਿਆਪਕ, ਸਕੂਲ ਪ੍ਰਸ਼ਾਸਕ ਅਤੇ ਜ਼ਿਲ੍ਹਾ-ਪੱਧਰੀ ਸਿੱਖਿਅਕ — ਡਾਟਾ ਵਰਤੋਂ ਅਤੇ ਵਿਸ਼ਲੇਸ਼ਣ ਵਿੱਚ ਸਿਖਲਾਈ ਪ੍ਰਾਪਤ ਹਨ। ਅੱਗੇ ਦਾ ਰਸਤਾ ਚੁਣੌਤੀਪੂਰਨ ਹੈ, ਪਰ ਜਨਗਣਨਾ ਅਧਾਰਤ ਰਾਜ ਦੇ ਮੁਲਾਂਕਣਾਂ ਦਾ ਵਾਅਦਾ ਤਬਦੀਲੀ ਵਾਲਾ ਹੈ। ਵਿਦਿਆਰਥੀਆਂ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਅਤੇ ਡਾਟਾ-ਅਧਾਰਿਤ ਸੂਝ ਪ੍ਰਦਾਨ ਕਰਕੇ, SAS ਭਾਰਤ ਦੇ ਵਿਦਿਅਕ ਲੈਂਡਸਕੇਪ ਨੂੰ ਮੁੜ ਆਕਾਰ ਦੇ ਸਕਦਾ ਹੈ। ਜਦੋਂ NAS ਵਰਗੇ ਰਾਸ਼ਟਰੀ ਪੱਧਰ ਦੇ ਮੁਲਾਂਕਣਾਂ ਨਾਲ ਜੋੜਿਆ ਜਾਂਦਾ ਹੈ, ਤਾਂ SAS ਕੋਲ ਵਧੇਰੇ ਜਵਾਬਦੇਹ, ਬਰਾਬਰੀ ਵਾਲੀ ਸਿੱਖਿਆ ਪ੍ਰਣਾਲੀ ਬਣਾਉਣ ਦੀ ਸ਼ਕਤੀ ਹੁੰਦੀ ਹੈ। ਰਣਨੀਤਕ ਪਹੁੰਚ ਅਤੇ ਮਜ਼ਬੂਤ ਸ਼ਾਸਨ ਨਾਲ, ਭਾਰਤ ਇਹ ਯਕੀਨੀ ਬਣਾ ਸਕਦਾ ਹੈ ਕਿ ਹਰ ਵਿਦਿਆਰਥੀ ਨੂੰ ਵਧਣ-ਫੁੱਲਣ ਦਾ ਮੌਕਾ ਮਿਲੇ।

ਗਾਲੀ ਗਲੋਚ ਵਾਲੀ ਭਾਸ਼ਾ ਬਨਾਮ ਔਰਤਾਂ ਨਾਲ ਵਧੀਕੀ

ਸ਼ਮੀਲਾ ਖ਼ਾਨ

ਮੁੰਬਈ ਦੀਆਂ ਕੁੜੀਆਂ ਨੇਹਾ ਠਾਕੁਰ ਅਤੇ ਤਮੰਨਾ ਮਿਸ਼ਰਾ ਨੇ ਅਨੋਖੇ ਪ੍ਰਾਜੈਕਟ ’ਤੇ ਕੰਮ ਸ਼ੁਰੂ ਕੀਤਾ। ਗਾਲਾਂ ’ਚ ਕਿਵੇਂ ਔਰਤ ਨਿਸ਼ਾਨਾ ਬਣਦੀ ਹੈ, ਇਸ ਭਾਵ ਨੂੰ ਲੈ ਕੇ ਇਨ੍ਹਾਂ ਕੁੜੀਆਂ ਨੇ ਗਾਲਾਂ ਦਾ ਲੰਮਾ ਚੌੜਾ ਸੰਗ੍ਰਹਿ ਤਿਆਰ ਕੀਤਾ ਹੈ। ਅੱਜ ਦੇ ਦੌਰ ’ਚ ਜਦ ਔਰਤ ਆਪਣੇ ਆਪ ਨੂੰ ਪੁਰਸ਼ ਦੇ ਮੇਚ ਦਾ ਹੀ ਨਹੀਂ ਬਲਕਿ ਸਮਾਜਿਕ ਕੱਦ ਕਾਠ ’ਚ ਰਤਾ ਉੱਚਾ ਹੀ ਸਮਝਦੀ ਹੈ ਤਾਂ ਗਾਲੀ ਗਲੋਚ ਦੀ ਭਾਸ਼ਾ ’ਚ ਉਸ ਨੂੰ ਬੌਣੇਪਣ ਦਾ ਅਹਿਸਾਸ ਕਰਾਇਆ ਜਾਂਦਾ ਹੈ।

ਮੁੱਢ ਕਦੀਮ ਤੋਂ ਸਮਾਜ ’ਚ ਗਾਲਾਂ ਦੀ ਮੌਜੂਦਗੀ ਕਿਸੇ ਨਾ ਕਿਸੇ ਰੂਪ ਵਿਚ ਰਹੀ ਹੈ। ਲੋਕ ਸਾਹਿਤ ’ਚ ਪਹਿਲਾਂ ਕਦੇ ਗਾਲਾਂ ਦੀ ਹੁੱਬ ਨਹੀਂ ਪੈਂਦੀ ਸੀ। ਲੋਕ ਗੀਤਾਂ ’ਚ ਸਿੱਠਣੀਆਂ ਗਾਲਾਂ ਦਾ ਸੋਧਿਆ ਰੂਪ ਕਿਹਾ ਜਾ ਸਕਦਾ ਹੈ। ਵਿਆਹ ਸਾਹੇ ’ਤੇ ਸਿੱਠਣੀਆਂ ਮਨੋਰੰਜਨ ਵਾਲਾ ਰੰਗ ਭਰਦੀਆਂ ਸਨ ਜਿਨ੍ਹਾਂ ’ਚ ਸਮਾਜਿਕ ਸਦਭਾਵ ਭਾਰੂ ਹੁੰਦਾ ਸੀ। ਕਿਸੇ ਨੂੰ ਦੁੱਖ ਪਹੁੰਚਾਉਣ ਲਈ ਨਹੀਂ, ਅਪਣੱਤ ਦੇ ਭਾਵ ’ਚੋਂ ਹੇਕ ਲੱਗਦੀ ਸੀ। ਅਸਲ ਵਿਚ ਮਨੁੱਖ ਦੀ ਭਾਸ਼ਾ ਹੀ ਉਸ ਦਾ ਦਰਪਣ ਹੁੰਦੀ ਹੈ। ਇਸੇ ਦਰਪਣ ’ਚੋਂ ਮਨੁੱਖ ਦੀ ਮਾਨਸਿਕਤਾ ਦੀ ਅਜ਼ਮਾਇਸ਼ ਹੋ ਸਕਦੀ ਹੈ। ਇੰਝ ਕਿਉਂ ਹੁੰਦਾ ਹੈ ਕਿ ਜਦੋਂ ਦੋ ਆਦਮੀ ਆਪਸ ’ਚ ਗਾਲੀ ਗਲੋਚ ’ਤੇ ਉੱਤਰਦੇ ਹਨ ਤਾਂ ਗਾਲਾਂ ਦੀ ਭਾਸ਼ਾ ’ਚ ਫੱਟ ਔਰਤ ਦੇ ਹੀ ਲੱਗਦੇ ਨੇ? ਨਵਾਂ ਪੋਚ ਤਾਂ ਮਜ਼ੇ ਖ਼ਾਤਿਰ ਹੁਣ ਗਾਲ ?ਾਂ ਕੱਢਣ ਨੂੰ ਸਹਿਜ ਨਾਲ ਲੈਂਦਾ ਹੈ। ਗਾਲਾਂ ’ਚ ਕਿਸੇ ਦੀ ਮਾਂ, ਭੈਣ ਅਤੇ ਧੀ ਨਿਸ਼ਾਨਾ ਬਣਦੀ ਹੈ, ਉਹ ਵੀ ਬਿਨਾਂ ਕਸੂਰ ਤੋਂ। ਇੱਕ ਦੌਰ ਉਹ ਵੀ ਸੀ ਜਦੋਂ ਗਾਲਾਂ ਦੀ ਭਾਸ਼ਾ ’ਚ ਸੰਜਮ ਹੁੰਦਾ ਸੀ, ਕੋਈ ਚੋਭ ਨਹੀਂ ਸੀ ਹੁੰਦੀ। ਗਿੱਧੇ ’ਚ ਕੁੜੀਆਂ ਬੋਲੀ ਪਾਉਂਦੀਆਂ ਨੇ: ਜੈਤੋ ਦਾ ਕਿਲਾ ਟਪਾ’ ਦੂੰ ਜੇ ਕੱਢੀ ਮਾਂ ਦੀ ਗਾਲ। ਅੰਦਾਜ਼ਾ ਲਾ ਲਓ, ਕਿਸੇ ਜ਼ਮਾਨੇ ’ਚ ਔਰਤ ਦੇ ਚਰਿੱਤਰ ’ਤੇ ਉਂਗਲ ਉਠਾਉਣ ਲਈ ਕੱਢੀ ਗਾਲ ਦਾ ਖ਼ਮਿਆਜ਼ਾ ਕੀ ਹੁੰਦਾ ਸੀ। ਗਾਲਾਂ ਤੋਂ ਦਰਅਸਲ, ਕਿਸੇ ਸਮਾਜ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਦੂਜੇ ਨੂੰ ਨੀਵਾਂ ਦਿਖਾਉਣ ਅਤੇ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਗਾਲ ?ਾਂ ਦੀ ਵਰਤੋਂ ਹੁੰਦੀ ਹੈ। ਮਸਲਾ ਇਹ ਹੈ ਕਿ ਗਾਲ ? ਦੇ ਕੇਂਦਰ ਬਿੰਦੂ ’ਚ ਔਰਤ ਕਿਉਂ? ਇਹ ਗਾਲੀ ਗਲੋਚ ਜਿਸ ਦੀਆਂ ਜੜ੍ਹਾਂ ਪਿੱਤਰੀਵਾਦੀ ਸੋਚ ਨਾਲ ਜੁੜੀਆਂ ਹੋਈਆਂ ਹਨ, ਦਾ ਸਬੰਧ ਔਰਤਾਂ ਦੀ ਹੀਣ ਭਾਵਨਾ ਅਤੇ ਜ਼ੁਲਮ ਨਾਲ ਹੈ। ਸਾਡੇ ਸਮਾਜ ਵਿਚ ਔਰਤ ਨੂੰ ਘਰ ਦੀ ‘ਇੱਜ਼ਤ’ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਕੁਝ ਸੀਮਤ ਰਿਸ਼ਤਿਆਂ ਵਿਚ ਬੰਨ੍ਹ ਦਿੱਤਾ ਗਿਆ ਹੈ। ਉਹ ਮਨੁੱਖ ਹੋਣ ਦੀ ਥਾਂ ਮਾਂ, ਭੈਣ, ਧੀ, ਪਤਨੀ ਤੱਕ ਸੀਮਤ ਹੈ। ਮਰਦ ਔਰਤਾਂ ਦੇ ਚਰਿੱਤਰ ਅਤੇ ਉਨ੍ਹਾਂ ਦੇ ਸਰੀਰ ਨੂੰ ਆਪਣੀ ਜਾਇਦਾਦ ਸਮਝਦੇ ਹਨ ਜਿਸ ਨੂੰ ਸੰਭਾਲਣ ਅਤੇ ਉਸ ਅਨੁਸਾਰ ਸੁਰੱਖਿਅਤ ਕਰਨ ਦੀ ਲੋੜ ਹੈ। ਫਿਰ ਜੇ ਇਸ ਦੀ ਰਾਖੀ ਕਰਨੀ ਹੈ ਤਾਂ ਔਰਤਾਂ ਨੂੰ ਘਰ ਦੀਆਂ ਦੀਵਾਰਾਂ ਦੇ ਅੰਦਰ ਰੱਖਣ ਦੀ ਪਰੰਪਰਾ ਅਪਣਾਈ ਜਾਂਦੀ ਹੈ। ਇਹ ਸੋਚ ਇਸ ਵਿਚਾਰ ਨੂੰ ਜਨਮ ਦਿੰਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਬੇਇੱਜ਼ਤ ਜਾਂ ਤੰਗ ਕਰਨਾ ਚਾਹੁੰਦੇ ਹੋ ਤਾਂ ਉਸ ਦੇ ਘਰ ਦੀਆਂ ਔਰਤਾਂ ਨੂੰ ਗਾਲਾਂ ਕੱਢੋ ਅਤੇ ਉਨ੍ਹਾਂ ਦਾ ਅਪਮਾਨ ਕਰੋ। ਇਸੇ ਕਾਰਨ ਔਰਤਾਂ ਸ਼ੋਸ਼ਣ ਦਾ ਕੇਂਦਰ ਬਣ ਜਾਂਦੀਆਂ ਹਨ।

ਔਰਤਾਂ ਦੇ ਅਧਿਐਨ ਦੀ ਮਾਹਿਰ ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਹੈਦਰਾਬਾਦ ਦੀ ਪ੍ਰੋਫੈਸਰ ਡਾ. ਲਕਸ਼ਮੀ ਲਿੰਗਮ ਦੱਸਦੇ ਹਨ- ਇਹ ਗਾਲਾਂ ਇਹ ਜ਼ਾਹਿਰ ਕਰਦੀਆਂ ਹਨ ਕਿ ਸਾਡਾ ਸਮਾਜ ਔਰਤਾਂ ਨਾਲ ਕਿਵੇਂ ਪੇਸ਼ ਆਉਂਦਾ ਰਿਹਾ ਹੈ। ਇਹ ਗਾਲ੍ਹਾਂ ਸ਼ੋਸ਼ਣ ਕਾਇਮ ਰੱਖਣ ਵਿੱਚ ਮਦਦ ਕਰਦੀਆਂ ਹਨ ਤੇ ਇਹ ਔਰਤਾਂ ਦੇ ਸਰੀਰ, ਉਨ੍ਹਾਂ ਦੀ ਲਿੰਗਕਤਾ, ਇੱਥੋਂ ਤੱਕ ਕਿ ਉਹਨਾਂ ਦੇ ਪ੍ਰਜਨਨ ਨੂੰ ਵੀ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਮਰਦ ਆਪਣੀ ਹਉਮੈ ਨੂੰ ਦੂਸਰਿਆਂ ਨੂੰ ਗਾਲਾਂ ਕੱਢ ਕੇ ਸੰਤੁਸ਼ਟ ਕਰਦੇ ਹਨ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਔਰਤਾਂ ਵੀ ਬਿਨਾਂ ਝਿਜਕ ਆਪਣੀਆਂ ਮਾਵਾਂ-ਭੈਣਾਂ ਨੂੰ ਗਾਲਾਂ ਕੱਢਦੀਆਂ ਹਨ।



ਆਖ਼ਿਰ ਉਹ ਕਿਸ ਹਉਮੈ ਨੂੰ ਸੰਤੁਸ਼ਟ ਕਰਦੀਆਂ ਹਨ? ਅੱਜ ਦਾ ਸੋਸ਼ਲ ਮੀਡੀਆ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਿਹਾ। ਮਾੜੀ ਸ਼ਬਦਾਵਲੀ ਦੀ ਵਰਤੋਂ ਵੈਬ ਸੀਰੀਜ਼ ਵਿੱਚ ਆਮ ਹੋ ਰਹੀ ਹੈ। ਇਹਨਾਂ ਸੀਰੀਜ਼ ਵਿੱਚ ਗਾਲਾਂ ਆਸਾਨੀ ਨਾਲ ਵਰਤਾਈਆਂ ਜਾ ਰਹੀਆਂ ਹਨ। ਕੈਰੀ ਮਿਨਾਤੀ ਵਰਗੇ ਤਾਂ ਜਾਣਬੁੱਝ ਕੇ ਆਪਣੇ ਪ੍ਰੋਗਰਾਮਾਂ ਵਿਚ ਗਾਲ ?ਾਂ ਕੱਢਦੇ ਹਨ। ਫਿਰ ਅਜਿਹੇ ਵੀਡੀਓ ਵਾਇਰਲ ਵੀ ਹੋ ਜਾਂਦੇ ਹਨ। ਕੌਣ ਜਾਣਦਾ ਹੈ ਕਿ ਸੋਸ਼ਲ ਮੀਡੀਆ ’ਤੇ ਕਿੰਨੇ ਹੋਰ ਕੈਰੀ ਮਿਨਾਤੀ ਮੌਜੂਦ ਹਨ। ਸਮਝ ਨਹੀਂ ਆਉਂਦੀ, ਅਜਿਹੀਆਂ ਗਾਲਾਂ ਸੁਣ ਕੇ ਲੋਕ ਕਿਵੇਂ ਹੱਸ ਸਕਦੇ ਹਨ! ਬਹੁਤ ਸਾਰੇ ਲੋਕ ਇਸ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਗਾਲਾਂ ਵੀ ਪ੍ਰਗਟਾਵੇ ਦਾ ਮਾਧਿਅਮ ਹਨ। ‘ਮਰਦ ਨੂੰ ਦਰਦ ਨਹੀਂ’ ਅਤੇ ‘ਤੂੰ ਕੁੜੀਆਂ ਵਾਂਗ ਕਿਉਂ ਰੋ ਰਹੀ ਹੈਂ’ ਵਰਗੀਆਂ ਉਦਾਹਰਨਾਂ ਸਾਡੇ ਵਿਹਾਰ ਦਾ ਹਿੱਸਾ ਹਨ। ਜੇਕਰ ਕੋਈ ਚੀਜ਼ ਕਮਜ਼ੋਰ, ਨਰਮ ਅਤੇ ਛੋਟੀ ਹੈ ਤਾਂ ਉਹ ਇਸਤਰੀ ਲਿੰਗ ਦੀ ਸ਼ ?ਰੇਣੀ ਵਿੱਚ ਆਉਂਦੀ ਹੈ। ਹੁਣ ਤੱਕ ਰਾਸ਼ਟਰਪਤੀ, ਪ੍ਰਧਾਨ ਮੰਤਰੀ ਵਰਗੇ ਸ਼ਬਦਾਂ ਦੇ ਬਰਾਬਰ ਕੋਈ ਇਸਤਰੀ ਜਾਂ ਲਿੰਗ ਨਿਰਪੱਖ ਸ਼ਬਦ ਦੀ ਖੋਜ ਨਹੀਂ ਹੋਈ ਹੈ। ਇਹ ਤਾਂ ਭਲਾ ਹੋਵੇ ਨਾਰੀਵਾਦੀ ਲਹਿਰਾਂ ਦਾ ਜਿਨ੍ਹਾਂ ਕਰ ਕੇ ਭਾਸ਼ਾ ਕੁਝ ਹੱਦ ਤੱਕ ਬਦਲੀ ਹੈ; ਉਦਾਹਰਨ ਵਜੋਂ ਅੰਗਰੇਜ਼ੀ ਵਿੱਚ ਚੇਅਰਮੈਨ ਦੀ ਥਾਂ ਚੇਅਰਪਰਸਨ ਵਰਗੇ ਸ਼ਬਦ ਪ੍ਰਚਲਿਤ ਹੋਏ ਹਨ। ਜੇਕਰ ਅਸੀਂ ਸਮਾਜ ਵਿੱਚ ਤਬਦੀਲੀ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਭਾਸ਼ਾ ਤੋਂ ਸ਼ੁਰੂਆਤ ਕਰਨੀ ਪਵੇਗੀ। ਸਿੱਠਣੀਆਂ ਨਾਲ ਵੀ ਮਨੁੱਖ ਦਾ ਅੰਦਰਲਾ ਹਲੂਣਿਆ ਜਾ ਸਕਦਾ ਹੈ। ਜਿਵੇਂ ਜਾਤੀਗਤ ਸ਼ਬਦ ਬੋਲਣ ’ਤੇ ਪਾਬੰਦੀ ਹੈ, ਉਸੇ ਤਰ੍ਹਾਂ ਔਰਤਾਂ ਵਿਰੋਧੀ ਗਾਲਾਂ ’ਤੇ ਵੀ ਸਮਾਜਿਕ ਸੈਂਸਰਸ਼ਿਪ ਹੋਣੀ ਚਾਹੀਦੀ ਹੈ ਅਤੇ ਕਾਨੂੰਨੀ ਸ਼ਿਕੰਜਾ ਵੀ। ਲੋੜ ਹੈ, ਅਸੀਂ ਆਪਣੀ ਭਾਸ਼ਾ ਸੁਧਾਰੀਏ ਅਤੇ ਭਵਿੱਖ ਸੁਧਾਰਨ ਲਈ ਆਪਣੀ ਭੂਮਿਕਾ ਨਿਭਾਈਏ।

Dosanjh Family
AUTO GROUP

Cadillac · CHEVROLET · INFINITI · KIA · NISSAN · BUICK

GMC · LIVERMORE TOYOTA · HYUNDAI Fremont Hyundai · TOYOTA · Ford · ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD